# PUNJAB VIDHAN SABHA
## DEBATES

*Monday, the 2nd March, 2020*

*Vol. XI- No.7*

**OFFICIAL REPORT**

## CONTENTS


| | Page |
|---|---|
| Starred Questions and Answers | (7) 1 |
| Written Answer to Starred Question laid on the Table of the House under Rule 38 | (7) 37 |
| Unstarred Questions and Answers | (7) 37 |
| Matters raised during Zero Hour | (7) 45 |
| Walk out | (7) 47 |
| Matters raised during Zero Hour *(Resumption)* | (7) 47 |
| Clarification by the Minister | (7) 48 |
| Matters raised during Zero Hour *(Resumption)* | (7) 48 |
| Observation by the Speaker | (7) 55 |
| Call Attention Notices under Rule 66 | (7) 55 |
| The Punjab Legislative Assembly (Disqualification of Members on Ground of Defection) Rules, 2020, laid on the Table of the House by the Secretary | (7) 64 |
| Papers Laid/ Re-Laid on the Table of the House | (7) 65 |
| Presentation of Reports of the Committees | (7) 67 |
| Official Resolution Reg. Promotion of Punjabi Language | (7) 75 |
| General Discussion on the Budget Estimates for the year 2020-21 | (7) 96 |


---

**Punjab Vidhan Sabha Secretariat**

***Price: Rs.__________***

## ਪੰਜਾਬ ਮੰਤਰੀ ਮੰਡਲ ਦੀ ਸੂਚੀ

| ਕ੍ਰਮ ਨੰ. | ਨਾਮ | ਮਹਿਕਮਾ/ਮਹਿਕਮੇ |
|---|---|---|
| 1. | ਕੈਪਟਨ ਅਮਰਿੰਦਰ ਸਿੰਘ, ਮੁੱਖ ਮੰਤਰੀ | ਪ੍ਰਬੰਧਕੀ ਸੁਧਾਰ, ਖੇਤੀਬਾੜੀ ਅਤੇ ਕਿਸਾਨ ਭਲਾਈ, ਬਾਗਬਾਨੀ, ਭੂਮੀ ਤੇ ਜਲ ਸੰਭਾਲ, ਸ਼ਹਿਰੀ ਹਵਾਬਾਜ਼ੀ, ਰੱਖਿਆ ਸੇਵਾਵਾਂ ਭਲਾਈ, ਕਰ ਤੇ ਆਬਕਾਰੀ, ਆਮ ਪ੍ਰਸ਼ਾਸਨ, ਗ੍ਰਹਿ ਮਾਮਲੇ ਤੇ ਨਿਆਂ, ਪ੍ਰਾਹੁਣਾਚਾਰੀ, ਨਿਵੇਸ਼ ਪ੍ਰੋਤਸਾਹਨ, ਸੂਚਨਾ ਤੇ ਲੋਕ ਸੰਪਰਕ, ਕਾਨੂੰਨੀ ਤੇ ਵਿਧਾਨਕ ਮਾਮਲੇ, ਪਰਸੋਨਲ, ਵਾਤਾਵਰਣ, ਚੌਕਸੀ, ਜੰਗਲੀ ਜੀਵ, ਸਾਇੰਸ ਤੇ ਤਕਨਾਲੋਜੀ, ਸੂਚਨਾ ਤਕਨਾਲੋਜੀ, ਪ੍ਰਸ਼ਾਸਕੀ ਸੁਧਾਰ, ਊਰਜਾ, ਨਵ ਤੇ ਨਵਿਆਉਣਯੋਗ ਊਰਜਾ ਸਰੋਤ |
| | Captain Amarinder Singh, Chief Minister | Administrative Reforms, Agriculture and Farmers' Welfare, Horticulture, Conservation of Land and Water, Civil Aviation, Defence Services Welfare, Excise & Taxation, General Administration, Home Affairs and Justice, Hospitality, Investment Promotion, Information & Public Relations, Legal & Legislative Affairs, Personnel, Vigilance, Wildlife, Science & Technology and Enviorment, Governance Reforms, Information Technology and Power, New and Renewable Energy Sources |
| 2. | ਸ਼੍ਰੀ ਬ੍ਰਹਮ ਮਹਿੰਦਰਾ | ਸਥਾਨਕ ਸਰਕਾਰ, ਸੰਸਦੀ ਮਾਮਲੇ, ਚੋਣਾਂ, ਸ਼ਿਕਾਇਤ ਨਿਵਾਰਨ ਮੰਤਰੀ |
| | Shri Brahm Mohindra | Local Govt, Parliamentary Affairs, Elections, Removal of Grievances Minister |

## ਪੰਜਾਬ ਮੰਤਰੀ ਮੰਡਲ ਦੀ ਸੂਚੀ

| ਕ੍ਰਮ ਨੰ. | ਨਾਮ | ਮਹਿਕਮਾ/ਮਹਿਕਮੇ |
|---|---|---|
| 3. | ਸਰਦਾਰ ਮਨਪ੍ਰੀਤ ਸਿੰਘ ਬਾਦਲ<br>Sardar Manpreet Singh Badal | ਵਿੱਤ, ਯੋਜਨਾ, ਪ੍ਰੋਗਰਾਮ ਲਾਗੂਕਰਨ,ਮੰਤਰੀ<br>Finance, Planning, Programme Implementation Minister |
| 4. | ਸ਼੍ਰੀ ਓਮ ਪ੍ਰਕਾਸ਼ ਸੋਨੀ<br>Shri Om Parkash Soni | ਮੈਡੀਕਲ ਸਿੱਖਿਆ ਤੇ ਖੋਜ, ਅਜ਼ਾਦੀ ਘੁਲਾਟੀਏ, ਫੂਡ ਪ੍ਰਾਸੈਸਿੰਗ ਮੰਤਰੀ<br>Medical Education & Research , Freedom Fighters, Food Processing Minister |
| 5. | ਸਰਦਾਰ ਸਾਧੂ ਸਿੰਘ<br>Sardar Sadhu Singh | ਜੰਗਲਾਤ, ਛਪਾਈ ਤੇ ਲਿਖਣ ਸਮੱਗਰੀ, ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀਆਂ ਮੰਤਰੀ<br>Forests, Printing & Stationery, Social Justice, Empowerment and Minorities Minister |
| 6. | ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ<br>Sardar Tript Rajinder Singh Bajwa | ਦਿਹਾਤੀ ਵਿਕਾਸ ਤੇ ਪੰਚਾਇਤਾਂ, ਪਸ਼ੂ ਪਾਲਣ, ਡੇਅਰੀ ਵਿਕਾਸ, ਮੱਛੀ ਪਾਲਣ ਅਤੇ ਉਚੇਰੀ ਸਿੱਖਿਆ ਮੰਤਰੀ<br>Rural Development & Panchayats, Animal Husbandry, Dairy Development and Higher Education Minister |
| 7. | ਰਾਣਾ ਗੁਰਮੀਤ ਸਿੰਘ ਸੋਢੀ<br>Rana Gurmeet Singh Sodhi | ਖੇਡਾਂ ਅਤੇ ਯੁਵਕ ਮਾਮਲੇ ਅਤੇ ਪ੍ਰਵਾਸੀ ਭਾਰਤੀ ਮਾਮਲੇ ਮੰਤਰੀ<br>Sports and Youth Affairs and NRIs Affairs Minister |
| 8. | ਸਰਦਾਰ ਚਰਨਜੀਤ ਸਿੰਘ ਚੰਨੀ<br>Sardar Charanjit Singh Channi | ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਰੁਜ਼ਗਾਰ ਉਤਪਤੀ, ਸੈਰ-ਸਪਾਟਾ ਤੇ ਸਭਿਆਚਾਰਕ ਮਾਮਲੇ ਮੰਤਰੀ<br>Technical Education and Industrial Training, Employment Generation, Tourism and Cultural Affairs Minister |

## ਪੰਜਾਬ ਮੰਤਰੀ ਮੰਡਲ ਦੀ ਸੂਚੀ

| ਕ੍ਰਮ ਨੰ. | ਨਾਮ | ਮਹਿਕਮਾ/ਮਹਿਕਮੇ |
|---|---|---|
| 9. | ਸ਼੍ਰੀਮਤੀ ਅਰੁਨਾ ਚੌਧਰੀ<br>Smt. Aruna Chaudhary | ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ<br>Social Security, Women & Child Development Minister |
| 10. | ਸ਼੍ਰੀਮਤੀ ਰਜ਼ੀਆ ਸੁਲਤਾਨਾ<br>Smt. Razia Sultana | ਜਲ ਸਪਲਾਈ ਤੇ ਸੈਨੀਟੇਸ਼ਨ, ਟਰਾਂਸਪੋਰਟ ਮੰਤਰੀ<br>Water Supply & Sanitation, Transport Minister |
| 11. | ਸਰਦਾਰ ਸੁਖਜਿੰਦਰ ਸਿੰਘ ਰੰਧਾਵਾ<br>Sardar Sukhjinder Singh Randhawa | ਸਹਿਕਾਰਤਾ, ਜੇਲ੍ਹਾਂ ਮੰਤਰੀ<br>Cooperation, Jails Minister |
| 12. | ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ<br>Sardar Sukhbinder Singh Sarkaria | ਜਲ ਸਰੋਤ, ਖਾਣਾਂ ਤੇ ਭੂ-ਵਿਗਿਆਨ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ<br>Water Resources, Mining & Geology, Housing and Urban Development Minister |
| 13. | ਸਰਦਾਰ ਗੁਰਪ੍ਰੀਤ ਸਿੰਘ ਕਾਂਗੜ<br>Sardar Gurpreet Singh Kangar | ਮਾਲ, ਪੁਨਰਵਾਸ ਅਤੇ ਕੁਦਰਤੀ ਆਫਤਾਂ ਪ੍ਰਬੰਧਨ ਮੰਤਰੀ<br>Revenue, Rehabilitation and Disaster Management Minister |
| 14. | ਸਰਦਾਰ ਬਲਬੀਰ ਸਿੰਘ ਸਿੱਧੂ<br>Sardar Balbir Singh Sidhu | ਸਿਹਤ ਅਤੇ ਪਰਿਵਾਰ ਭਲਾਈ, ਕਿਰਤ ਮੰਤਰੀ<br>Health and Family Welfare, Labour Minister |
| 15. | ਸ਼੍ਰੀ ਵਿਜੈ ਇੰਦਰ ਸਿੰਗਲਾ<br>Shri Vijay Inder Singla | ਸਕੂਲ ਸਿੱਖਿਆ, ਲੋਕ ਨਿਰਮਾਣ ਮੰਤਰੀ<br>School Education, Public Works Minister |
| 16. | ਸ਼੍ਰੀ ਸੁੰਦਰ ਸ਼ਾਮ ਅਰੋੜਾ<br>Shri Sunder Sham Arora | ਉਦਯੋਗ ਤੇ ਕਮਰਸ ਮੰਤਰੀ<br>Industries & Commerce Minister |
| 17. | ਸ਼੍ਰੀ ਭਾਰਤ ਭੂਸ਼ਣ ਆਸ਼ੂ<br>Shri Bharat Bhushan Ashu | ਖੁਰਾਕ ਤੇ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ<br>Food & Civil Supplies and Consumer Affairs Minister |

**PUNJAB VIDHAN SABHA**

***Monday, the 2nd March, 2020***

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 2.00 P.M. Mr. Speaker (Rana Kanwar Pal Singh) in the Chair.*

-----

**STARRED QUESTIONS AND ANSWERS**

**ਪਿੰਡ ਮਿਹਰਬਾਨ ਦੀਆਂ ਸੀਵਰੇਜ ਦੀਆਂ ਲਾਈਨਾਂ ਠੀਕ ਕਰਨਾ**

***2717. ਸਰਦਾਰ ਸ਼ਰਨਜੀਤ ਸਿੰਘ ਢਿੱਲੋਂ:** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਮਿਹਰਬਾਨ (ਪੁਲਿਸ ਥਾਣੇ ਦੇ ਸਾਹਮਣੇ) ਵਿੱਚ ਪਬਲਿਕ ਹੈਲਥ ਵਿਭਾਗ ਵੱਲੋਂ ਪਾਏ ਗਏ ਸੀਵਰੇਜ ਦੀਆਂ ਮੇਨ ਲਾਈਨਾਂ ਪਿਛਲੇ ਛੇ ਮਹੀਨਿਆਂ ਤੋਂ ਲੀਕ ਹੋਣ ਕਾਰਨ ਸੀਵਰੇਜ ਦਾ ਗੰਦਾ ਪਾਣੀ ਬਾਹਰ ਸੜਕ ਤੇ ਨਿਕਲ ਰਿਹਾ ਹੈ; ਜੇਕਰ ਅਜਿਹਾ ਹੋਵੇ ਤਾਂ ਸਬੰਧਿਤ ਵਿਭਾਗ ਵੱਲੋਂ ਹੁਣ ਤੱਕ ਕੀ ਕਾਰਵਾਈ ਕੀਤੀ ਗਈ ਹੈ ਤੇ ਸੀਵਰੇਜ ਦੀਆਂ ਪਾਈਪਾਂ ਦੀ ਲੀਕੇਜ ਨੂੰ ਕਦੋਂ ਤੱਕ ਠੀਕ ਕਰ ਦਿੱਤਾ ਜਾਵੇਗਾ?

**ਸ਼੍ਰੀਮਤੀ ਰਜ਼ੀਆ ਸੁਲਤਾਨਾ:** ਜ਼ਿਲ੍ਹਾ ਲੁਧਿਆਣਾ ਦੇ ਪਿੰਡ ਮਿਹਰਬਾਨ ਵਿੱਚ ਪੁਲਿਸ ਥਾਣੇ ਦੇ ਸਾਹਮਣੇ ਵਿਭਾਗ ਵੱਲੋਂ ਪਾਏ ਗਏ ਸੀਵਰੇਜ ਦੇ ਮੈਨਹੋਲ ਤੋਂ ਓਵਰਫਲੋਅ ਹੋਣ ਕਾਰਨ ਗੰਦਾ ਪਾਣੀ ਬਾਹਰ ਸੜਕ ਤੇ ਨਿਕਲ ਰਿਹਾ ਸੀ ਨਾ ਕਿ ਲੀਕੇਜ ਕਾਰਨ। ਮੇਨ ਸੀਵਰੇਜ ਲਾਈਨ ਅਤੇ ਮੈਨਹੋਲ ਦੀ ਸਫਾਈ ਉਪਰੰਤ ਇਹ ਓਵਰਫਲੋਅ ਠੀਕ ਕਰ ਦਿੱਤਾ ਗਿਆ।

ਇਸ ਸਮੱਸਿਆ ਦਾ ਸਥਾਈ ਹੱਲ ਕਰਨ ਲਈ ਨਗਰ ਨਿਗਮ, ਲੁਧਿਆਣਾ ਵੱਲੋਂ ਰਾਹੋਂ ਰੋਡ ਤੇ ਸੀਵਰੇਜ ਡਿਸਪੋਜ਼ਲ ਸੰਪ ਬਣਾਇਆ ਜਾ ਰਿਹਾ ਹੈ, ਜਿਸ ਦਾ ਕੰਮ ਮਿਤੀ 31.05.2020 ਤੱਕ ਮੁਕੰਮਲ ਹੋ ਜਾਵੇਗਾ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** ਸਪੀਕਰ ਸਾਹਿਬ, ਹਾਲੇ ਤੱਕ ਕੋਈ ਕੰਮ ਨਹੀਂ ਕੀਤਾ ਗਿਆ ਹੈ। ਮੈਂ ਇਨ੍ਹਾਂ ਦੇ ਡਿਪਾਰਟਮੈਂਟ ਨੂੰ ਵਾਰ-ਵਾਰ ਕਹਿ ਕੇ ਥੱਕ ਗਿਆ ਹਾਂ। ਮੈਨੂੰ ਤਰਲੇ-ਮਿੰਨਤਾਂ ਕਰਦਿਆਂ ਨੂੰ ਛੇ ਮਹੀਨੇ ਹੋ ਗਏ ਹਨ। ਮੈਂ ਕਦੇ ਐਸ.ਈ. ਕੋਲ ਜਾਂਦਾ ਹਾਂ ਅਤੇ ਕਦੇ ਐਕਸੀਅਨ ਕੋਲ ਜਾਂਦਾ ਹਾਂ। ਤੁਸੀਂ ਉੱਥੇ ਜਾ ਕੇ ਦੇਖੋ ਜਿਵੇਂ ਛੱਪੜ ਵਿੱਚ ਪਾਣੀ ਫਿਰਦਾ ਹੈ, ਉਵੇਂ ਸੜਕ ਤੇ ਪਾਣੀ ਫਿਰਦਾ ਹੈ ਅਤੇ ਸੜਕ ਕਿਤੇ ਵੀ ਨਜ਼ਰ ਨਹੀਂ ਆਉਂਦੀ। ਮੰਤਰੀ ਸਾਹਿਬਾ ਨੇ ਕਿਵੇਂ ਕਹਿ ਦਿੱਤਾ ਕਿ

ਇਹ ਠੀਕ ਕਰ ਦਿੱਤਾ ਗਿਆ ਹੈ। ਮੰਤਰੀ ਜੀ, ਤੁਸੀਂ ਜਾ ਕੇ ਹਾਲ ਦੇਖੋ, ਉਹ ਸੜਕ ਤੁਹਾਡੇ ਵਾਲੇ ਪਾਸੇ ਜਾ ਰਹੀ ਹੈ। ਇਹ ਸੜਕ ਲੁਧਿਆਣਾ ਤੋਂ ਲੈ ਕੇ ਰਾਹੋਂ ਨੂੰ ਜਾ ਰਹੀ ਹੈ ਅਤੇ ਮੇਨ ਰੋਡ ਹੈ ਪਰ ਇਹ ਤਾਂ ਨਜ਼ਰ ਵੀ ਨਹੀਂ ਆਉਂਦੀ ਕਿਉਂਕਿ ਛੱਪੜ ਵਾਂਗ ਪਾਣੀ ਫਿਰਦਾ ਹੈ। ਕਿਰਪਾ ਕਰਕੇ ਇਸ ਨੂੰ ਕਿਸੇ ਨਾ ਕਿਸੇ ਤਰੀਕੇ ਨਾਲ ਠੀਕ ਕੀਤਾ ਜਾਵੇ।

**ਮੰਤਰੀ :** ਇਹ ਠੀਕ ਹੈ ਕਿ ਕਦੇ-ਕਦੇ ਪਾਣੀ ਓਵਰਫਲੋਅ ਕਰ ਜਾਂਦਾ ਹੈ। ਜਿਵੇਂ ਇਨ੍ਹਾਂ ਨੇ ਕਿਹਾ ਸੀ ਕਿ ਲੀਕੇਜ ਹੈ ਪਰੰਤੂ ਲੀਕੇਜ ਨਹੀਂ ਹੈ। ਨਗਰ ਨਿਗਮ, ਲੁਧਿਆਣਾ ਨੇ (sump) ਬਣਾਉਣਾ ਹੈ, ਉਨ੍ਹਾਂ ਨਾਲ ਤਾਲਮੇਲ ਕੀਤਾ ਜਾ ਰਿਹਾ ਹੈ ਤਾਂ ਜੋ ਜਲਦੀ ਤੋਂ ਜਲਦੀ (sump) ਤਿਆਰ ਹੋ ਜਾਵੇ ਅਤੇ ਜਿਹੜਾ ਪਾਣੀ ਓਵਰਫਲੋਅ ਕਰ ਰਿਹਾ ਹੈ, ਉਸ ਨੂੰ ਰੋਕਿਆ ਜਾ ਸਕੇ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** ਸਪੀਕਰ ਸਾਹਿਬ, ਇਨ੍ਹਾਂ ਦਾ ਡਿਪਾਰਟਮੈਂਟ ਮੰਤਰੀ ਸਾਹਿਬਾ ਨੂੰ ਗੁੰਮਰਾਹ ਕਰ ਰਿਹਾ ਹੈ, ਜੋ ਕਿ ਉਨ੍ਹਾਂ ਨੂੰ ਨਹੀਂ ਕਰਨਾ ਚਾਹੀਦਾ। ਰਿਐਲਟੀ ਇਹ ਹੈ ਕਿ ਇਹ ਪਾਣੀ ਓਵਰਫਲੋਅ ਨਹੀਂ ਕਰ ਰਿਹਾ, ਉਸ ਦੀ ਕਿਸੇ ਥਾਂ ਤੋਂ ਪਾਈਪ ਲੀਕ ਕਰ ਰਹੀ ਹੈ। ਮੈਂ ਇਹ ਚੈੱਕ ਵੀ ਕਰਵਾਇਆ ਹੈ, ਉਨ੍ਹਾਂ ਨੇ ਕਿਹਾ ਹੈ ਕਿ ਪਾਈਪ ਥੱਲਿਓਂ ਲੀਕ ਕਰ ਰਹੀ ਹੈ, ਅਸੀਂ ਇਸ ਨੂੰ ਪੁੱਟ ਕੇ ਠੀਕ ਕਰਾਂਗੇ। ਜੇਕਰ ਮੈਂ ਇਨ੍ਹਾਂ ਦੀ ਗੱਲ ਮੰਨ ਲਵਾਂ ਕਿ ਓਵਰਫਲੋਅ ਕਰ ਰਿਹਾ ਹੈ ਤਾਂ ਇਹ ਸਿਰਫ ਇੱਕ ਦਿਨ ਦਾ ਕੰਮ ਹੈ। ਇਹ ਇਸ ਨੂੰ ਕਿਸੇ ਤਰੀਕੇ ਨਾਲ ਠੀਕ ਕਰਵਾਉਣ। ਇਹ ਉਥੇ ਕੋਈ ਜ਼ਿੰਮੇਵਾਰ ਵਿਅਕਤੀ ਭੇਜ ਦੇਣ ਅਤੇ ਉਹ ਦੱਸ ਦੇਣ ਕਿ ਸਾਨੂੰ ਸੜਕ ਦਿਖਦੀ ਹੈ। ਉੱਥੋਂ ਲੋਕ ਕਿਵੇਂ ਜਾਣ? 20-25 ਕਿਲੋਮੀਟਰ ਦੂਰੋਂ ਲੋਕ ਜਾਂਦੇ ਹਨ ਕਿਉਂਕਿ ਸਾਰਾ ਏਰੀਆ ਬਲਾਕ ਹੋਇਆ ਪਿਆ ਹੈ। ਚਾਰੋਂ ਪਾਸੇ ਲੋਕਾਂ ਦੇ ਘਰ ਪਾਣੀ ਨਾਲ ਭਰ ਗਏ ਹਨ। ਇਹ ਇੱਕ ਦਿਨ ਦਾ ਵੀ ਕੰਮ ਨਹੀਂ ਹੈ, ਪਹਿਲੀ ਗੱਲ ਤਾਂ ਇਹ ਹੈ ਕਿ ਮਹਿਕਮੇ ਤੇ ਇਸ ਗੱਲ ਦਾ ਐਕਸ਼ਨ ਲੈਣਾ ਚਾਹੀਦਾ ਹੈ। ਜੇਕਰ ਦੋ ਦਿਨ ਦੀ ਗੱਲ ਹੋਵੇ ਜਾਂ 10 ਦਿਨ ਦੀ ਗੱਲ ਹੋਵੇ, ਛੇ ਮਹੀਨੇ ਤੋਂ ਪਾਣੀ ਉਥੇ ਖੜ੍ਹਾ ਹੈ।

**ਮਾਨਯੋਗ ਸਪੀਕਰ :** ਰਜ਼ੀਆ ਜੀ, ਇਸ ਨੂੰ ਚੈੱਕ ਕਰਵਾ ਲਓ।

**ਮੰਤਰੀ :** ਮੈਂ ਇਸ ਨੂੰ ਚੈੱਕ ਕਰਵਾ ਲੈਂਦੀ ਹਾਂ। ਇਹ ਓਵਰਫਲੋਅ ਦਾ ਕਾਰਨ ਵੀ ਬਹੁਤ ਅੱਛੇ ਤਰੀਕੇ ਨਾਲ ਜਾਣਦੇ ਹੋਣਗੇ ਅਤੇ ਇਨ੍ਹਾਂ ਨੂੰ ਪਤਾ ਹੋਵੇਗਾ ਕਿ ਓਵਰਫਲੋਅ ਕਿਸ ਕਾਰਨ ਹੁੰਦਾ ਹੈ। ਮੈਂ ਆਪਣੇ ਐਕਸੀਅਨ ਨੂੰ ਇਨ੍ਹਾਂ ਦੇ ਨਾਲ ਭੇਜ ਕੇ ਪਤਾ ਕਰਵਾ ਲਵਾਂਗੀ ਕਿ ਉਥੇ ਵਾਕਿਆ ਹੀ ਲੀਕੇਜ ਹੈ ਜਾਂ ਓਵਰਫਲੋਅ ਹੈ। ਜਦੋਂ ਇਹ ਕਹਿਣਗੇ ਉਦੋਂ ਐਕਸੀਅਨ ਇਨ੍ਹਾਂ ਕੋਲ ਹਾਜ਼ਰ ਹੋ ਜਾਣਗੇ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ:** ਸਪੀਕਰ ਸਾਹਿਬ, ਇਹ ਸਬੰਧਿਤ ਐਕਸੀਅਨ ਨੂੰ 5 ਤਰੀਕ ਨੂੰ ਮੇਰੇ ਨਾਲ ਭੇਜ ਦੇਣ। ਦੂਜਾ, ਇਹ ਕੋਈ ਵੱਡਾ ਮਸਲਾ ਨਹੀਂ ਹੈ, ਉਥੇ ਕੋਈ ਜ਼ਿਆਦਾ ਕੰਮ ਨਹੀਂ ਹੈ। ਜਿਹੜੀ ਇਨ੍ਹਾਂ ਨੇ 31.5.2020 ਦੀ ਤਰੀਕ ਦਿੱਤੀ ਹੈ, ਇਹ ਇਸ ਨੂੰ ਸੋਧ ਕੇ 31.3.2020 ਕਰ ਦੇਣ।

**ਮਾਨਯੋਗ ਸਪੀਕਰ :** ਰਜ਼ੀਆ ਜੀ, ਤੁਸੀਂ 5 ਤਰੀਕ ਨੂੰ ਐਕਸੀਅਨ ਭੇਜ ਦਿਓ।

**ਮੰਤਰੀ :** ਹਾਂ ਜੀ, ਐਕਸੀਅਨ ਸਾਹਿਬ ਤੁਹਾਡੇ ਕੋਲ ਪਹੁੰਚ ਜਾਣਗੇ। ਇਹ ਜਿਹੜਾ ਮਸਲਾ ਹੈ, ਇਹ ਨਗਰ ਨਿਗਮ, ਲੁਧਿਆਣਾ ਦਾ ਮਸਲਾ ਹੈ। ਉਨ੍ਹਾਂ ਨੇ ਸੰਪ (sump) ਬਣਾਉਣਾ ਹੈ ਅਤੇ ਅਸੀਂ ਉਨ੍ਹਾਂ ਨਾਲ ਤਾਲਮੇਲ ਕਰ ਰਹੇ ਹਾਂ। ਉਨ੍ਹਾਂ ਦੀ ਸਹਿਮਤੀ ਨਾਲ ਹੀ ਸਾਡਾ ਸੀਵਰ ਉਨ੍ਹਾਂ ਦੇ ਸੀਵਰ ਨਾਲ ਜੋੜਿਆ ਗਿਆ ਸੀ। ਉਥੇ ਪ੍ਰਾਬਲਮ ਆ ਰਹੀ ਹੈ ਅਤੇ ਅਸੀਂ ਇਸ ਦਾ ਹੱਲ ਜ਼ਰੂਰ ਕਰਾਂਗੇ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** ਸਪੀਕਰ ਸਾਹਿਬ, ਮੇਰੀ ਬੇਨਤੀ ਸੁਣੋ। ਇਹ ਗੱਲ ਬਿਲਕੁਲ ਗਲਤ ਹੋ ਰਹੀ ਹੈ। ਨਗਰ ਨਿਗਮ ਕਹਿ ਦਿੰਦਾ ਹੈ ਕਿ ਪਬਲਿਕ ਹੈਲਥ ਡਿਪਾਰਟਮੈਂਟ ਦਾ ਕੰਮ ਹੈ ਅਤੇ ਪਬਲਿਕ ਹੈਲਥ ਡਿਪਾਰਟਮੈਂਟ ਕਹਿ ਦਿੰਦਾ ਹੈ ਕਿ ਨਗਰ ਨਿਗਮ ਦਾ ਕੰਮ ਹੈ। ਇਸ ਬਾਰੇ ਫੈਸਲਾ ਹੀ ਨਹੀਂ ਹੋ ਰਿਹਾ ਕਿ ਕਿਹੜਾ ਡਿਪਾਰਟਮੈਂਟ ਠੀਕ ਕਰੇਗਾ।

**ਮੰਤਰੀ :** ਅਸੀਂ ਤਾਲਮੇਲ...

**ਮਾਨਯੋਗ ਸਪੀਕਰ :** ਰਜ਼ੀਆ ਜੀ, ਇਕ ਮਿੰਟ। ਢਿੱਲੋਂ ਸਾਹਿਬ, ਉਨ੍ਹਾਂ ਨੇ ਕਿਹਾ ਹੈ ਕਿ ਮੈਂ ਐਕਸੀਅਨ ਭੇਜ ਦਿੰਦੀ ਹਾਂ, ਤੁਸੀਂ ਵੀ ਮੌਕੇ ਤੇ ਜਾ ਕੇ ਐਕਸੀਅਨ ਨਾਲ ਲੈ ਕੇ ਮੌਕਾ ਦੇਖ ਲਓ। ਇਹ ਪਤਾ ਲੱਗ ਜਾਵੇਗਾ ਕਿ ਨਗਰ ਨਿਗਮ ਦੀ ਸ਼ਮੂਲੀਅਤ ਵਿੱਚ ਹੈ ਜਾਂ ਨਹੀਂ? ਜੇਕਰ ਨਹੀਂ ਹੋਵੇਗੀ ਤਾਂ ਤੁਹਾਨੂੰ ਪਤਾ ਲੱਗ ਜਾਵੇਗਾ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** ਮੈਂ ਵਿਸ਼ਵਾਸ ਕਰ ਲੈਂਦਾ ਹਾਂ ਅਤੇ ਦੇਖ ਲੈਂਦਾ ਹਾਂ।

**ਮਾਨਯੋਗ ਸਪੀਕਰ :** ਜਦੋਂ ਅਫਸਰ ਤੁਹਾਡੇ ਨਾਲ ਹੋਣਗੇ, ਉਨ੍ਹਾਂ ਨੂੰ ਨਾਲ ਲੈ ਕੇ ਮੌਕਾ ਦੇਖ ਲੈਣਾ।

-----

### ਦੋਰਾਹਾ (ਪਾਇਲ) ਵਿਚ ਸੀਵਰੇਜ ਦੀ ਮੁਸ਼ਕਲ ਨੂੰ ਹੱਲ ਕਰਨਾ

***2493. ਸਰਦਾਰ ਲਖਵੀਰ ਸਿੰਘ ਲੱਖਾ:** ਕੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਦੋਰਾਹਾ (ਪਾਇਲ) ਵਿਚ ਸੀਵਰੇਜ ਦੀ ਲਗਾਤਾਰ ਚੱਲ ਰਹੀ ਮੁਸ਼ਕਲ ਨੂੰ ਹੱਲ ਕਰਨ ਲਈ ਸਰਕਾਰ ਨੇ ਕਿਹੜੇ ਕਦਮ ਚੁੱਕੇ ਹਨ/ਚੁੱਕੇ ਜਾਣੇ ਪ੍ਰਸਤਾਵਿਤ ਹਨ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ:** ਹਾਂ ਜੀ, ਪੰਜਾਬ ਸਰਕਾਰ ਵੱਲੋਂ ਲਏ ਗਏ ਫੈਸਲੇ ਅਨੁਸਾਰ ਸੀਵਰ ਅਤੇ ਵਾਟਰ ਸਪਲਾਈ ਦੀਆਂ ਲਾਈਨਾਂ ਦਾ ਕੰਮ 1023.00 ਲੱਖ ਰੁਪਏ ਦੀ ਲਾਗਤ ਨਾਲ ਦੋਰਾਹਾ (ਪਾਇਲ) ਵਿਖੇ ਸਾਲ 2012 ਅਤੇ 2016 ਦੌਰਾਨ ਕਰਵਾਇਆ ਗਿਆ। ਇਨ੍ਹਾਂ ਲਾਈਨਾਂ ਦੀ ਦੇਖਭਾਲ ਦਾ ਕੰਮ ਨਗਰ ਕੌਂਸਲ, ਦੋਰਾਹਾ ਵੱਲੋਂ ਕੀਤਾ ਜਾਂਦਾ ਹੈ ਅਤੇ ਇਸ ਦੇ ਯੂਜ਼ਰ ਚਾਰਜ ਵੀ ਪਬਲਿਕ ਪਾਸੋਂ ਉਨ੍ਹਾਂ ਵੱਲੋਂ ਲਏ ਜਾਂਦੇ ਹਨ। ਤਿੰਨ ਨੰਬਰ ਸੀਵਰੇਜ ਟਰੀਟਮੈਂਟ ਪਲਾਂਟ ਗਲਾਡਾ ਵੱਲੋਂ 1506.00 ਲੱਖ ਰੁਪਏ ਦੀ ਲਾਗਤ ਨਾਲ ਸਾਲ 2015 ਵਿੱਚ ਬਣਾਏ ਗਏ ਹਨ ਅਤੇ ਇਨ੍ਹਾਂ ਨੂੰ ਨਗਰ ਕੌਂਸਲ, ਦੋਰਾਹਾ ਨੂੰ ਤਿੰਨ ਸਾਲਾਂ ਦੇ ਅੰਦਰ ਸੌਂਪਿਆ ਜਾਣਾ ਸੀ ਪ੍ਰੰਤੂ ਅਜੇ ਤੱਕ ਉਨ੍ਹਾਂ ਵੱਲੋਂ ਇਨ੍ਹਾਂ ਨੂੰ ਟੇਕਓਵਰ ਨਹੀਂ ਕੀਤਾ ਗਿਆ ਅਤੇ ਇਨ੍ਹਾਂ ਦੀ ਦੇਖਭਾਲ ਅੱਜ ਵੀ ਗਲਾਡਾ ਦੁਆਰਾ ਹੀ ਕੀਤੀ ਜਾ ਰਹੀ ਹੈ।

ਸਾਫ ਕੀਤੇ ਪਾਣੀ ਦੀ ਸੁਚਾਰੂ ਢੰਗ ਨਾਲ ਨਿਕਾਸੀ ਕਰਨ ਵਾਸਤੇ ਗਲਾਡਾ ਵੱਲੋਂ ਇੱਕ ਨਵੀਂ ਰਾਈਜਿੰਗ ਮੇਨ ਲਾਈਨ ਸੀਵਰੇਜ ਟਰੀਟਮੈਂਟ ਪਲਾਂਟ ਪਿੰਡ ਅੜੈਚਾਂ ਜ਼ੋਨ-1, ਦੋਰਾਹਾ ਵਿਖੇ ਪਾਉਣ ਦੀ ਤਜਵੀਜ਼ ਹੈ, ਜਿਸ ਤੇ 10.00 ਲੱਖ ਰੁਪਏ ਤੱਕ ਦੀ ਲਾਗਤ ਆਵੇਗੀ।

**ਸਰਦਾਰ ਲਖਵੀਰ ਸਿੰਘ ਲੱਖਾ:** ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਜੋ ਦੋਰਾਹੇ ਸ਼ਹਿਰ ਦਾ ਸੀਵਰੇਜ ਹੈ, ਇਹ ਸਾਲ 2015 ਵਿਚ ਅਕਾਲੀ ਗੌਰਮਿੰਟ ਵੇਲੇ ਪਿਆ ਸੀ ਤਾਂ ਉਸ ਦਾ ਐਸ.ਟੀ.ਪੀ. ਇੰਡਸਟਰੀਅਲ ਏਰੀਏ ਵੱਲ ਲਗਾ ਦਿੱਤਾ ਗਿਆ ਸੀ ਜਿਸ ਕਾਰਨ ਉਸ ਦਾ ਪਾਣੀ ਕਿਸਾਨਾਂ ਲਈ ਜਾਂ ਖੇਤੀ ਵਾਸਤੇ ਵਰਤੋਂ ਵਿਚ ਨਹੀਂ ਆ ਰਿਹਾ। ਉਹ ਪਾਣੀ ਓਵਰਫਲੋਅ ਹੋ ਕੇ ਬੈਕ ਆ ਜਾਂਦਾ ਹੈ ਅਤੇ ਸਾਰੇ ਸ਼ਹਿਰ ਵਿੱਚ ਪਾਣੀ ਖੜ੍ਹਦਾ ਹੈ। ਇਸ ਕਰਕੇ ਉਥੇ ਬਹੁਤ ਵੱਡੀ ਮੁਸ਼ਕਲ ਆਉਂਦੀ ਹੈ । ਮੈਂ ਕਈ ਵਾਰ ਇਸ ਮਾਮਲੇ ਸਬੰਧੀ ਗਲਾਡਾ ਅਤੇ ਸੀਵਰੇਜ ਬੋਰਡ ਨਾਲ ਮੀਟਿੰਗਾਂ ਵੀ ਕੀਤੀਆਂ ਹਨ ਪਰ ਕੋਈ ਵੇਅ-ਆਊਟ ਨਹੀਂ ਨਿਕਲਿਆ। ਸਾਡੇ ਦੋਰਾਹੇ ਸ਼ਹਿਰ ਵਿਚ 35000 ਦੀ ਅਬਾਦੀ ਹੈ ਅਤੇ 20000 ਦੀ ਵੋਟ ਹੈ। ਉੱਥੇ ਪਾਣੀ ਖੜ੍ਹਾ ਰਹਿਣ ਕਾਰਨ ਬਹੁਤ ਬਿਮਾਰੀਆਂ ਫੈਲਦੀਆਂ ਹਨ ਅਤੇ ਗਲ਼ੀਆਂ ਵਿੱਚ ਪਾਣੀ ਖੜ੍ਹਦਾ ਹੈ। ਜਦੋਂ ਬੱਚੇ ਸਕੂਲਾਂ ਨੂੰ ਜਾਂਦੇ ਹਨ ਤਾਂ ਸਕੂਲਾਂ ਦੇ ਮੂਹਰੇ ਵੀ ਪਾਣੀ ਖੜ੍ਹਾ ਹੁੰਦਾ ਹੈ। ਕਿਰਪਾ ਕਰਕੇ ਮੰਤਰੀ ਜੀ ਕਿਸੇ ਦੀ ਕੋਈ ਡਿਊਟੀ ਲਗਾਉਣ ਜਾਂ ਟਾਈਮ ਦੱਸਣ ਅਤੇ ਸਬੰਧਿਤ ਅਫ਼ਸਰਾਂ ਨੂੰ ਬੁਲਾ ਕੇ ਸਾਡੀ ਮੀਟਿੰਗ ਕਰਵਾ ਕੇ ਇਸ ਸਮੱਸਿਆ ਦਾ ਕੋਈ ਵੇਅ-ਆਊਟ ਕੱਢਿਆ ਜਾਵੇ।

**ਮੰਤਰੀ:** ਸਪੀਕਰ ਸਾਹਿਬ, ਜਿਹੜੀ ਗੱਲ ਮੈਂਬਰ ਸਾਹਿਬ ਨੇ ਕਹੀ ਹੈ, ਇਹ ਬਿਲਕੁਲ ਦਰੁਸਤ ਹੈ ਕਿ ਪਾਣੀ ਉਥੇ ਤੁਰਿਆ ਫਿਰਦਾ ਹੈ। ਵੈਸੇ ਉਥੇ ਵਾਟਰ ਟਰੀਟਮੈਂਟ ਪਲਾਂਟ ਲੱਗਿਆ ਹੋਇਆ ਹੈ ਪਰ ਉਥੇ ਪਾਣੀ ਸੜਕਾਂ ਤੇ ਰਹਿੰਦਾ ਹੈ ਕਿਉਂਕਿ ਉਹ ਅੱਗੇ ਕਿਤੇ ਮੇਨ ਪੁਆਇੰਟ ਨਾਲ ਜੁੜਿਆ ਨਹੀਂ ਹੋਇਆ ਅਤੇ ਨਾ ਹੀ ਕਿਸਾਨਾਂ ਨੂੰ ਪੈਲੀਆਂ ਵਾਸਤੇ ਪਾਣੀ ਮਿਲਦਾ ਹੈ। ਉਸ ਦੇ ਵਾਸਤੇ ਹੀ ਹੁਣ ਜਿਹੜੀ ਮੈਂ ਰਾਈਜ਼ਿੰਗ ਮੇਨ ਲਾਈਨ ਦੀ ਗੱਲ ਕੀਤੀ ਹੈ, ਇਸ ਦਾ ਐਸਟੀਮੇਟ ਬਣ ਚੁੱਕਾ ਹੈ, ਉਹ ਥੋੜ੍ਹੇ ਦਿਨਾਂ ਵਿੱਚ ਬਣ ਜਾਵੇਗਾ। ਮੈਂ ਇਨ੍ਹਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਇਹ ਸਾਰਾ ਕੰਮ ਕੰਪਲੀਟ ਕਰ ਦਿੱਤਾ ਜਾਵੇਗਾ।

**ਮਾਨਯੋਗ ਸਪੀਕਰ:** ਸਰਦਾਰ ਲਖਵੀਰ ਸਿੰਘ ਜੀ, ਹੁਣ ਤਾਂ ਟਾਈਮ ਫਰੇਮ ਦੱਸ ਦਿੱਤਾ ਹੈ, ਤਿੰਨ ਮਹੀਨੇ ਦਾ ਟਾਈਮ ਦੱਸ ਦਿੱਤਾ ਹੈ।

**ਸਰਦਾਰ ਲਖਵੀਰ ਸਿੰਘ ਲੱਖਾ:** ਸਰ, ਉਸ ਵਾਸਤੇ ਧੰਨਵਾਦ ਹੈ ਜੀ ਪਰ ਸਾਡੇ ਦੋਰਾਹੇ ਨਹਿਰ ਦੇ ਨਾਲ ਇੱਕ ਡਰੇਨ ਲੰਘਦੀ ਹੈ, ਜੇ ਮੰਤਰੀ ਸਾਹਿਬ ਜਾਂ ਲੋਕਲ ਗੌਰਮਿੰਟ ਡਿਪਾਰਟਮੈਂਟ ਦੇ ਮਨਿਸਟਰ ਸਾਹਿਬ ਪ੍ਰਵਾਨਗੀ ਦੇ ਦੇਣ ਕਿ ਅਸੀਂ ਡਰੇਨ ਵਿਚ ਪਾਣੀ ਸੁੱਟੀਏ ਤਾਂ ਦੋਰਾਹੇ ਸ਼ਹਿਰ ਦਾ ਘੱਟ ਪੈਸੇ ਨਾਲ ਵੱਧ ਫਾਇਦਾ ਹੋ ਸਕਦਾ ਹੈ। ਇਸ ਬਾਰੇ ਵੀ ਮੰਤਰੀ ਸਾਹਿਬ ਵਿਚਾਰ ਕਰ ਲੈਣ।

**ਮਾਨਯੋਗ ਸਪੀਕਰ:** ਉਹ ਇਨ੍ਹਾਂ ਦੇ ਡਿਪਾਰਟਮੈਂਟ ਦਾ ਕੰਮ ਹੈ।

**ਮੰਤਰੀ:** ਸਪੀਕਰ ਸਾਹਿਬ, ਮੈਂ ਇਸ ਬਾਰੇ ਦੱਸਿਆ ਹੈ ਜੀ । ਉਹ ਵੀ ਲਾਈਨ ਪਾ ਕੇ ਡਰੇਨ ਵਿੱਚ ਹੀ ਸੁੱਟਣਾ ਹੈ।

**ਸਰਦਾਰ ਲਖਵੀਰ ਸਿੰਘ ਲੱਖਾ:** ਧੰਨਵਾਦ ਜੀ।

---

## ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 2795

(ਸਬੰਧਿਤ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---

## ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 2799

(ਸਬੰਧਿਤ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---

## ਬਾਘਾਪੁਰਾਣਾ ਪੀ.ਐਚ.ਸੀ. ਅਤੇ ਠੱਠੀ ਭਾਈ ਸਿਵਲ ਹਸਪਤਾਲ ਵਿਖੇ ਡਾਕਟਰਾਂ ਅਤੇ ਪੈਰਾ ਮੈਡੀਕਲ ਸਟਾਫ ਦੀਆਂ ਅਸਾਮੀਆਂ

*2722. **ਸਰਦਾਰ ਦਰਸ਼ਨ ਸਿੰਘ ਬਰਾੜ:** ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਬਾਘਾਪੁਰਾਣਾ-ਪੀ.ਐਚ.ਸੀ. ਅਤੇ ਠੱਠੀ ਭਾਈ ਸਿਵਲ ਹਸਪਤਾਲ ਲਈ ਸ਼੍ਰੇਣੀਵਾਰ ਮਨਜ਼ੂਰਸ਼ੁਦਾ ਅਤੇ ਖਾਲੀ ਪਈਆਂ ਡਾਕਟਰਾਂ ਅਤੇ ਹੋਰ ਪੈਰਾਮੈਡੀਕਲ ਸਟਾਫ ਦੀਆਂ ਵੱਖ-ਵੱਖ ਅਸਾਮੀਆਂ ਦੀ ਕੁੱਲ ਗਿਣਤੀ ਕਿੰਨੀ ਹੈ?

(ਅ) ਸਰਕਾਰ ਦੁਆਰਾ ਉਪਰੋਕਤ ਵਰਣਿਤ ਅਸਾਮੀਆਂ ਨੂੰ ਭਰਨ ਲਈ ਚੁੱਕੇ ਗਏ/ਚੁੱਕੇ ਜਾਣ ਵਾਲੇ ਕਦਮ ਕੀ ਹਨ ਅਤੇ ਇਸ ਉੱਪਰ ਕਿੰਨਾ ਸਮਾਂ ਲੱਗਣ ਦੀ ਸੰਭਾਵਨਾ ਹੈ?

**ਸਰਦਾਰ ਬਲਬੀਰ ਸਿੰਘ ਸਿੱਧੂ:** ਸ਼੍ਰੀਮਾਨ ਜੀ, (ੳ) ਸੀ.ਐਚ.ਸੀ., ਬਾਘਾਪੁਰਾਣਾ (ਜ਼ਿਲ੍ਹਾ ਮੋਗਾ) ਅਤੇ ਪੀ.ਐਚ.ਸੀ. ਠੱਠੀ ਭਾਈ, ਜ਼ਿਲ੍ਹਾ ਮੋਗਾ ਵਿਖੇ ਇਸ ਸਮੇਂ ਡਾਕਟਰਾਂ ਅਤੇ ਪੈਰਾਮੈਡੀਕਲ ਸਟਾਫ ਦੀਆਂ ਮਨਜ਼ੂਰਸ਼ੁਦਾ, ਭਰੀਆਂ ਅਤੇ ਖਾਲੀ ਅਸਾਮੀਆਂ ਦੇ ਵੇਰਵੇ ਕ੍ਰਮਵਾਰ ਅਨੁਲੱਗ-1 ਅਤੇ ਅਨੁਲੱਗ-2 ਅਨੁਸਾਰ ਹਨ।

(ਅ) 175 ਮੈਡੀਕਲ ਅਫ਼ਸਰ (ਜਨਰਲ) ਦੀਆਂ ਖਾਲੀ ਅਸਾਮੀਆਂ ਨੂੰ ਭਰਨ ਲਈ ਪ੍ਰਕਿਰਿਆ ਜਾਰੀ ਹੈ। ਮੈਡੀਕਲ ਅਫ਼ਸਰ (ਸਪੈਸ਼ੇਲਿਸਟ) ਦੀ ਘਾਟ ਹੋਣ ਕਾਰਨ ਮਾਹਿਰ ਡਾਕਟਰਾਂ ਦੀ ਰੀ-ਇੰਪਲਾਇਮੈਂਟ ਅਧਾਰ ਤੇ ਭਰਤੀ ਪ੍ਰਕਿਰਿਆ ਜਾਰੀ ਹੈ ਅਤੇ 27 ਮੈਡੀਕਲ ਅਫ਼ਸਰਾਂ (ਸਪੈਸ਼ੇਲਿਸਟ) ਨੂੰ ਰੀ-ਇੰਪਲਾਈਮੈਂਟ ਅਧਾਰ ਤੇ ਜਲਦ ਹੀ ਨਿਯੁਕਤੀ ਪੱਤਰ ਜਾਰੀ ਕੀਤੇ ਜਾ ਰਹੇ ਹਨ। ਮਾਹਿਰ ਡਾਕਟਰਾਂ ਦੀਆਂ ਹੋਰ ਖਾਲੀ ਅਸਾਮੀਆਂ ਭਰਨ ਲਈ 32ਵੀਂ ਵਾਕ-ਇਨ-ਇੰਟਰਵਿਊ ਵੀ ਜਲਦੀ ਹੀ ਕੀਤੀ ਜਾਵੇਗੀ। ਇਸ ਤੋਂ ਇਲਾਵਾ ਰੇਡੀਓਗ੍ਰਾਫਰ, ਫਾਰਮੇਸੀ ਅਫ਼ਸਰ, ਐਮ.ਐਲ.ਟੀ.-2 ਅਤੇ ਮਲਟੀਪਰਪਜ਼ ਹੈਲਥ ਵਰਕਰ (ਮੇਲ) ਦੀਆਂ ਖਾਲੀ ਅਸਾਮੀਆਂ ਨੂੰ ਤਜਵੀਜ਼ਤ ਭਰਤੀ/ਆਮ ਬਦਲੀਆਂ ਉਪਰੰਤ ਜਲਦੀ ਭਰਨ ਦੇ ਉਪਰਾਲੇ ਕੀਤੇ ਜਾਣਗੇ। ਮਲਟੀਪਰਪਜ਼ ਹੈਲਥ ਸੁਪਰਵਾਈਜਰ (ਮੇਲ) ਦੀ ਖਾਲੀ ਅਸਾਮੀ ਨੂੰ ਤਜਵੀਜ਼ਤ ਤਰੱਕੀਆਂ ਦੌਰਾਨ ਭਰਨ ਦੇ ਉਪਰਾਲੇ ਕੀਤੇ ਜਾਣਗੇ।

## ਅਨੁਲੱਗ-1

ਸੀ.ਐਚ.ਸੀ., ਬਾਘਾਪੁਰਾਣਾ (ਜ਼ਿਲ੍ਹਾ ਮੋਗਾ) ਵਿਖੇ ਇਸ ਸਮੇਂ ਡਾਕਟਰਾਂ ਅਤੇ ਪੈਰਾਮੈਡੀਕਲ ਸਟਾਫ ਦੀਆਂ ਮਨਜ਼ੂਰਸ਼ੁਦਾ, ਭਰੀਆਂ ਅਤੇ ਖਾਲੀ ਅਸਾਮੀਆਂ ਦੇ ਵੇਰਵੇ ਹੇਠ ਲਿਖੇ ਅਨੁਾਰ ਹਨ:

| ਲੜੀ ਨੰ. | ਅਸਾਮੀ ਦਾ ਨਾਮ | ਮਨਜ਼ੂਰਸ਼ੁਦਾ | ਭਰੀਆਂ | ਖਾਲੀ |
|---|---|---|---|---|
| 1. | ਸੀਨੀਅਰ ਮੈਡੀਕਲ ਅਫ਼ਸਰ | 1 | 0 | 1 |
| 2. | ਮੈਡੀਕਲ ਅਫ਼ਸਰ (ਜਨਰਲ) | 2 | 2 | 0 |
| 3. | ਮੈਡੀਕਲ ਅਫ਼ਸਰ (ਸਪੈਸ਼ੇਲਿਸਟ) | 4 | 1 | 3 |
| 4. | ਨਰਸਿੰਗ ਸਿਸਟਰ | 1 | 1 | 0 |
| 5. | ਸਟਾਫ ਨਰਸ | 9 | 9 | 0 |
| 6. | ਐਮ.ਐਲ.ਟੀ 1 | 1 | 1 | 0 |
| 7. | ਰੇਡੀਓਗ੍ਰਾਫਰ | 1 | 0 | 1 |
| 8. | ਫਾਰਮੇਸੀ ਅਫ਼ਸਰ | 3 | 3 | 0 |
| 9. | ਮ.ਪ.ਹ.ਵ(ਮੇਲ) | 1 | 0 | 1 |
| 10. | ਮ.ਪੀ.ਹ.ਸੁਪ(ਮੇਲ) | 1 | 0 | 1 |

## ਅਨੁਲੱਗ-2

ਪੀ.ਐਚ.ਸੀ., ਠੱਠੀ ਭਾਈ (ਜ਼ਿਲ੍ਹਾ ਮੋਗਾ) ਵਿਖੇ ਇਸ ਸਮੇਂ ਡਾਕਟਰਾਂ ਅਤੇ ਪੈਰਾਮੈਡੀਕਲ ਸਟਾਫ ਦੀਆਂ ਮਨਜ਼ੂਰਸ਼ੁਦਾ, ਭਰੀਆਂ ਅਤੇ ਖਾਲੀ ਅਸਾਮੀਆਂ ਦੇ ਵੇਰਵੇ ਹੇਠ ਲਿਖੇ ਅਨੁਾਰ ਹਨ:

| ਲੜੀ ਨੰ. | ਅਸਾਮੀ ਦਾ ਨਾਮ | ਮਨਜ਼ੂਰਸ਼ੁਦਾ | ਭਰੀਆਂ | ਖਾਲੀ |
|---|---|---|---|---|
| 1. | ਸੀਨੀਅਰ ਮੈਡੀਕਲ ਅਫ਼ਸਰ | 1 | 1 | 0 |
| 2. | ਮੈਡੀਕਲ ਅਫ਼ਸਰ (ਜਨਰਲ) | 2 | 1 | 1 |
| 3. | ਐਮ.ਐਲ.ਟੀ. 1 | 2 | 2 | 0 |
| 4. | ਐਮ.ਐਲ.ਟੀ. 2 | 4 | 1 | 3 |
| 5. | ਚੀਫ ਫਾਰਮੇਸੀ ਅਫ਼ਸਰ | 1 | 1 | 0 |
| 6. | ਫਾਰਮੇਸੀ ਅਫ਼ਸਰ | 1 | 0 | 1 |
| 7. | ਅਪਥਾਲਮਿਕ ਅਫ਼ਸਰ | 1 | 1 | 0 |
| 8. | ਮ.ਪ.ਹ.ਵ(ਮੇਲ) | 1 | 0 | 1 |
| 9. | ਮ.ਪ.ਹ.ਵ(ਫੀਮੇਲ) | 1 | 1 | 0 |
| 10. | ਮ.ਪੀ.ਹ.ਸੁਪ(ਮੇਲ) | 1 | 1 | 0 |
| 11. | ਮ.ਪੀ.ਹ.ਸੁਪ (ਫੀਮੇਲ) | 1 | 1 | 0 |
| 12. | ਬੀ.ਈ.ਈ. | 1 | 1 | 0 |

**ਸਰਦਾਰ ਦਰਸ਼ਨ ਸਿੰਘ ਬਰਾੜ:** ਸਪੀਕਰ ਸਾਹਿਬ, ਬੇਨਤੀ ਹੈ ਕਿ ਠੱਠੀ ਭਾਈ ਪਿੰਡ ਵਿਖੇ ਪੀ.ਐਚ.ਸੀ. ਵਾਸਤੇ ਦੋ ਪਿੰਡਾਂ ਠੱਠੀ ਭਾਈ ਅਤੇ ਸੇਖੇ ਕਲਾਂ ਦੇ ਲੋਕਾਂ ਨੇ 10 ਕਿੱਲੇ ਜ਼ਮੀਨ ਦਿੱਤੀ ਸੀ। ਹੁਣ ਉਸ ਪੀ.ਐਚ.ਸੀ. ਵਿੱਚ ਇੱਕ ਵੀ ਡਾਕਟਰ ਨਹੀਂ ਹੈ ਅਤੇ ਬਿਲਡਿੰਗ ਵੀ ਖੰਡਰ ਬਣੀ ਪਈ ਹੈ। ਪਿਛਲੀ ਸਰਕਾਰ ਨੇ ਕਰੋੜ ਰੁਪਿਆ ਗਰਾਂਟ ਵਜੋਂ ਦਿੱਤਾ ਸੀ ਅਤੇ ਦੋ ਕੁ ਮਹੀਨੇ ਪਿੱਛੋਂ ਉਸ ਨੂੰ ਉਥੋਂ ਚੁੱਕ ਕੇ ਲੈ ਗਏ। ਜਿਹੜੀ 10 ਸਾਲ ਪਹਿਲਾਂ ਸਰਕਾਰ ਰਹੀ ਹੈ, ਉਸ ਦੌਰਾਨ ਉਸ ਪੀ.ਐਚ.ਸੀ. ਨੂੰ ਰਾਹ ਦੇਣ ਨੂੰ ਇੱਕ ਵੀ ਪੈਸਾ ਨਹੀਂ ਲੱਗਿਆ, ਉਸ ਦਾ ਰਾਹ ਵੀ ਕੱਚਾ ਹੀ ਹੈ, ਉਸ ਨੂੰ ਇੱਕ ਛੋਟੀ ਜਿਹੀ ਪਹੀ ਜਾਂਦੀ ਹੈ। ਉਹ ਦੋਹਾਂ ਪੰਚਾਇਤਾਂ ਦੀ 10 ਕਿੱਲੇ ਜ਼ਮੀਨ ਤੇ ਬਣਿਆ ਹੈ। ਉੱਥੇ ਕੇਵਲ ਇੱਕ ਹੀ ਡਾਕਟਰ ਹੈ, ਉਹ ਵੀ ਬਾਘਾ ਪੁਰਾਣਾ ਵਿਖੇ ਬੈਠਦਾ ਹੈ। ਮੇਰੀ ਬੇਨਤੀ ਹੈ ਕਿ ਲੋਕਾਂ ਨੇ ਖਰਚ ਕਰਕੇ, ਭਰਤ ਪਾ-ਪਾ ਕੇ ਉਹ ਬਿਲਡਿੰਗ ਬਣਾਈ ਹੈ, ਹੁਣ ਉੱਥੇ ਕੋਈ ਡਾਕਟਰ ਵੀ ਬੈਠਣਾ ਚਾਹੀਦਾ ਹੈ ਅਤੇ ਉੱਥੇ ਪੂਰਾ ਹਸਪਤਾਲ ਵੀ ਬਣਨਾ ਚਾਹੀਦਾ ਹੈ। ਮੰਤਰੀ ਸਾਹਿਬ ਕਹਿੰਦੇ ਹਨ ਕਿ ਅਸਾਮੀਆਂ ਭਰੀਆਂ ਗਈਆਂ ਹਨ ਪਰ ਮੈਂ ਦੱਸਦਾ ਹਾਂ ਕਿ ਸਾਰੀਆਂ ਅਸਾਮੀਆਂ ਖਾਲੀ ਹਨ, ਕੇਵਲ ਕਾਗਜ਼ਾਂ ਵਿੱਚ ਹੀ ਭਰੀਆਂ ਹੋਈਆਂ ਹਨ।

**ਮਾਨਯੋਗ ਸਪੀਕਰ:** ਸਵਾਲ ਪੁੱਛੋ ਜੀ, ਪੁੱਛਣਾ ਕੀ ਚਾਹੁੰਦੇ ਹੋ?

**ਸਰਦਾਰ ਦਰਸ਼ਨ ਸਿੰਘ ਬਰਾੜ:** ਮੈਂ ਪੁੱਛਦਾ ਹਾਂ ਕਿ ਮੇਰੇ ਠੱਠੀ ਭਾਈ ਸਿਵਲ ਹਸਪਤਾਲ ਵਿਚ ਡਾਕਟਰ ਪੂਰੇ ਕਰ ਦਿਓ ਤੇ ਹਸਪਤਾਲ ਵਧੀਆ ਬਣਾ ਦਿਓ, ਇਹ ਮੇਰੀ ਬੇਨਤੀ ਹੈ।

**ਮਾਨਯੋਗ ਸਪੀਕਰ:** ਸਿੱਧੂ ਸਾਹਿਬ, ਡਾਕਟਰ ਪੂਰੇ ਕਰ ਦਿਓ।

**ਮੰਤਰੀ:** ਸਪੀਕਰ ਸਾਹਿਬ, ਮੇਰਾ ਇਹ ਸਾਥੀ ਸਾਰੇ ਸਦਨ ਦਾ ਸਭ ਤੋਂ ਘੈਂਟ ਤੇ ਤਕੜਾ ਐਮ.ਐਲ.ਏ. ਹੈ। ਇਹ ਸਾਰਾ ਹਾਊਸ ਮਹਿਸੂਸ ਕਰਦਾ ਹੈ।

**ਮਾਨਯੋਗ ਸਪੀਕਰ:** ਆਪਾਂ ਸਾਰੇ ਹੀ ਮੰਨਦੇ ਹਾਂ।

**ਮੰਤਰੀ:** ਇਨ੍ਹਾਂ ਨੇ ਕਦੇ ਮੈਨੂੰ ਕਿਹਾ ਹੋਵੇ ਕਿ ਮੇਰਾ ਇਹ ਕੰਮ ਕਰ ਦਿਓ, ਮੈਂ ਤਾਂ ਇਨ੍ਹਾਂ ਨੂੰ ਕਦੇ ਕਿਸੇ ਕੰਮ ਲਈ ਜਵਾਬ ਦਿੱਤਾ ਹੀ ਨਹੀਂ।

**ਸਰਦਾਰ ਦਰਸ਼ਨ ਸਿੰਘ ਬਰਾੜ:** ਧੰਨਵਾਦ ਜੀ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ। ਉਨ੍ਹਾਂ ਨੇ ਬਿਲਕੁਲ ਸਹੀ ਗੱਲ ਕੀਤੀ ਹੈ। ਠੱਠੀ ਭਾਈ ਮੇਰੇ ਨਾਨਕੇ ਹਨ। ਇਨ੍ਹਾਂ ਨੇ ਮੇਰੇ ਨਾਨਕਿਆਂ ਦਾ ਬਹੁਤ ਖਿਆਲ ਰੱਖਿਆ ਹੈ ਕਿ ਇਹ ਸਵਾਲ ਉਠਾਇਆ ਹੈ। ਇਹ ਬਹੁਤ ਤਕੜੇ ਐਮ.ਐਲ.ਏ. ਹਨ। ਐਮ.ਐਲ.ਏ. ਸਾਹਿਬ, ਆਪਾਂ ਉਸ ਹਸਪਤਾਲ ਨੂੰ ਪਿੰਡ ਦੇ ਵਿੱਚ ਕਰਾਈਏ। ਉਹ

ਖੰਡਰਾਂ ਵਿੱਚ ਬਣਾਇਆ ਹੋਇਆ ਹੈ। ਪਿੰਡ ਢਾਈ ਕਿਲੋਮੀਟਰ ਦੂਰ ਪੈ ਜਾਂਦਾ ਹੈ, ਇਸੇ ਲਈ ਉਥੇ ਕੋਈ ਡਾਕਟਰ ਰਹਿਣ ਨੂੰ ਤਿਆਰ ਨਹੀਂ। ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਮੰਤਰੀ ਜੀ ਉਸ ਹਸਪਤਾਲ ਨੂੰ ਪਿੰਡ ਦੇ ਵਿਚ ਲਿਜਾਉਣਗੇ?

**ਮਾਨਯੋਗ ਸਪੀਕਰ:** ਹੁਣ ਤੁਸੀਂ ਨਾਨਕਿਆਂ ਦੀ ਮਦਦ ਕਰ ਰਹੇ ਹੋ। (ਹਾਸਾ)

------

## ਰੂਪਨਗਰ ਵਿੱਚ ਨਵੇਂ ਉਦਯੋਗ ਸਥਾਪਿਤ ਕਰਨਾ

***2780. ਸਰਦਾਰ ਅਮਰਜੀਤ ਸਿੰਘ ਸੰਦੋਆ:** ਕੀ ਉਦਯੋਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਰੂਪਨਗਰ ਵਿੱਚ ਨਵੇਂ ਉਦਯੋਗ ਸਥਾਪਿਤ ਕਰਨ ਦੀ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਉਨ੍ਹਾਂ ਦੇ ਵੇਰਵੇ ਕੀ ਹਨ?

**ਸ਼੍ਰੀ ਸੁੰਦਰ ਸ਼ਾਮ ਅਰੋੜਾ:** ਸ਼੍ਰੀਮਾਨ ਜੀ, ਜ਼ਿਲ੍ਹਾ ਰੂਪਨਗਰ ਵਿਖੇ ਨਵਾਂ ਸਰਕਾਰੀ ਉਦਯੋਗ ਸਥਾਪਿਤ ਕਰਨ ਦਾ ਕੋਈ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ਪਰ ਰਾਜ ਦੀ ਨਵੀਂ ਉਦਯੋਗਿਕ ਅਤੇ ਕਾਰੋਬਾਰ ਵਿਕਾਸ ਨੀਤੀ 2017 ਤਹਿਤ 15 ਉਦੱਮੀਆਂ ਨੇ ਆਪਣੇ ਨਿੱਜੀ ਉਦਯੋਗ ਜ਼ਿਲ੍ਹਾ ਰੂਪਨਗਰ ਵਿਚ ਸਥਾਪਿਤ/ਵਿਸਥਾਰ ਕਰਨ ਲਈ ਆਪਣੇ ਬਿਨੈ-ਪੱਤਰ (ਕੋਮਨ ਐਪਲੀਕੇਸ਼ਨ ਫਾਰਮ) ਇਨਵੈਸਟ ਪੰਜਾਬ ਬਿਜ਼ਨਸ ਪੋਰਟਲ ਤੇ ਜਮ੍ਹਾਂ ਕੀਤੇ ਹਨ, ਜਿਨ੍ਹਾਂ ਦਾ ਅਨੁਮਾਨਤ ਨਿਵੇਸ਼ 1632.00 ਕਰੋੜ ਰੁਪਏ ਅਤੇ ਕੁੱਲ ਤਜਵੀਜ਼ਤ ਰੁਜ਼ਗਾਰ 7455 ਹੈ।

**ਸਰਦਾਰ ਅਮਰਜੀਤ ਸਿੰਘ ਸੰਦੋਆ:** ਸਪੀਕਰ ਸਾਹਿਬ, ਇਹ ਤਾਂ ਮੰਤਰੀ ਜੀ ਨੂੰ ਪਤਾ ਹੈ ਕਿ ਪੂਰੇ ਦੇਸ਼ ਵਿੱਚ ਬੇਰੁਜ਼ਗਾਰੀ ਦੀ ਬਹੁਤ ਵੱਡੀ ਸਮੱਸਿਆ ਹੈ। ਵਿੱਤ ਮੰਤਰੀ ਜੀ ਵੀ ਕੱਲ੍ਹ ਸਾਡੇ ਹਲਕੇ ਵਿੱਚ ਜਾ ਕੇ ਆਏ ਹਨ। ਸਾਡੇ ਹਲਕੇ ਦੇ ਨਾਲ ਹੀ ਹਿਮਾਚਲ ਪ੍ਰਦੇਸ਼ ਦਾ ਨਾਲਾਗੜ੍ਹ ਇਲਾਕਾ ਲੱਗਦਾ ਹੈ, ਉਥੇ ਪੂਰੇ ਜੰਗਲ ਵਿਚ ਇੰਡਸਟਰੀ ਹੀ ਇੰਡਸਟਰੀ ਹੈ। ਮੈਂ ਵਿੱਤ ਮੰਤਰੀ ਜੀ ਨੂੰ ਵੀ ਕਈ ਵਾਰ ਬੇਨਤੀ ਕੀਤੀ ਹੈ ਕਿ ਸਾਡੇ ਹਲਕੇ ਵਿੱਚ ਇੰਡਸਟਰੀ ਲਗਾ ਦਿਓ। ਮੁੱਖ ਮੰਤਰੀ ਜੀ ਨੇ ਵੀ ਦਸੰਬਰ, 2019 ਵਿੱਚ ਮਾਸਟਰ ਪਲੈਨ ਦੀ ਪਰਪੋਜ਼ਲ ਭੇਜ ਦਿੱਤੀ ਸੀ। ਮੇਰੇ ਕੋਲ ਅਖਬਾਰ ਦੀ ਕਟਿੰਗ ਵੀ ਹੈ, ਜਿਸ ਵਿਚ ਫੋਟੋ ਵੀ ਲੱਗੀ ਹੋਈ ਹੈ। ਮੰਤਰੀ ਜੀ ਕਹਿੰਦੇ ਹਨ ਕਿ ਉਥੇ ਇੰਡਸਟਰੀ ਲਗਾਉਣ ਦੀ ਕੋਈ ਪਰਪੋਜ਼ਲ ਨਹੀਂ ਹੈ। ਮੇਰੀ ਬੇਨਤੀ ਹੈ ਕਿ ਸਾਡਾ ਇਲਾਕਾ ਬਹੁਤ ਗਰੀਬ ਹੈ, ਘੱਟ ਜ਼ਮੀਨਾਂ ਹਨ, ਸਾਡੇ ਇਲਾਕੇ ਦੇ ਲੋਕਾਂ ਕੋਲ ਮਾਲਵੇ ਵਰਗੀਆਂ ਜ਼ਮੀਨਾਂ ਨਹੀਂ ਹਨ। ਇਸ ਕਰਕੇ ਉਥੇ ਜ਼ਰੂਰ ਇੰਡਸਟਰੀ ਲਗਾਈ ਜਾਵੇ ਤਾਂ ਜੋ ਲੋਕਾਂ ਨੂੰ ਰੁਜ਼ਗਾਰ ਮਿਲ ਸਕੇ।

**ਮਾਨਯੋਗ ਸਪੀਕਰ:** ਅਰੋੜਾ ਜੀ, ਇਸ ਗੱਲ ਤੇ ਜ਼ਰੂਰ ਗੌਰ ਕਰੋ।

**ਮੰਤਰੀ:** ਠੀਕ ਹੈ ਜੀ।

**ਸਰਦਾਰ ਅਮਰਜੀਤ ਸਿੰਘ ਸੰਦੋਆ:** ਸਪੀਕਰ ਸਾਹਿਬ, ਮੇਰਾ ਇਕ ਸਵਾਲ ਹੋਰ ਹੈ ਕਿ ਜਿਹੜੀਆਂ ਉਥੇ ਪਹਿਲਾਂ ਹੀ ਅੰਬੂਜਾ ਸੀਮੰਟ ਅਤੇ ਸਵਰਾਜ ਮਾਜ਼ਦਾ ਫੈਕਟਰੀਆਂ ਲੱਗੀਆਂ ਹੋਈਆਂ ਹਨ, ਇਨ੍ਹਾਂ ਇੰਡਸਟਰੀਆਂ ਵਿੱਚ ਘੱਟੋ-ਘੱਟ ਇਹ ਐਸ਼ਿਓਰ ਕਰਵਾ ਦਿਓ ਕਿ ਉਥੋਂ ਦੇ ਸਥਾਨਕ ਲੋਕਾਂ ਨੂੰ ਰੁਜ਼ਗਾਰ ਲਈ ਇਨ੍ਹਾਂ ਫੈਕਟਰੀਆਂ ਵਿਚ 80 ਫੀਸਦੀ ਪਹਿਲ ਦਿੱਤੀ ਜਾਵੇ। ਇਨ੍ਹਾਂ ਇੰਡਸਟਰੀਆਂ ਕਾਰਨ ਬਿਮਾਰੀਆਂ ਸਾਡੇ ਲੋਕ ਜਰਦੇ ਹਨ, ਅੰਬੂਜਾ ਫੈਕਟਰੀ ਨਾਲ ਲੋਕਾਂ ਨੂੰ ਕੈਂਸਰ ਹੋ ਰਿਹਾ ਹੈ, ਦਮੇ ਦਾ ਰੋਗ ਹੁੰਦਾ ਹੈ। ਜ਼ਮੀਨ ਸਾਡੇ ਲੋਕਾਂ ਦੀ ਹੈ ਪਰ ਕੰਮ ਉਥੇ ਬਾਹਰਲੇ ਲੋਕ ਕਰਦੇ ਹਨ। ਸੋ, ਇਹ ਉਪਰਾਲਾ ਕਰ ਦਿਓ ਕਿ ਉਨ੍ਹਾਂ ਫੈਕਟਰੀਆਂ ਵਿੱਚ 80 ਫੀਸਦੀ ਸਥਾਨਕ ਲੋਕਾਂ ਨੂੰ ਪਹਿਲ ਦਿੱਤੀ ਜਾਵੇ। ਉਥੇ ਟਰਾਂਸਪੋਰਟ ਵੀ ਬਾਹਰਲੀ ਹੀ ਚਲਦੀ ਹੈ। ਸੋ, ਲੋਕਲ ਲੋਕਾਂ ਨੂੰ ਰੁਜ਼ਗਾਰ ਦੇਣਾ ਯਕੀਨੀ ਬਣਾਇਆ ਜਾਵੇ।

**ਮਾਨਯੋਗ ਸਪੀਕਰ:** ਮੰਤਰੀ ਜੀ, ਲੋਕਲ ਲੋਕਾਂ ਨੂੰ ਰੁਜ਼ਗਾਰ ਲਈ ਪਹਿਲ ਮਿਲੇ।

**ਮੰਤਰੀ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਇਹ ਮੈਨੂੰ ਮਿਲੇ ਸੀ ਅਤੇ ਮੈਂ ਇੰਡਸਟਰੀ ਵਾਲਿਆਂ ਨੂੰ ਬੁਲਾਇਆ ਹੈ। ਮੈਂ ਉਨ੍ਹਾਂ ਨੂੰ ਬੁਲਾ ਕੇ ਇਨ੍ਹਾਂ ਦੀ ਆਹਮਣੇ-ਸਾਹਮਣੇ ਗੱਲ ਕਰਵਾ ਦਿਆਂਗਾ ਔਰ ਜਿਹੜੀ ਇਨ੍ਹਾਂ ਨੇ ਬਾਹਰੋਂ ਇੰਪਲਾਈਜ਼ ਰੱਖਣ ਦੀ ਗੱਲ ਕੀਤੀ ਹੈ, ਮੈਂ ਇਹ ਸਾਰੀ ਗੱਲ ਮੁੱਖ ਮੰਤਰੀ ਜੀ ਦੇ ਧਿਆਨ ਵਿਚ ਲਿਆ ਦਿੱਤੀ ਹੈ, ਇਸ ਤੇ ਜਲਦੀ ਹੀ ਕੋਈ ਕਾਰਵਾਈ ਕੀਤੀ ਜਾਵੇਗੀ।

**ਮਾਨਯੋਗ ਸਪੀਕਰ:** ਧੰਨਵਾਦ ਜੀ, ਅਗਲਾ ਸਵਾਲ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਸਪੀਕਰ ਸਾਹਿਬ, ਮੈਂ ਇਸੇ ਸਵਾਲ ਤੇ ਸਪਲੀਮੈਂਟਰੀ ਕਰਨੀ ਹੈ।

**ਮਾਨਯੋਗ ਸਪੀਕਰ:** ਤੁਸੀਂ ਆਪਣਾ ਸਵਾਲ ਪੁੱਛੋ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਸਰ, ਹਾਲੇ ਦੋ ਸਪਲੀਮੈਂਟਰੀਆਂ ਹੋਈਆਂ ਹਨ। ਮੇਰੀ ਗੱਲ ਇੰਪਾਰਟਮੈਂਟ ਹੈ।

**ਮਾਨਯੋਗ ਸਪੀਕਰ:** ਮੈਂ ਕਿਹਾ ਹੈ ਕਿ ਤੁਸੀਂ ਆਪਣਾ ਸਵਾਲ ਪੁੱਛੋ। ਮੈਂ ਸਾਰੇ ਸਵਾਲ ਟੇਕ-ਅੱਪ ਕਰਨੇ ਹੁੰਦੇ ਹਨ। ਮਾਨਯੋਗ ਮੈਂਬਰਜ਼ ਨੇ ਪਰਸੋਂ ਇਸ ਗੱਲ ਦਾ ਗਿਲਾ ਕੀਤਾ ਸੀ। ਸਾਰੇ ਹੀ ਪ੍ਰਸ਼ਨ ਇੰਪਾਰਟੈਂਟ ਹਨ, ਤੁਸੀਂ ਆਪਣਾ ਸਵਾਲ ਕਰੋ।

---

## ਕਿਸਾਨਾਂ ਦੀ ਫਸਲ ਦੇ ਹੋਏ ਨੁਕਸਾਨ ਦੀ ਭਰਪਾਈ ਕਰਨਾ

***2453. ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਦੇ ਜਿਹੜੇ ਕਿਸਾਨਾਂ ਦੀ ਪਰਾਲੀ ਖੇਤ ਵਿੱਚ ਵਾਹੁਣ ਕਾਰਨ ਖੇਤ ਵਿੱਚ ਪੈਦਾ ਹੋਈ ਸੁੰਡੀ ਨੇ ਅਗਲੀ ਫਸਲ ਦਾ ਨੁਕਸਾਨ ਕਰ ਦਿੱਤਾ ਹੈ, ਉਨ੍ਹਾਂ ਕਿਸਾਨਾਂ ਦੀ ਫਸਲ ਦੇ ਹੋਏ ਨੁਕਸਾਨ ਦੀ ਭਰਪਾਈ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ) :** ਨਹੀਂ ਜੀ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਸਪੀਕਰ ਸਾਹਿਬ, ਵਿੱਤ ਮੰਤਰੀ ਜੀ ਨੇ ਮੁੱਖ ਮੰਤਰੀ ਜੀ ਵੱਲੋਂ ਭੇਜਿਆ ਜਵਾਬ ਜਿਹੜਾ 'ਨਹੀਂ ਜੀ' ਵਿੱਚ ਦਿੱਤਾ ਹੈ, ਉਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ NGT ਨੇ ਪੰਜਾਬ ਸਰਕਾਰ ਨੂੰ ਪਰਾਲੀ ਨੂੰ ਅੱਗ ਲਾਉਣ ਤੋਂ ਬਦਲਵੇਂ ਪ੍ਰਬੰਧ ਕਰਨ ਵਾਸਤੇ ਹਦਾਇਤਾਂ ਕੀਤੀਆਂ ਸਨ ਅਤੇ ਜਦੋਂ ਪਾਣੀ ਦੀ ਗੱਲ ਆਉਂਦੀ ਹੈ ਤਾਂ ਪੰਜਾਬ ਸਰਕਾਰ ਕਿਸਾਨਾਂ ਨੂੰ ਸੁਨੇਹਾ ਦਿੰਦੀ ਹੈ ਕਿ ਪਾਣੀ ਨੂੰ ਇਸ ਤਰੀਕੇ ਨਾਲ ਸਾਂਭੋ, ਉਸ ਤਰੀਕੇ ਨਾਲ ਸਾਂਭੋ। ਜਦੋਂ ਪਰਾਲੀ ਦੀ ਗੱਲ ਆਉਂਦੀ ਹੈ, ਫਿਰ ਇਸ ਤਰ੍ਹਾਂ ਕਰੋ, ਉਸ ਤਰ੍ਹਾਂ ਕਰੋ ਦੀ ਗੱਲ ਆਉਂਦੀ ਹੈ। ਕੀ ਪੰਜਾਬ ਸਰਕਾਰ ਆਪਣੀ ਜ਼ਿੰਮੇਵਾਰੀ ਨਿਭਾ ਰਹੀ ਹੈ? ਇਹ ਹਦਾਇਤਾਂ ਪੰਜਾਬ ਸਰਕਾਰ ਤੋਂ ਆਈਆਂ ਸਨ ਅਤੇ ਜਿਨ੍ਹਾਂ ਨੇ ਪਰਾਲੀ ਨੂੰ ਬਿਨਾਂ ਅੱਗ ਲਗਾਏ ਕਣਕ ਬੀਜੀ ਸੀ, ਉਸ ਕਣਕ ਨੂੰ ਸੁੰਡੀ ਲੱਗ ਚੁੱਕੀ ਸੀ। ਖੇਤ ਨੂੰ ਦੁਬਾਰਾ ਵਾਹੁਣ ਦਾ ਸਮਾਂ ਲੰਘ ਚੁੱਕਿਆ ਸੀ। ਅੱਜ ਉਹ ਖੇਤ ਖਾਲੀ ਪਏ ਹਨ। 10 ਹਜ਼ਾਰ ਰੁਪਿਆ ਪ੍ਰਤੀ ਏਕੜ ਉਸ ਕਣਕ ਦੀ ਬਿਜਾਈ ਦੇ ਉੱਪਰ DAP ਪੈ ਚੁੱਕੀ ਸੀ, ਸਭ ਕੁਝ ਹੋ ਚੁੱਕਿਆ ਸੀ ਮਤਲਬ ਖਰਚਾ ਹੋ ਚੁੱਕਿਆ ਸੀ। ਮੈਂ ਵਿੱਤ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਇੰਨੀ ਵੱਡੀ ਰਾਸ਼ੀ ਕਿਸਾਨ ਝੱਲ ਨਹੀਂ ਸਕਦੇ। ਦੂਜੀ ਗੱਲ ਇਹ ਹੈ ਕਿ ਜੇ ਆਪਾਂ ਇਨ੍ਹਾਂ ਨੂੰ ਮੁਆਵਜ਼ਾ ਦਿਆਂਗੇ ਤਾਂ ਹੀ ਕਿਸਾਨ ਉਤਸ਼ਾਹਿਤ ਹੋਵੇਗਾ। ਅਗਲੀ ਵਾਰ ਉਹ ਤਾਂ ਹੀ ਬਿਨਾਂ ਪਰਾਲੀ ਨੂੰ ਅੱਗ ਲਗਾਇਆਂ ਕਣਕ ਬੀਜੇਗਾ। ਜਿਸ ਦੀ ਕਣਕ ਖਰਾਬ ਹੋ ਗਈ ਉਹ ਇਸ ਤਰ੍ਹਾਂ ਅਗਲੀ ਵਾਰ ਨਹੀਂ ਕਰੇਗਾ। ਸੋ, ਮੈਂ ਬੇਨਤੀ ਕਰਦਾ ਹਾਂ ਕਿ ਇਸ ਗੱਲ ਤੇ ਗੌਰ ਕਰੋ ਅਤੇ ਜਿਹੜਾ 10 ਹਜ਼ਾਰ ਰੁਪਿਆ ਘੱਟੋ-ਘੱਟ ਮੁਆਵਜ਼ਾ ਕਿਸਾਨ ਨੂੰ ਦੇਣਾ ਚਾਹੀਦਾ ਹੈ ਉਸ ਤੇ ਵਿਚਾਰ ਕਰਨ ਦੀ ਅਤਿਅੰਤ ਲੋੜ ਹੈ। ਸਵਾਲ ਇਹੀ ਹੈ ਕਿ ਕੀ ਵਿੱਤ ਮੰਤਰੀ ਜੀ ਇਹ ਨਹੀਂ ਮੰਨਦੇ ਕਿ 10 ਹਜ਼ਾਰ ਰੁਪਿਆ ਕਿਸਾਨ ਦਾ ਖਰਚਾ ਹੋਇਆ, ਨੁਕਸਾਨ ਹੋਇਆ ਅਤੇ ਇਹ ਨੁਕਸਾਨ ਪੰਜਾਬ ਸਰਕਾਰ ਦੀਆਂ ਹਦਾਇਤਾਂ ਕਾਰਨ ਹੋਇਆ ਹੈ ਕਿ ਪਰਾਲੀ ਨੂੰ ਅੱਗ ਨਾ ਲਗਾਈ ਜਾਵੇ।

**ਵਿੱਤ ਮੰਤਰੀ:** ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮਾਨਯੋਗ ਮੈਂਬਰ ਸਾਹਿਬ ਨੂੰ ਇਤਲਾਹ ਦਿੰਦਾ ਹਾਂ ਕਿ ਪੰਜਾਬ ਦੇ ਵਿੱਚ ਤਕਰੀਬਨ ਇੱਕ ਕਰੋੜ ਏਕੜ ਟੋਟਲ ਜ਼ਮੀਨ ਹੈ ਜਿਸ ਦੇ ਵਿੱਚੋਂ ਸਾਢੇ 87 ਲੱਖ ਕਿੱਲੇ ਦੇ ਵਿੱਚ ਕਣਕ ਦੀ ਕਾਸ਼ਤ ਹੁੰਦੀ ਹੈ। ਜਿਹੜਾ ਮੈਂਬਰ ਸਾਹਿਬ ਨੇ ਸਵਾਲ ਕੀਤਾ ਹੈ ਕਿ ਕਣਕ ਨੂੰ ਸੁੰਡੀ ਪੈ ਗਈ, ਇਸ ਨੂੰ ਅੰਗਰੇਜ਼ੀ ਵਿੱਚ Pink bollworm and Fall armyworm ਕਹਿੰਦੇ ਹਨ। ਇਨ੍ਹਾਂ ਦੋ ਸੁੰਡੀਆਂ ਨੇ ਹਮਲਾ ਕੀਤਾ ਹੈ। ਸਾਢੇ 87 ਲੱਖ ਏਕੜ ਵਿੱਚੋਂ ਸਿਰਫ 1250 ਏਕੜ ਜ਼ਮੀਨ ਵਿੱਚ ਇਸ ਸੁੰਡੀ ਦਾ ਅਟੈਕ ਹੋਇਆ ਹੈ। ਇਹ ਕੇਵਲ ਉਸ ਕਣਕ ਤੇ ਨਹੀਂ ਪਈ ਸੀ ਜਿੱਥੇ ਬਿਜਾਈ ਤੋਂ ਪਹਿਲਾਂ ਅੱਗ ਨਹੀਂ ਲੱਗੀ ਸੀ। ਦੋਨਾਂ ਤਰ੍ਹਾਂ ਦੀਆਂ ਜ਼ਮੀਨਾਂ ਤੇ ਇਨ੍ਹਾਂ ਸੁੰਡੀਆਂ ਦਾ ਅਟੈਕ ਹੋਇਆ, ਮਤਲਬ ਜਿੱਥੇ ਪਰਾਲੀ ਨੂੰ ਅੱਗ ਲੱਗੀ ਸੀ ਅਤੇ ਜਿੱਥੇ ਨਹੀਂ ਲੱਗੀ ਸੀ। ਸਾਡਾ ਮਹਿਕਮਾ ਉਥੇ ਪਹੁੰਚਿਆ ਕਿਉਂਕਿ ਸੁੰਡੀ ਉਥੇ ਆ ਗਈ ਸੀ। ਤਕਰੀਬਨ-ਤਕਰੀਬਨ ਸਾਰੀ ਉਥੇ ਸਪਰੇਅ ਹੋ ਚੁੱਕੀ ਹੈ ਅਤੇ ਉਹ ਕੰਟ੍ਰੋਲ ਹੋ ਗਿਆ। ਪੂਰੇ ਪੰਜਾਬ ਵਿੱਚ ਸਾਢੇ 87 ਲੱਖ ਏਕੜ ਵਿੱਚੋਂ 200 ਏਕੜ ਇਸ ਤਰ੍ਹਾਂ ਦਾ ਸੀ ਜਿਥੇ ਕਿਸਾਨਾਂ ਨੇ ਬਗੈਰ ਮਹਿਕਮੇ ਦੀ ਰਾਏ ਲਏ ਆਪਣੀ ਜ਼ਮੀਨ ਵਿੱਚ ਬੀਜੀ ਫਸਲ ਪੁੱਟ ਕੇ ਨਵੇਂ ਸਿਰਿਓਂ ਲਗਾ ਦਿੱਤੀ। ਸਪੀਕਰ ਸਾਹਿਬ, ਤੁਹਾਡੀ ਮਾਰਫਤ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਖੁਦ ਖੇਤੀ ਕਰਦਾ ਹਾਂ, 10 ਹਜ਼ਾਰ ਰੁਪਿਆ ਇਹ ਕਹਿ ਰਹੇ ਹਨ, ਕਣਕ ਦਾ ਬੀਜ ਇੱਕ ਕਿੱਲੇ ਵਿੱਚ ਇੱਕ ਮਣ ਪੈਂਦਾ ਹੈ ਤੇ ਜਿਹੜੀ DAP ਹੁੰਦੀ ਹੈ, ਉਹ ਵਿੱਚੇ ਰਹਿ ਜਾਂਦੀ ਹੈ, DAP ਨੂੰ ਕੁਝ ਨਹੀਂ ਹੁੰਦਾ। ਜਿਹੜੀ ਇਹ 10 ਹਜ਼ਾਰ ਰੁਪਿਆਂ ਦੀ ਗੱਲ ਕਰ ਰਹੇ ਹਨ, ਜਦੋਂ ਕੋਈ natural calamity ਆਉਂਦੀ ਹੈ, ਉਸ ਵਿੱਚ ਸਰਕਾਰ compensation ਦੇ ਦਿੰਦੀ ਹੈ। ਸਪੀਕਰ ਸਾਹਿਬ, ਉਨ੍ਹਾਂ ਖੇਤਾਂ ਦੇ ਵਿੱਚੋਂ ਇਹ ਸ਼ਿਕਾਇਤ ਆਈ ਹੈ ਜਿਥੇ PAU ਜਾਂ ਮਹਿਕਮੇ ਦੇ ਬਿਨਾਂ ਰਿਕੁਮੈਂਡੇਸ਼ਨ ਤੋਂ ਝੋਨੇ ਦਾ ਬੀਜ (ਜਿਹੜਾ ਮਨਜ਼ੂਰਸ਼ੁਦਾ ਨਹੀਂ ਸੀ) ਬੀਜਿਆ ਗਿਆ ਸੀ, ਉਥੇ ਸੁੰਡੀ ਦੀ ਸ਼ਿਕਾਇਤ ਆਈ ਹੈ। ਸਪੀਕਰ ਸਾਹਿਬ, ਇਸ ਲਈ ਮੈਂ ਮਾਜ਼ਰਤ-ਗੋ ਹਾਂ ਕਿ ਜਿਹੜਾ ਅਸੀਂ ਇਸ 200 ਏਕੜ ਜ਼ਮੀਨ ਲਈ compensation ਨਹੀਂ ਦੇ ਸਕੇ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਸਪੀਕਰ ਸਾਹਿਬ, ਮੈਂ ਪੂਰੇ ਜ਼ਿਲ੍ਹੇ ਪਟਿਆਲੇ ਦੀ ਗੱਲ ਨਹੀਂ ਕਰਦਾ ਹਾਂ, ਮੈਂ ਆਪਣੇ ਹਲਕੇ ਸਨੌਰ ਦੇ 200 ਏਕੜ ਦੇ ਕਰੀਬ ਜ਼ਮੀਨ ਦੀ ਗੱਲ ਕਰਦਾ ਹਾਂ। ਜੇ ਗੌਰਮਿੰਟ ਕੋਲ inputs ਹੀ ਗਲਤ ਹੋਣਗੀਆਂ, naturally ਸਰਕਾਰ ਇਸ ਦਿਸ਼ਾ ਵੱਲ ਸਹੀ ਫੈਸਲੇ ਕਿਸ ਤਰ੍ਹਾਂ ਲਏਗੀ? ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਵਿੱਤ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਭਾਵੇਂ ਹਾਊਸ ਦੀ ਹੀ ਕੋਈ ਕਮੇਟੀ ਬਣਾ ਦਿਓ। ਮੈਂ ਇਕੱਲੇ ਆਪਣੇ ਵਿਧਾਨ ਸਭਾ ਹਲਕੇ ਸਨੌਰ ਦੇ ਵਿੱਚ 200 ਏਕੜ

ਹੀ ਦਿਖਾ ਸਕਦਾ ਹਾਂ। ਜਿਨ੍ਹਾਂ ਨੇ ਵੀ ਤੁਹਾਨੂੰ inputs ਦਿੱਤੀਆਂ ਹਨ, ਇਹ ਗਲਤ ਹਨ। ਦੂਜੀ ਗੱਲ, ਜਿਨ੍ਹਾਂ ਦੇ ਖੇਤ ਹੀ ਖਾਲੀ ਰਹਿ ਗਏ, ਉਨ੍ਹਾਂ ਨੇ DAP ਦਾ ਹੁਣ ਕੀ ਕਰਨਾ ਹੈ? ਉਹ ਕਿਸਾਨ ਹੁਣ ਹੋਰ ਫਸਲਾਂ ਉਗਾਉਣ ਵਾਸਤੇ ਮਜਬੂਰ ਹੋਏ ਪਏ ਹਨ। ਮੈਂ ਬੇਨਤੀ ਕਰਦਾ ਹਾਂ ਕਿ ਸਰਕਾਰ ਕੋਲ ਇਹ ਜਿਹੜੇ ਅੰਕੜੇ ਹਨ, ਘੱਟੋ-ਘੱਟ ਮੇਰੇ ਖਿਆਲ ਵਿੱਚ ਦੋ ਢਾਈ ਹਜ਼ਾਰ ਏਕੜ ਤਾਂ ਇਕੱਲੇ ਜ਼ਿਲ੍ਹਾ ਪਟਿਆਲਾ ਦੇ ਹੀ ਹਨ। ਸਾਰੇ ਐਮ.ਐਲ.ਏਜ਼ ਬੈਠੇ ਹਨ, ਇਨ੍ਹਾਂ ਨੂੰ ਪੁੱਛੋ। ਖਾਸ ਤੌਰ ਤੇ ਸੰਗਰੂਰ, ਪਟਿਆਲਾ, ਫਤਹਿਗੜ੍ਹ ਸਾਹਿਬ ਦੀ ਬੈਲਟ ਵਿੱਚ, ਬਰਨਾਲਾ ਦੀ ਬੈਲਟ ਵਿੱਚ ਇਹ ਬਹੁਤ ਵੱਡੀ ਲਪੇਟ ਵਿੱਚ ਹਨ। ਕਿਸਾਨ ਨੇ ਪਰਾਲੀ ਨੂੰ ਅੱਗ ਸਰਕਾਰ ਦੇ ਕਹਿਣ ਤੇ ਨਹੀਂ ਲਗਾਈ। ਅਸੀਂ ਕੋਈ ਬਦਲਵੇਂ ਪ੍ਰਬੰਧ ਨਹੀਂ ਕਰ ਸਕੇ। ਉਨ੍ਹਾਂ ਦੀ ਮਜਬੂਰੀ ਹੈ।

**ਮਾਨਯੋਗ ਸਪੀਕਰ :** ਤੁਹਾਡਾ ਸਵਾਲ ਆ ਗਿਆ ਹੈ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਰ, ਕੋਈ ਜਵਾਬ ਨਹੀਂ ਆਇਆ। ਨਹੀਂ ਜੀ' ਕੋਈ ਜਵਾਬ ਨਹੀਂ ਹੁੰਦਾ। ਮੈਂ ਇਹ ਬੇਨਤੀ ਕੀਤੀ ਹੈ ਕਿ 10 ਹਜ਼ਾਰ ਪ੍ਰਤੀ ਏਕੜ ਖਰਚਾ ਆਇਆ ਹੈ। ਕੀ ਸਰਕਾਰ ਉਨ੍ਹਾਂ ਦਾ ਮੁਆਵਜ਼ਾ ਦੇਵੇਗੀ ਜਾਂ ਨਹੀਂ ਦੇਵੇਗੀ? ਜਿਹੜਾ 'ਨਾਂਹ ਜੀ' ਦਾ ਜਵਾਬ ਆਇਆ ਹੈ, ਮੈਂ ਸਮਝਦਾ ਹਾਂ ਕਿ ਅਸੀਂ ਕਿਸਾਨੀ ਦੀ ਗੱਲ ਕਰਦੇ ਹਾਂ, ਸਾਨੂੰ ਆਪਣੀ ਜ਼ਿੰਮੇਵਾਰੀ ਵੀ ਦੱਸਣੀ ਚਾਹੀਦੀ ਹੈ ਕਿ ਇਸ ਇਸ਼ੂ ਤੇ ਅਸੀਂ ਕਿੱਥੇ ਜ਼ਿੰਮੇਵਾਰੀ ਨਿਭਾਅ ਰਹੇ ਹਾਂ? ਕਣਕ ਖਰਾਬ ਪਈ ਹੈ, 10 ਹਜ਼ਾਰ ਪ੍ਰਤੀ ਏਕੜ ਖਰਚਾ ਆਇਆ ਹੋਇਆ ਹੈ। ਇਹ ਗੋਲਮੋਲ ਜਵਾਬ ਦਿੰਦੇ ਹਨ। ਢਾਈ ਸੌ ਏਕੜ ਦੇ ਅੰਕੜੇ ਦਾ ਸਰਕਾਰ ਕੋਲ ਫੀਡਬੈਕ ਹੈ। ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਸਪੀਕਰ ਦੇ ਤੌਰ ਤੇ ਇਨ੍ਹਾਂ ਅੰਕੜਿਆਂ ਦੀ ਵੈਰੀਫਿਕੇਸ਼ਨ ਕਰਵਾਈ ਜਾਵੇ।

**ਮਾਨਯੋਗ ਸਪੀਕਰ :** ਅੰਕੜੇ ਵੈਰੀਫਾਈ ਕਰਵਾ ਲਉ, ਵਜ਼ੀਰ ਸਾਹਿਬ। ਅੰਕੜੇ ਵੈਰੀਫਾਈ ਕਰਵਾ ਲਉ।

**ਵਿੱਤ ਮੰਤਰੀ :** ਬਹੁਤ ਅੱਛਾ, ਸਰ।

**ਸ਼੍ਰੀ ਬੁੱਧ ਰਾਮ :** ਧੰਨਵਾਦ ਸਪੀਕਰ ਸਾਹਿਬ, ਪਿਛਲੇ 2 ਸਾਲਾਂ ਤੋਂ ਜਿਹੜੀਆਂ ਅਪ੍ਰੈਲ ਅਤੇ ਮਈ ਵਿੱਚ ਕਣਕਾਂ ਦੇ ਨਾੜ ਨੂੰ ਅੱਗ ਲੱਗ ਜਾਂਦੀ ਸੀ, ਉਸ ਦਾ ਪੰਜਾਬ ਸਰਕਾਰ ਨੇ ਕਿਸਾਨਾਂ ਨੂੰ ਮੁਆਵਜ਼ਾ ਦਿੱਤਾ ਸੀ। ਕੁਦਰਤੀ ਜਾਂ ਕਰੰਟ ਲੱਗ ਜਾਣ ਕਾਰਨ ਅੱਗ ਲੱਗ ਜਾਂਦੀ ਸੀ। ਇਸ ਸਾਲ ਜਿਹੜਾ 2019 ਦਾ ਸਾਲ ਲੰਘ ਗਿਆ ਹੈ, ਇਸ ਵਿੱਚ ਮੇਰੇ ਹਲਕੇ ਦੇ 9 ਪਿੰਡਾਂ ਵਿੱਚ ਅੱਗ ਲੱਗ ਗਈ ਸੀ, ਕਿਰਪਾ ਕਰਕੇ ਇਨ੍ਹਾਂ ਨੂੰ ਮੁਆਵਜ਼ਾ ਦਿਉ। ਪਹਿਲਾਂ ਸਰਕਾਰ ਅਗਸਤ ਤੱਕ ਮੁਆਵਜ਼ਾ ਦੇ ਦਿੰਦੀ ਸੀ। ਕੀ ਇਸ ਵਾਰ ਤੁਸੀਂ ਮੁਆਵਜ਼ਾ ਦਿੱਤਾ?

**ਮਾਨਯੋਗ ਸਪੀਕਰ :** ਵੱਖਰਾ ਸਵਾਲ ਬਣਦਾ ਹੈ। ਵੱਖਰਾ ਸਵਾਲ ਬਣਦਾ ਹੈ।

**ਸ਼੍ਰੀ ਬੁੱਧ ਰਾਮ :** ਫਸਲਾਂ ਦਾ ਨੁਕਸਾਨ ਹੈ ਜੀ।ਮੇਰੀ ਸਪਲੀਮੈਂਟਰੀ ਫਸਲਾਂ ਦੇ ਨੁਕਸਾਨ ਸਬੰਧੀ ਹੈ।

**ਮਾਨਯੋਗ ਸਪੀਕਰ :** ਨਹੀਂ ਜੀ। ਫਸਲਾਂ ਦਾ ਤਾਂ ਹੈ ਪਰ ਉਹ ਇੱਕ ਖਸੂਸੀ ਜਵਾਬ ਲੈ ਕੇ ਆਏ ਹਨ। ਜਨਰਲਾਈਜ਼ ਨਹੀਂ ਕਰ ਸਕਦੇ। ਬੈਠੋ, ਪਲੀਜ਼ ਬੈਠੋ। ਹਾਂ ਜੀ, ਮੀਤ ਜੀ, ਤੁਸੀਂ ਦੱਸੋ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ :** ਸਪੀਕਰ ਸਾਹਿਬ, ਚੰਦੂਮਾਜਰਾ ਸਾਹਿਬ ਨੇ ਵੀ ਗੱਲ ਕੀਤੀ ਹੈ। ਮੇਰਾ ਬਰਨਾਲਾ ਜ਼ਿਲ੍ਹਾ ਪੈਂਦਾ ਹੈ, ਜਦੋਂ ਵੀ ਪਰਾਲੀ ਦਾ ਸੀਜ਼ਨ ਆਉਂਦਾ ਹੈ ਤਾਂ ਸਾਡੇ ਏਰੀਏ ਵਿੱਚ ਬੜਾ ਕਾਟੋ-ਕਲੇਸ਼ ਹੁੰਦਾ ਹੈ। ਕੁਝ ਦੇਰ ਪਹਿਲਾਂ ਇਹ ਖਬਰ ਵੀ ਲੱਗੀ ਹੈ ਕਿ 1,53,000 ਐਪਲੀਕੇਸ਼ਨਾਂ ਵਿੱਚੋਂ ਹਾਲੇ 53,000 ਐਪਲੀਕੇਸ਼ਨਾਂ ਪਟਵਾਰੀਆਂ ਕੋਲ ਜਾਂ ਤਹਿਸੀਲਦਾਰਾਂ ਕੋਲ ਪੈਂਡਿੰਗ ਪਈਆਂ ਹਨ। ਉਹ ਹਾਲੇ ਤੱਕ ਅਪਰੂਵ ਨਹੀਂ ਕੀਤੀਆਂ ਗਈਆਂ। ਸੋ, ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਹ ਐਪਲੀਕੇਸ਼ਨਾਂ ਕਦੋਂ ਤੱਕ ਅਪਰੂਵ ਹੋ ਜਾਣਗੀਆਂ? ਸਰ, ਇਹ ਬੜੀ ਗੰਭੀਰ ਸਮੱਸਿਆ ਹੈ। ਆਪਾਂ ਨੂੰ ਪਤਾ ਹੈ ਕਿ ਕਿਸਾਨਾਂ ਦਾ ਘੱਟੋ-ਘੱਟ 5 ਜਾਂ 10 ਹਜ਼ਾਰ ਪ੍ਰਤੀ ਏਕੜ ਖਰਚਾ ਆਉਂਦਾ ਹੈ। ਕੀ ਆਉਣ ਵਾਲੇ ਸਮੇਂ ਵਿੱਚ ਸਰਕਾਰ ਕੋਈ ਪਾਲਿਸੀ ਬਣਾ ਰਹੀ ਹੈ ਕਿ ਇਸ ਵੱਡੀ ਸਮੱਸਿਆ ਨਾਲ ਕਿਵੇਂ ਨਜਿੱਠਣਾ ਹੈ? ਸੁਪਰੀਮ ਕੋਰਟ ਵੀ ਮੌਕੇ ਤੇ ਜਾ ਕੇ ਹਦਾਇਤ ਕਰਦੀ ਹੈ, ਜਦੋਂ ਪਲਿਊਸ਼ਨ ਹੁੰਦਾ ਹੈ। ਉਦੋਂ ਅਸੀਂ ਸੁਪਰੀਮ ਕੋਰਟ ਦੇ ਕਹਿਣ ਤੇ ਕੰਪਨਸੇਸ਼ਨ ਤਾਂ ਅਲਾਉ ਕਰ ਦਿੱਤਾ। ਹੁਣ ਜਿਵੇਂ ਕਿ ਬਹੁਤ ਸਮਾਂ ਪਿਆ ਹੈ, ਅਸੀਂ ਮੌਕੇ ਤੇ ਜਾ ਕੇ........

**ਮਾਨਯੋਗ ਸਪੀਕਰ :** ਤੁਹਾਡਾ ਸਵਾਲ ਆ ਗਿਆ ਹੈ ਜੀ। ਵਜ਼ੀਰ ਸਾਹਿਬ, ਮੁਆਵਜ਼ੇ ਨੂੰ ਰੈਸ਼ਨਲ ਬਣਾਉਣ ਵਾਸਤੇ ਕਿਸੇ ਪਾਲਿਸੀ ਤੇ ਵਿਚਾਰ ਕਰੋਗੇ?

**ਵਿੱਤ ਮੰਤਰੀ :** ਸਪੀਕਰ ਸਾਹਿਬ, ਜੋ ਮੈਂਬਰ ਸਾਹਿਬ ਨੇ ਸਵਾਲ ਕੀਤਾ ਹੈ, ਗੌਰਮਿੰਟ ਆਫ ਪੰਜਾਬ, ਗੌਰਮਿੰਟ ਆਫ ਇੰਡੀਆ ਨਾਲ ਇਸ ਮਾਮਲੇ ਨੂੰ ਟੇਕਅੱਪ ਕਰ ਰਹੀ ਹੈ 100/- ਰੁਪਏ ਦੇ ਹਿਸਾਬ ਨਾਲ ਤਕਰੀਬਨ 4000 ਰੁਪਿਆ ਪ੍ਰਤੀ ਏਕੜ ਦੇ ਹਿਸਾਬ ਨਾਲ, ਭਾਰਤ ਸਰਕਾਰ ਵੱਲੋਂ ਐਮ.ਐਸ.ਪੀ. ਦਿੱਤੀ ਜਾਂਦੀ ਹੈ, ਐਮ.ਐਸ.ਪੀ. ਦੇ ਵਿੱਚ ਇਹ ਦਰਜ ਹੋਣਾ ਚਾਹੀਦਾ ਹੈ। ਸੁਪਰੀਮ ਕੋਰਟ ਦਾ ਫੈਸਲਾ ਤਾਂ ਸਿਰ ਮੱਥੇ, ਜੋ ਵੀ ਉਨ੍ਹਾਂ ਦਾ ਫੈਸਲਾ ਸੀ। ਸਪੀਕਰ ਸਾਹਿਬ, ਜੋ ਸੁਪਰੀਮ ਕੋਰਟ ਦੀ ਪੰਜਾਬ ਸਰਕਾਰ ਵਾਸਤੇ 100/- ਰੁਪਏ ਵਾਲੀ ਪਰਾਲੀ ਨਾ ਸਾੜਨ ਦੀ ਹਦਾਇਤ ਸੀ, ਹਾਲਾਂਕਿ ਉਹ ਬੜੀ ਲੇਟ ਸਟੇਜ ਤੇ ਆਈ ਪਰ ਪੰਜਾਬ ਸਰਕਾਰ ਇਸ ਸਟੇਜ ਤੇ ਇੰਨਾ ਵੱਡਾ ਮੁਆਵਜ਼ਾ, ਜਿਹੜਾ ਕਿ ਮੈਨੂੰ ਲੱਗਦਾ ਹੈ ਕਿ 4-5 ਸੌ ਕਰੋੜ ਰੁਪਿਆ ਬਣ ਜਾਵੇਗਾ, ਉਹ ਮੁਆਵਜ਼ਾ ਦੇਣ ਨੂੰ ਤਿਆਰ ਨਹੀਂ ਹੈ। ਸੀ.ਐਮ. ਸਾਹਿਬ ਨੇ ਗੌਰਮਿੰਟ ਆਫ ਇੰਡੀਆ, ਖਾਸ ਕਰਕੇ ਪ੍ਰਾਈਮ ਮਨਿਸਟਰ ਨਰਿੰਦਰ ਮੋਦੀ ਸਾਹਿਬ ਨਾਲ ਮੀਟਿੰਗ ਰੱਖੀ ਹੈ ਕਿ ਅਗਲੀ ਫਸਲ ਤੋਂ ਪਹਿਲਾਂ ਪਹਿਲਾਂ ਇਸ ਦਾ ਕੋਈ ਮੁਸਤਕਿਲ ਹੱਲ ਹੋਣਾ ਚਾਹੀਦਾ ਹੈ।

**ਮਾਨਯੋਗ ਸਪੀਕਰ :** ਧੰਨਵਾਦ।

## ਬਟਾਲਾ ਵਿਖੇ ਅਮਰੁਤ ਸਿਟੀ ਪ੍ਰੋਜੈਕਟ ਦੇ ਕੀਤੇ ਕੰਮ-ਕਾਰ ਦੀ ਸਥਿਤੀ

***2580. ਸਰਦਾਰ ਲਖਬੀਰ ਸਿੰਘ ਲੋਧੀਨੰਗਲ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਬਟਾਲਾ ਸ਼ਹਿਰ (ਜ਼ਿਲ੍ਹਾ ਗੁਰਦਾਸਪੁਰ) ਵਿੱਚ ਪਿਛਲੇ ਤਿੰਨ ਸਾਲਾਂ ਦੌਰਾਨ ਅਮਰੁਤ ਸਿਟੀ ਪ੍ਰੋਜੈਕਟ ਤਹਿਤ ਵਿਕਾਸ ਦੇ ਕਿਹੜੇ-ਕਿਹੜੇ ਕੰਮ ਕੀਤੇ ਗਏ ਹਨ ਅਤੇ ਇਸ ਪ੍ਰੋਜੈਕਟ ਦੀ ਅਜੋਕੀ ਸਥਿਤੀ ਕੀ ਹੈ?

**ਸ਼੍ਰੀ ਬ੍ਰਹਮ ਮਹਿੰਦਰਾ:** ਪਿਛਲੇ ਤਿੰਨ ਸਾਲਾਂ ਦੌਰਾਨ ਅਮਰੁਤ ਪ੍ਰੋਜੈਕਟ ਤਹਿਤ ਪਾਣੀ ਅਤੇ ਸੀਵਰੇਜ ਸਿਸਟਮ ਮੁਹੱਈਆ ਕਰਵਾਉਣ ਵਾਸਤੇ ਯੋਜਨਾਬੰਦੀ, ਸਰਵੇ, ਡਿਜਾਈਨਿੰਗ, ਟੈਂਡਰ ਬੁਲਾਉਣ ਅਤੇ ਪਾਰਟ ਟੈਂਡਰ ਪ੍ਰਕਿਰਿਆ ਕੀਤੀ ਗਈ ਹੈ। ਹੁਣ ਪਾਣੀ ਅਤੇ ਸੀਵਰੇਜ ਮੁਹੱਈਆ ਕਰਵਾਉਣ ਦੇ ਚਾਰ ਕੰਮ ਜਿਨ੍ਹਾਂ ਦੀ ਕੁੱਲ ਲਾਗਤ 70.86 ਕਰੋੜ ਰੁਪਏ ਹੈ, ਦੀ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ। ਇਹ ਕੰਮ ਜਲਦੀ ਹੀ ਸ਼ੁਰੂ ਹੋ ਜਾਣਗੇ। ਬਾਕੀ ਰਹਿੰਦੇ ਕੰਮਾਂ ਜਿਸ ਵਿੱਚ ਸੀਵੇਜ ਟਰੀਟਮੈਂਟ ਪਲਾਂਟ ਅਤੇ ਓਵਰ ਹੈਡ ਸਰਵਿਸ ਰਿਜ਼ਰਵਾਇਰ (OHSR) ਸ਼ਾਮਲ ਹਨ, ਲਈ 44.40 ਕਰੋੜ ਰੁਪਏ ਦੀ ਟੈਂਡਰ ਪ੍ਰਕਿਰਿਆ ਪ੍ਰਗਤੀ ਅਧੀਨ ਹੈ।

**ਸਰਦਾਰ ਲਖਬੀਰ ਸਿੰਘ ਲੋਧੀਨੰਗਲ:** ਮਾਨਯੋਗ ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਸਾਹਿਬ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਜਿਹੜਾ ਇਹ ਯੋਜਨਾਬੰਦੀ ਅਤੇ ਸਰਵੇ ਡਿਜ਼ਾਇਨਿੰਗ ਦਾ ਜਵਾਬ ਮਿਲਿਆ ਹੈ, ਇਹ ਸਾਰਾ ਕੰਮ ਪਿਛਲੀ ਸਰਕਾਰ ਵੇਲੇ ਹੋ ਚੁੱਕਾ ਸੀ। ਪਹਿਲੇ ਸੈਸ਼ਨਾਂ ਵਿੱਚ ਸਿੱਧੂ ਸਾਹਿਬ ਨੇ ਵੀ ਇਸ ਦਾ ਮੈਨੂੰ ਜਵਾਬ ਦਿੱਤਾ ਸੀ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪਹਿਲਾਂ A to Z ਸਰਵੇ ਕਰਕੇ 168 ਕਰੋੜ ਦਾ ਸੀਵਰੇਜ ਦਾ ਪਲਾਨ ਕੀਤਾ ਗਿਆ ਸੀ ਕਿਉਂਕਿ ਇਹ ਸਮੱਸਿਆ ਤਾਂ ਸਾਰੇ ਸ਼ਹਿਰਾਂ ਵਿੱਚ ਹੀ ਹੈ ਪਰ ਬਟਾਲੇ ਸ਼ਹਿਰ ਵਿੱਚ ਇਹ ਸਭ ਤੋਂ ਵੱਡੀ ਸਮੱਸਿਆ ਸੀ ਪਰ ਹੁਣ ਇਨ੍ਹਾਂ ਨੇ ਉਹ 168 ਕਰੋੜ ਦਾ ਪਲਾਨ ਰਿਵਾਈਜ਼ ਕਰਕੇ 128 ਕਰੋੜ ਦਾ ਲਿਆਂਦਾ ਹੈ ਜੀ। ਪਹਿਲੇ ਪਲਾਨ ਵਿੱਚ ਤਿੰਨ ਐਸ.ਟੀ.ਪੀ. ਸੀ, ਕਿਉਂਕਿ ਸ਼ਹਿਰ ਦੇ ਵਿੱਚੋਂ ਇੱਕ ਨਾਲਾ ਗੁਜ਼ਰਦਾ ਹੈ ਤੇ ਇੱਕ ਰੇਲਵੇ ਲਾਈਨ ਗੁਜ਼ਰਦੀ ਹੈ। ਪਿੱਛੇ ਜਿਹੇ ਕੋਰਟਸ ਕੰਪਲੈਕਸ ਬਣਿਆ ਸੀ ਤੇ ਜਦੋਂ ਅਸੀਂ ਕੋਰਟਸ ਦਾ ਸੀਵਰੇਜ ਇਸ ਨਾਲ ਜੋੜਨਾ ਸੀ ਤਾਂ ਉਦੋਂ ਡੇਢ ਕਰੋੜ ਰੁਪਏ ਸਾਡੇ ਕੋਲੋਂ ਰੇਲਵੇ ਨੇ ਲੈ ਲਿਆ ਸੀ।

**ਮਾਨਯੋਗ ਸਪੀਕਰ:** ਸਵਾਲ, ਸਵਾਲ ਪੁੱਛੋ।

**ਸਰਦਾਰ ਲਖਬੀਰ ਸਿੰਘ ਲੋਧੀਨੰਗਲ:** ਹੁਣ ਮੇਰਾ ਸਵਾਲ ਹੈ ਕਿ ਜਿਹੜੇ ਇਹ ਪਾਰਟਸ ਵਿੱਚ ਟੈਂਡਰ ਲਗਾਏ ਗਏ ਹਨ ਕਿਉਂਕਿ ਇਹ A to Z ਸੀਵਰੇਜ ਦਾ ਕੰਮ ਇੱਕੋ ਹੀ ਵੱਡੀ ਕੰਪਨੀ ਨੂੰ ਦੇਣਾ ਚਾਹੀਦਾ ਹੈ, ਜਿਵੇਂ ਵੱਡੇ ਸ਼ਹਿਰਾਂ ਵਿੱਚ ਦਿੱਤਾ ਹੈ ਤਾਂ ਕਿ ਸੀਵਰੇਜ ਚੱਲ ਸਕੇ। ਹੁਣ ਐਸ.ਟੀ.ਪੀ. ਇੱਕ ਕਰ ਦਿੱਤਾ ਗਿਆ ਹੈ। ਮੈਨੂੰ ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਿਆ ਹੈ ਕਿ ਜਿੱਥੇ ਦਸ ਕਿਲੋਮੀਟਰ ਦੂਰ ਇਨ੍ਹਾਂ ਨੇ ਐਸ.ਟੀ.ਪੀ. ਲਾਉਣ ਦੀ ਪਲਾਨਿੰਗ ਕੀਤੀ ਹੈ, ਉੱਥੇ ਭਰਾਵਾਂ ਨੇ ਆਪਣੀ ਜ਼ਮੀਨ ਦਾ ਰੌਲਾ ਪਾਇਆ ਹੋਇਆ ਹੈ। ਇਹ ਕੰਮ ਬਹੁਤ ਲੰਮਾ ਹੋ ਗਿਆ ਹੈ। ਸ਼ਹਿਰ ਬਹੁਤ ਬਰਬਾਦ ਹੋ ਰਿਹਾ ਹੈ। ਮੇਰੀ ਤੁਹਾਡੇ ਰਾਹੀਂ ਇਹ ਬੇਨਤੀ ਹੈ ਕਿ ਇਹ ਸੀਨੀਅਰ ਲੈਵਲ ਦੇ ਇੰਜੀਨੀਅਰ ਉੱਥੇ ਭੇਜ ਕੇ ਚੈੱਕ ਕਰ ਲੈਣ ਕਿਉਂਕਿ ਪੈਸੇ ਲਗਾ ਕੇ ਵੀ ਸ਼ਹਿਰ ਦੀ ਪ੍ਰਾਬਲਮ ਹੱਲ ਨਹੀਂ ਹੋਣੀ ਹੈ। ਮੇਰੀ ਇਹ ਗੁਜ਼ਾਰਿਸ਼ ਹੈ ਕਿ ਇਹ ਬਾਬਾ ਨਾਨਕ ਜੀ ਦੇ ਸਹੁਰਿਆਂ ਦਾ ਸ਼ਹਿਰ ਹੈ ਤੇ ਆਦਮੀ ਦੀਆਂ ਤਿੰਨ ਹੀ ਇੰਪਾਰਟੈਂਟ ਥਾਵਾਂ ਹੁੰਦੀਆਂ ਹਨ। ਇੱਕ ਤਾਂ ਜਿੱਥੇ ਉਹ ਜਨਮ ਲੈਂਦਾ ਹੈ, ਦੂਜੀ ਜਿੱਥੇ ਉਹ ਗੁਜ਼ਰਦਾ ਹੈ ਤੇ ਤੀਜੀ ਜਿੱਥੇ ਉਸ ਦਾ ਵਿਆਹ ਹੁੰਦਾ ਹੈ। ਪਹਿਲਾਂ 550ਵੇਂ ਪ੍ਰਕਾਸ਼ ਪੁਰਬ ਵਾਲੇ ਸਾਲ ਵਿੱਚ ਵੀ ਸਾਡਾ ਇਹ ਸ਼ਹਿਰ ਇਗਨੋਰ ਹੋ ਗਿਆ ਹੈ। ਮੇਰੀ ਇਹ ਬੇਨਤੀ ਹੈ ਕਿ ਇੱਕ ਸੁਪਰ ਸੱਕਰ ਦਾ ਇਨ੍ਹਾਂ ਨੂੰ ਪ੍ਰਬੰਧ ਕਰਕੇ ਦਿੱਤਾ ਜਾਵੇ ਤੇ ਜਿਹੜਾ ਇਹ ਸੀਵਰੇਜ ਹੈ, ਇਸ ਬਾਰੇ ਵੀ ਗੌਰ ਕੀਤਾ ਜਾਵੇ। ਇਹ ਸੀਵਰੇਜ ਪਾਰਟਸ ਦੇ ਵਿੱਚ ਪਾਇਆ ਹੈ, ਇਹ ਸੀਵਰੇਜ ਚੱਲਣਾ ਨਹੀਂ ਹੈ। ਮੇਰੀ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਇਹ ਬੇਨਤੀ ਹੈ।

**ਮੰਤਰੀ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਤਿਕਾਰਯੋਗ ਮੈਂਬਰ ਸਾਹਿਬ ਨੂੰ ਇਹ ਦੱਸਣਾ ਚਾਹਾਂਗਾ ਕਿ ਜਿਹੜੀ ਇਨ੍ਹਾਂ ਦੀ ਆਬਜ਼ਰਵੇਸ਼ਨ ਹੈ ਤੇ ਜੋ ਇਹ ਚਾਹੁੰਦੇ ਹਨ, ਮੈਂ ਆਪਣੇ ਅਫਸਰਾਂ ਨਾਲ ਗੱਲ ਕਰਕੇ ਜਲਦੀ ਹੀ ਕੁਝ ਕਰਦਾ ਹਾਂ, I will look into this ਔਰ ਅਸੀਂ ਇਸ ਨੂੰ ਕੰਪਲੀਟ ਕਰਾਉਣ ਦੀ ਕੋਸ਼ਿਸ਼ ਕਰਾਂਗੇ।

**ਸਰਦਾਰ ਲਖਬੀਰ ਸਿੰਘ ਲੋਧੀਨੰਗਲ:** ਮਿਹਰਬਾਨੀ ਹੈ ਜੀ। ਮੇਰੇ ਕੋਲ ਅਫਸਰ ਭੇਜ ਦਿਓ ਜੀ, ਮੈਂ ਨਾਲ ਜਾ ਕੇ ਕਰਵਾ ਲਵਾਂਗਾ। ਉਹ ਮੇਰੇ ਕੋਲ ਐਗਰੀ ਕਰਕੇ ਆਏ ਹਨ।

**ਮੰਤਰੀ:** ਠੀਕ ਹੈ ਜੀ।

---

## ਖੇਡ ਸਟੇਡੀਅਮ ਬਣਾਉਣਾ

*2789. **ਸਰਦਾਰ ਗੁਰਪ੍ਰੀਤ ਸਿੰਘ:** ਕੀ ਖੇਡ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਖਮਾਣੋਂ ਅਤੇ ਬੱਸੀ ਪਠਾਣਾ ਸ਼ਹਿਰਾਂ (ਫਤਹਿਗੜ੍ਹ ਸਾਹਿਬ) ਵਿੱਚ ਖੇਡ ਸਟੇਡੀਅਮ ਬਣਾਉਣ ਦੀ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਸ ਦੇ ਵੇਰਵੇ ਕੀ ਹਨ?

**ਰਾਣਾ ਗੁਰਮੀਤ ਸਿੰਘ ਸੋਢੀ:** ਹਾਲ ਦੀ ਘੜੀ, ਖਮਾਣੋਂ ਅਤੇ ਬੱਸੀ ਪਠਾਣਾ ਸ਼ਹਿਰਾਂ (ਫਤਹਿਗੜ੍ਹ ਸਾਹਿਬ) ਵਿਖੇ ਸਟੇਡੀਅਮ ਬਣਾਉਣ ਦੀ ਕੋਈ ਤਜਵੀਜ਼ ਨਹੀਂ ਹੈ ਕਿਉਂ ਜੋ ਇਨ੍ਹਾਂ ਬਲਾਕਾਂ ਵਿੱਚ ਨਾਲ ਨੱਥੀ ਲਿਸਟ ਅਨੁਸਾਰ ਵੱਖ-ਵੱਖ ਖੇਡਾਂ ਦੀਆਂ 19 ਖੇਡ ਗਰਾਉਂਡਾਂ ਉਪਲਬਧ ਹਨ। ਭਵਿੱਖ ਵਿੱਚ ਇਨ੍ਹਾਂ ਦੋਨਾਂ ਬਲਾਕਾਂ ਵਿੱਚੋਂ ਕਿਸੇ ਇੱਕ ਬਲਾਕ ਵਿੱਚ ਸਟੇਡੀਅਮ ਬਣਾਉਣ ਲਈ ਢੁੱਕਵੀਂ ਜਗ੍ਹਾ ਅਤੇ ਫੰਡ ਉਪਲਬਧ ਹੋਣ ਉਪਰੰਤ ਵਿਚਾਰ ਕੀਤਾ ਜਾ ਸਕਦਾ ਹੈ।

**LIST OF SPORTS GROUNDS AVAILABLE IN BLOCK BASSI PATHANA & KHAMANO, DISTRICT FATEHGARH SAHIB**

| Sr. No. | Name of the Grounds | Available Sports Grounds | Playing Sports Stream/ Game |
|---|---|---|---|
| | **BLOCK BASSI PATHANA** | | |
| 1 | GOVT. I.T.I., BASSI PATHANA | FOOTBALL GROUND, HOCKEY GROUND, VOLLEYBALL COURT | FOOTBALL, HOCKEY, VOLLEYBALL |
| 2 | GOVT. SR. SEC. SCHOOL, MUSTFABAD | FOOTBALL GROUND | FOOTBALL |
| 3 | GOVT. HIGH SCHOOL, KHALASPUR | FOOTBALL GROUND | FOOTBALL |
| 4 | GOVT. ELEMENTARY SCHOOL, FATEHPUR ARAIYA | FOOTBALL GROUND, VOLLEYBALL COURT STAGE AND SITTING STAIRS | FOOTBALL, VOLLEYBALL |
| 5 | GRAM PANCHAYAT, FEROZPUR | INDOOR WRESTLING HALL | WRESTLING |

[Sports and Youth Affairs Minister]

| | | | |
|---|---|---|---|
| 6 | GOVT. SR. SEC. SCHOOL, BASSI PATHANA | FOOTBALL GROUND, VOLLEYBALL COURT, KABADDI GROUND, KHO KHO GROUND, HOCKEY GROUND | FOOTBALL, VOLLEYBALL, KABADDI, KHO-KHO, HOCKEY |
| 7 | POLICE LINE JODHPUR, FATEHGARH SAHIB | 400 MT. ATHLETIC TRACK, FOOTBALL GROUND | ATHLETIC, FOOTBALL |
| 8 | PINE GROVE PUBLIC SCHOOL, BASSI PATHANA | VOLLEYBALL COURT, BASKETBALL COURT, TABLE TENNIS, FOOTBALL GROUND | FOOTBALL, VOLLEYBALL, TABLE TENNIS, BASKETBALL |
| | **BLOCK KHAMANO** | | |
| 9 | GRAM PANCHAYAT, VILL. BOUR | FOOTBALL GROUND | FOOTBALL |
| 10 | BARWALI KHURD | 400 MT. ATHLETIC TRACK, FOOTBALL GROUND, VOLLEYBALL GROUND | ATHLETIC, FOOTBALL, VOLLEYBALL |
| 11 | GOVT. SR. SEC. SCHOOL, FAROUR | 400 MT. ATHLETIC TRACK, FOOTBALL GROUND, VOLLEYBALL GROUND | ATHLETIC, FOOTBALL, VOLLEYBALL |
| 12 | PANCHAYATI SPORTS STADIUM , BHARI | FOOTBALL GROUND | FOOTBALL |
| 13 | S. BAGHEL SINGH TOOR SPORTS STADIUM, UCHA JATANA | 200 MT. ATHLETIC TRACK, FOOTBALL GROUND, VOLLEYBALL GROUND | ATHLETIC, FOOTBALL, VOLLEYBALL |

| | | | |
|---|---|---|---|
| 14 | PANCHAYATI SPORTS STADIUM, BADLA | FOOTBALL GROUND, VOLLEYBALL COURT, KABADDI GROUND, | FOOTBALL, VOLLEYBALL KABADDI |
| 15 | CORDIA COLLEGE, SANGHOL | FOOTBALL GROUND, VOLLEYBALL COURT, KHO-KHO GROUND, BASKETBALL COURT, HANDBALL COURT | FOOTBALL, VOLLEYBALL, KHO-KHO, BASKETBALL, HANDBALL |
| 16 | GURU GOBIND SINGH KHALSA SR. SEC. SCHOOL, KHANT MANNPUR | 200 MT. ATHLETIC TRACK, FOOTBALL GROUND, VOLLEYBALL GROUND | ATHLETIC, FOOTBALL, VOLLEYBALL |
| 17 | GOVT. SR. SEC. SCHOOL, KHAMANO | FOOTBALL GROUND, VOLLEYBALL COURT | FOOTBALL, VOLLEYBALL |
| 18 | PANCHAYATI SPORTS, STADIUM, HAWARA | VOLLEYBALL COURT | VOLLEYBALL |
| 19 | GOVT. HIGH SCHOOL, LAKHANPUR | VOLLEYBALL COURT | VOLLEYBALL |

ਮਾਨਯੋਗ ਮੈਂਬਰ ਸਾਹਿਬ ਦਾ ਇਹ ਬੜਾ ਵੈਲਿਡ ਸਵਾਲ ਹੈ ਲੇਕਿਨ ਅਜੇ ਤੱਕ ਸਾਡੀ ਕੋਈ ਉੱਥੇ ਤਜਵੀਜ਼ ਨਹੀਂ ਸੀ। ਮੈਂ ਖੁਦ ਮਹਿਸੂਸ ਕਰਦਾ ਹਾਂ ਕਿ ਬੱਸੀ ਪਠਾਣਾ ਵਿੱਚ ਸਟੇਡੀਅਮ ਦੀ ਲੋੜ ਹੈ ਕਿਉਂਕਿ ਹੁਣ ਸਾਨੂੰ ਫੰਡਜ਼ ਵੀ ਅੱਛੇ ਮੁਹੱਈਆ ਹੋ ਗਏ ਹਨ ਅਤੇ ਅਸੀਂ 'ਖੇਲੋ ਇੰਡੀਆ' ਦੀ ਸਕੀਮ ਅਧੀਨ ਉੱਥੇ ਸਾਰੀਆਂ ਕਾਰਵਾਈਆਂ ਮੈਂਬਰ ਸਾਹਿਬ ਕੋਲੋਂ ਪੂਰੀਆਂ ਕਰਵਾ ਕੇ ਅਤੇ ਜੋ ਵੀ ਫਾਰਮੈਲੀਟਿਜ਼ ਹਨ, ਉਹ ਪੂਰੀਆਂ ਕਰਕੇ ਐਤਕੀਂ ਅਸੀਂ ਇਸ ਸਾਲ ਵਿੱਚ ਸਟੇਡੀਅਮ ਸ਼ੁਰੂ ਕਰਵਾ ਦਿਆਂਗੇ।

**ਸਰਦਾਰ ਗੁਰਪ੍ਰੀਤ ਸਿੰਘ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਦਾ ਧੰਨਵਾਦ ਵੀ ਕਰਨਾ ਚਾਹੁੰਦਾ ਹਾਂ ਕਿਉਂਕਿ ਉੱਥੇ ਹਾਕੀ ਦੀਆਂ ਦੋ-ਤਿੰਨ ਅਕਾਦਮੀਆਂ ਚਲਦੀਆਂ ਹਨ। ਉੱਥੇ ਸਵੇਰੇ ਘੱਟੋ-ਘੱਟ ਢਾਈ-ਤਿੰਨ ਸੌ ਬੱਚਾ ਖੇਡਣ ਲਈ ਆਉਂਦਾ ਹੈ। ਜੇ ਉੱਥੇ ਸਟੇਡੀਅਮ ਬਣ ਜਾਵੇ ਤਾਂ ਬੱਚਿਆਂ ਦਾ ਆਉਣ ਵਾਲਾ ਭਵਿੱਖ ਵਧੀਆ ਹੋ ਸਕਦਾ ਹੈ ਤੇ ਆਉਣ ਵਾਲੇ ਟਾਈਮ ਵਿੱਚ ਸਾਡੇ ਬੱਚੇ ਕਈ ਖੇਡਾਂ ਵਿੱਚ ਵੀ ਹਿੱਸਾ ਲੈ ਸਕਣਗੇ।

**ਮਾਨਯੋਗ ਸਪੀਕਰ:** ਉਹ ਤਾਂ ਕਹਿੰਦੇ ਹਨ ਕਿ ਅਸੀਂ ਬਣਾ ਰਹੇ ਹਾਂ, ਉਨ੍ਹਾਂ ਨੇ ਤਾਂ ਐਸ਼ੋਰੈਂਸ ਦੇ ਦਿੱਤੀ ਹੈ ਕਿ ਸਟੇਡੀਅਮ ਬਣਾ ਦਿਆਂਗੇ।

**ਸਰਦਾਰ ਗੁਰਪ੍ਰੀਤ ਸਿੰਘ:** ਮੈਂ ਮੰਤਰੀ ਸਾਹਿਬ ਦਾ ਬਹੁਤ ਧੰਨਵਾਦ ਕਰਨਾ ਚਾਹੁੰਦਾ ਹਾਂ।

-----

## ਜੈਤੋ ਵਿਖੇ ਸ਼ਹੀਦੀ ਯਾਦਗਾਰ ਬਣਾਉਣ ਲਈ ਰਾਸ਼ੀ ਦੇਣਾ

***2594. ਸਰਦਾਰ ਬਲਦੇਵ ਸਿੰਘ ਕਲਿਆਣ:** ਕੀ ਸੱਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਾਲ 2018 ਦੇ ਸੈਸ਼ਨ ਦੌਰਾਨ ਜੈਤੋ ਵਿਖੇ ਸ਼ਹੀਦੀ ਯਾਦਗਾਰ ਬਣਾਉਣ ਲਈ 48.00 ਕਰੋੜ ਦੀ ਰਾਸ਼ੀ ਦੇਣ ਲਈ ਕਿਹਾ ਗਿਆ ਸੀ? ਜੇਕਰ ਅਜਿਹਾ ਹੋਵੇ ਤਾਂ ਸਾਰੀ ਰਾਸ਼ੀ ਕਦੋਂ ਤੱਕ ਦੇ ਦਿੱਤੀ ਜਾਵੇਗੀ?

**ਸਰਦਾਰ ਚਰਨਜੀਤ ਸਿੰਘ ਚੰਨੀ:** ਨਹੀਂ ਜੀ, ਸਾਲ 2018 ਦੇ ਸੈਸ਼ਨ ਦੌਰਾਨ ਜੈਤੋ ਵਿਖੇ ਸ਼ਹੀਦੀ ਯਾਦਗਾਰ ਬਣਾਉਣ ਲਈ 48.00 ਕਰੋੜ ਰੁਪਏ ਦੀ ਰਾਸ਼ੀ ਦੇਣ ਲਈ ਨਹੀਂ ਕਿਹਾ ਗਿਆ ਸੀ।

**ਸਰਦਾਰ ਬਲਦੇਵ ਸਿੰਘ ਕਲਿਆਣ:** ਸਪੀਕਰ ਸਾਹਿਬ, ਪਵਿੱਤਰ ਸਦਨ ਵਿੱਚ ਆਸ਼ਵਾਸਨ ਦੇ ਕੇ ਮੁਕਰ ਜਾਣਾ ਬੜੇ ਅਫਸੋਸ ਦੀ ਗੱਲ ਹੈ, ਇਸ ਤੋਂ ਵੱਡਾ ਹੋਰ ਸ਼ਰਮਨਾਕ ਕੀ ਹੋ ਸਕਦਾ ਹੈ? ਮੇਰੇ ਕੋਲ 2018-19 ਦਾ ਬਜਟ ਪਿਆ ਹੈ, ਇਸ ਦੇ ਸਫਾ 63 ਉਤੇ ਲਿਖਿਆ ਹੋਇਆ ਹੈ, ਮੈਂ ਇਸ ਦੀਆਂ ਕਾਪੀਆਂ ਵੀ ਕਰਵਾ ਕੇ ਲਿਆਇਆ ਹਾਂ, ਜੇ ਮੰਤਰੀ ਸਾਹਿਬ ਕਹਿਣਗੇ ਤਾਂ ਇਨ੍ਹਾਂ ਨੂੰ ਦੇ ਦਿਆਂਗਾ। ਸਪੀਕਰ ਸਾਹਿਬ, ਇਸ ਬਾਰੇ ਜੋ ਅਨਾਊਂਸਮੈਂਟ ਕੀਤੀ ਗਈ ਸੀ, ਮੈਂ ਉਹ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਹ ਬੜਾ ਹੀ ਇਤਿਹਾਸਕ ਸ਼ਹਿਰ ਹੈ। ਮਹਾਰਾਜਾ ਰਿਪੁਦਮਨ ਸਿੰਘ ਜੀ ਨਾਭਾ ਨੂੰ 9 ਜੁਲਾਈ 1923 ਨੂੰ ** ** ਤੋਂ ਲਾਹਿਆ ਤੇ ਜਲਾਵਤਨ ਕਰਕੇ ਦੇਹਰਾਦੂਨ ਭੇਜ ਦਿੱਤਾ।

**ਮਾਨਯੋਗ ਸਪੀਕਰ:** ** ** ਤੋਂ ਲਾਹਿਆ?

**ਸਰਦਾਰ ਬਲਦੇਵ ਸਿੰਘ ਕਲਿਆਣ:** ਗੱਦੀ ਤੋਂ ਲਾਹਿਆ ਤੇ ਜਲਾਵਤਨ ਕਰਕੇ ਦੇਹਰਾਦੂਨ ਭੇਜ ਦਿੱਤਾ।

**ਮਾਨਯੋਗ ਸਪੀਕਰ:** ** ** ਵਾਲਾ ਆਪਣਾ ਸ਼ਬਦ ਵਾਪਸ ਲੈ ਲਉ, ਐਕਸਪੰਜ ਕਰ ਦਿਉ।

**ਸਰਦਾਰ ਬਲਦੇਵ ਸਿੰਘ ਕਲਿਆਣ:** ਸਪੀਕਰ ਸਹਿਬ, I am really sorry. ਅੰਗਰੇਜ਼ੀ ਸਰਕਾਰ ਦੀਆਂ ਧੱਕੇਸ਼ਾਹੀਆਂ ਦੇ ਵਿਰੁੱਧ ਸੰਗਤ ਨੇ ਉੱਥੇ....

---

** **Expunged as ordered by the Chair.

**ਮਾਨਯੋਗ ਸਪੀਕਰ:** ਸਵਾਲ ਪੁੱਛੋ, ਸਰਦਾਰ ਸਾਹਿਬ, ਸਵਾਲ ਪੁੱਛੋ।

**ਸਰਦਾਰ ਬਲਦੇਵ ਸਿੰਘ ਕਲਿਆਣ:** ਸਰ, ਮੈਂ ਥੋੜ੍ਹਾ ਜਿਹਾ ਦੱਸ ਦਿੰਦਾ ਹਾਂ।

**ਮਾਨਯੋਗ ਸਪੀਕਰ:** ਨਹੀਂ, ਨਹੀਂ ਦੱਸਣਾ ਕੁਝ ਨਹੀਂ ਹੈ। ਤੁਸੀਂ ਸਵਾਲ ਪੁੱਛੋ।

**ਸਰਦਾਰ ਬਲਦੇਵ ਸਿੰਘ ਕਲਿਆਣ:** ਉੱਥੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਇਆ ਪਰ 14 ਸਤੰਬਰ, 1923 ਨੂੰ ਪਾਵਨ ਸ੍ਰੀ ਅਖੰਡ ਪਾਠ ਸਾਹਿਬ....

**ਮਾਨਯੋਗ ਸਪੀਕਰ:** ਸਰਦਾਰ ਜੀ, ਕੀ ਤੁਸੀਂ ਸਵਾਲ ਪੁੱਛਣਾ ਹੈ? ਕੀ ਤੁਸੀਂ ਸਵਾਲ ਪੁੱਛਣਾ ਹੈ?

**ਸਰਦਾਰ ਬਲਦੇਵ ਸਿੰਘ ਕਲਿਆਣ:** ਉਦੋਂ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਨੂੰ ਖੰਡਤ ਕਰ ਦਿੱਤਾ ਜੀ। ਇੱਥੇ ਬਹੁਤ ਸਾਰੀਆਂ ਸਿੱਖ ਸੰਗਤਾਂ ਸ਼ਹੀਦ ਹੋਈਆਂ, ਜੋ ਆਜ਼ਾਦੀ ਦੀ ਲੜਾਈ ਲੜ ਰਹੀਆਂ ਸਨ। ਉਸ ਵਾਸਤੇ ਸਾਲ 2018 ਦੇ ਬਜਟ ਸੈਸ਼ਨ ਵਿੱਚ 38 ਕਰੋੜ ਰੁਪਿਆ ਰੱਖਿਆ ਗਿਆ ਸੀ। ਮੈਂ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਜਿਹੜਾ ਇਸ ਪਵਿੱਤਰ ਸਦਨ ਦੇ ਵਿੱਚ 38 ਕਰੋੜ ਰੁਪਏ ਰੱਖਿਆ ਸੀ, ਉਹ ਜਿਹੜੇ ਜੈਤੋ ਦੇ ਇਤਿਹਾਸਕ ਮੋਰਚੇ ਲਈ ਸ਼ਹੀਦ ਹੋਏ ਹਨ, ਉਨ੍ਹਾਂ ਵਾਸਤੇ ਦਿੱਤਾ ਜਾਵੇ। ਮੈਂ ਦੂਸਰੀ ਗੱਲ ਵੀ ਦੱਸਣਾ ਚਾਹੁੰਦਾ ਹਾਂ ਕਿ ਇੱਥੇ ਪੰਡਿਤ ਜਵਾਹਰ ਲਾਲ ਨਹਿਰੂ ਜੀ ਵੀ ਜੈਤੋ ਦੀ ਜੇਲ੍ਹ ਵਿੱਚ ਰਹੇ ਹਨ, ਉਹ ਜੇਲ੍ਹ ਵੀ ਇਸ ਸਾਲ ਢਹਿ-ਢੇਰੀ ਹੋ ਗਈ ਹੈ। ਉਸ ਵਾਸਤੇ ਵੀ ਪ੍ਰਬੰਧ ਕੀਤਾ ਜਾਵੇ।

**ਮਾਨਯੋਗ ਸਪੀਕਰ:** ਇਹ ਕਹਿੰਦੇ ਜੀ ਕਿ ਸਾਲ 2018 ਦੇ ਬਜਟ ਵਿੱਚ 38 ਕਰੋੜ ਰੁਪਿਆ ਰੱਖਿਆ ਸੀ।

(ਇਸ ਸਮੇਂ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ, ਸਰਦਾਰ ਬਲਬੀਰ ਸਿੰਘ ਸਿੱਧੂ ਆਪਣੀ ਸੀਟ ਤੇ ਬੈਠੇ-ਬੈਠੇ ਕੁਝ ਬੋਲ ਰਹੇ ਸਨ।)

**ਮਾਨਯੋਗ ਸਪੀਕਰ:** ਮੈਂ ਐਕਸਪੰਜ ਕਰ ਦਿੱਤਾ ਜੀ, ਉਹ ਰਾਜ ਗੱਦੀ ਹੈ।

**ਮੰਤਰੀ:** ਮਾਨਯੋਗ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਦਾ ਸਤਿਕਾਰ ਕਰਦਾ ਹਾਂ, ਇਹ ਪੜ੍ਹੇ-ਲਿਖੇ ਮੈਂਬਰ ਹਨ। ਮੈਂ ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਇਹ ਸਹੀ ਤਰੀਕੇ ਦੇ ਨਾਲ ਉਸ ਨੂੰ ਪੜ੍ਹਨ। ਮੈਂ ਇਨ੍ਹਾਂ ਦੀ ਗੱਲ ਤੋਂ ਮੁੱਕਰਦਾ ਨਹੀਂ, ਉਸ ਬਾਰੇ ਮੈਂ ਬਾਅਦ ਵਿੱਚ ਗੱਲ ਕਰਾਂਗਾ ਪਰ ਪਹਿਲਾਂ ਮੈਂ ਕੁਝ ਦੱਸਣਾ ਚਾਹੁੰਦਾ ਹਾਂ ਕਿ ਕੀ ਲਿਖਿਆ ਹੋਇਆ ਹੈ। ਪਹਿਲਾਂ ਤਾਂ ਇਨ੍ਹਾਂ ਨੇ ਸਵਾਲ 48 ਕਰੋੜ ਰੁਪਏ ਦਾ ਦਿੱਤਾ ਸੀ, ਅਨਾਊਂਸਮੈਂਟ 38 ਕਰੋੜ ਰੁਪਏ ਦੀ ਸੀ, ਉਸ 38 ਕਰੋੜ ਰੁਪਏ ਵਿੱਚ ਹੋਰ ਕਈ ਯਾਦਗਾਰਾਂ ਸ਼ਾਮਲ ਸਨ, ਜਿਨ੍ਹਾਂ ਦੀ ਸਾਂਭ-ਸੰਭਾਲ ਪਲੱਸ ਇਨ੍ਹਾਂ ਨੂੰ ਬਣਾਉਣ ਵਾਸਤੇ ਮਾਨਯੋਗ ਐਫ.ਐਮ. ਸਾਹਿਬ ਨੇ ਕਿਹਾ ਸੀ...

**ਮਾਨਯੋਗ ਸਪੀਕਰ:** ਉਸ ਦੇ ਹੋਰ ਵੀ ਕੰਪੋਨੈਂਟ ਹਨ।

**ਮੰਤਰੀ:** ਹਾਂ ਜੀ। ਸਰ, ਉਸ ਵਿੱਚ ਸ੍ਰੀ ਅਨੰਦਪੁਰ ਸਾਹਿਬ ਫਾਊਂਡੇਸ਼ਨ, ਗੁਰੂ ਰਵਿਦਾਸ ਮੈਮੋਰੀਅਲ ਦੀ ਉਸਾਰੀ, ਭਗਵਾਨ ਵਾਲਮੀਕ ਯਾਦਗਾਰ ਦੀ ਉਸਾਰੀ ਅਤੇ ਉਸ ਤੋਂ ਅੱਗੇ ਰੱਖ-ਰਖਾਅ, ਜੰਗ-ਏ-ਆਜ਼ਾਦੀ ਲਈ 7 ਕਰੋੜ ਰੁਪਿਆ, ਇਸ ਤਰ੍ਹਾਂ ਵੱਖ-ਵੱਖ ਉਸਾਰੀਆਂ ਸਨ। ਮੈਂ ਜ਼ਿਆਦਾ ਤਫ਼ਸੀਲ ਵਿੱਚ ਨਹੀਂ ਪੈਣਾ ਚਾਹੁੰਦਾ ਪਰ ਮੈਂ ਇੱਕ ਗੱਲ ਜ਼ਰੂਰ ਕਹਾਂਗਾ ਕਿ ਇਹ ਸਵਾਲ ਬਹੁਤ ਹੀ ਜਾਇਜ਼ ਹੈ। ਸਪੀਕਰ ਸਾਹਿਬ, ਇਹ ਸਾਲ 1924-25 ਦੀ ਗੱਲ ਹੈ, ਜਦੋਂ ਅਕਾਲੀ ਦਲ ਤੇ ਐਸ.ਜੀ.ਪੀ.ਸੀ. ਨੇ ਇੱਕ ਸੰਘਰਸ਼ ਕੀਤਾ ਸੀ। ਨਾਭਾ ਦੇ ਮਹਾਰਾਜਾ ਜਿਹੜੇ ਕਿ ਗੱਦੀ ਤੋਂ ਉਤਾਰ ਦਿੱਤੇ ਗਏ ਸੀ ਕਿਉਂਕਿ ਉਨ੍ਹਾਂ ਨੇ ਸ੍ਰੀ ਨਨਕਾਣਾ ਸਾਹਿਬ ਵਿੱਚ ਸਿੱਖਾਂ ਦੀ ਮਦਦ ਕੀਤੀ ਸੀ। ਇਸ ਕਰਕੇ ਬ੍ਰਿਟਿਸ਼ ਸਰਕਾਰ ਨੇ ਉਨ੍ਹਾਂ ਤੋਂ ਬਦਲਾ ਲੈਣ ਵਾਸਤੇ, ਉਨ੍ਹਾਂ ਨੂੰ ਗੱਦੀ ਤੋਂ ਉਤਾਰਿਆ ਸੀ। ਇਸ ਕਰਕੇ ਸਿੱਖ ਉਨ੍ਹਾਂ ਦੇ ਨਾਲ ਜਾ ਕੇ ਖੜ੍ਹੇ ਹੋ ਗਏ। ਜੈਤੋ ਦੇ ਵਿੱਚ ਮੋਰਚਾ ਲੱਗਿਆ, ਉੱਥੇ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਚਲਾ ਦਿੱਤੀ ਗਈ ਸੀ। ਸਰ, ਉਸ ਸਮੇਂ ਦੀ ਅੰਗਰੇਜ਼ ਸਰਕਾਰ ਨੇ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਨੂੰ ਖੰਡਤ ਕਰਕੇ, ਤੋੜ ਕੇ, ਸਿੱਖਾਂ ਨੂੰ ਤਿੱਤਰ-ਬਿੱਤਰ ਕੀਤਾ। ਉਸ ਤੋਂ ਬਾਅਦ ਮੋਰਚਾ ਲੱਗਿਆ, ਸ੍ਰੀ ਅਕਾਲ ਤਖਤ ਸਾਹਿਬ ਤੋਂ 500 ਸਿੱਖਾਂ ਦਾ ਜੱਥਾ ਚੱਲਿਆ ਤੇ ਉਸ ਨੂੰ ਬਰਗਾੜੀ ਦੇ ਵਿੱਚ ਰੋਕ ਦਿੱਤਾ ਗਿਆ। ਉਸ ਸਮੇਂ ਦੇ ਐਡਮਨਿਸਟਰੇਟਰ ਵੈਲਸਨ ਜੌਹਨਸਨ ਨੇ ਪਹਿਲੇ ਦਿਨ ਬਰਗਾੜੀ ਦੇ ਵਿੱਚ ਉਨ੍ਹਾਂ ਨੂੰ ਰੋਕਿਆ, ਦੂਸਰੇ ਦਿਨ ਉਹ ਜੱਥਾ ਗੁਰਦੁਆਰਾ ਸਾਹਿਬ ਸ਼ਾਂਤੀਪੂਰਵਕ ਤਰੀਕੇ ਨਾਲ ਜਾਣਾ ਚਾਹੁੰਦਾ ਸੀ ਲੇਕਿਨ ਉਨ੍ਹਾਂ ਤੇ ਗੋਲੀ ਚਲਾ ਦਿੱਤੀ ਗਈ। ਬਹੁਤ ਸਾਰੇ ਸਿੱਖ ਬਰਗਾੜੀ ਦੇ ਵਿੱਚ ਮਾਰੇ ਗਏ ਸਨ। ਸਰ, ਇਹ ਕੁਦਰਤੀ ਹੋਇਆ ਕਿ ਸਮੇਂ ਨੇ ਗੇੜਾ ਲੈ ਲਿਆ। 90-95 ਸਾਲ ਬਾਅਦ ** ** ਸਰਕਾਰ ਆ ਗਈ ਅਤੇ ਉਹੀ ਬਰਗਾੜੀ ਦੇ ਵਿੱਚ, ਉਹੀ ਕਾਰਨਾਂ ਕਰਕੇ ਸਿੱਖਾਂ ਨੂੰ ਮਾਰ ਦਿੱਤਾ ਗਿਆ। ਇਹ ਸਾਡੇ ਪਿਛਲੇ ਦਿਨਾਂ ਵਿੱਚ ਹੋਇਆ ਹੈ। ਉਦੋਂ ਅੰਗਰੇਜ਼ ਐਡਮਨਿਸਟਰੇਟਰ ਨੇ ਆਰਡਰ ਦਿੱਤੇ ਸੀ, ਹੁਣ ** ** (ਵਿਘਨ..ਸ਼ੋਰ) ਇਹ ਬਰਗਾੜੀ ਦੀ ਹਿਸਟਰੀ ਹੈ, ਬਰਗਾੜੀ ਨੇ ਦੁਹਰਾਈ ਹੈ।

**ਮਾਨਯੋਗ ਸਪੀਕਰ:** ਸਵਾਲ ਦਾ ਜਵਾਬ ਦਿਉ ਜੀ।

**ਮੰਤਰੀ:** ਸਪੀਕਰ ਸਾਹਿਬ, ਅੰਗਰੇਜ਼ ਸਿੱਖਾਂ ਨੂੰ, ਮਾਰਦੇ ਪਰ ** ** ਨੂੰ ਮਾਰਿਆ।

**ਮਾਨਯੋਗ ਸਪੀਕਰ:** ਚੰਨੀ ਜੀ, ਤੁਸੀਂ ਸਵਾਲ ਦਾ ਜਵਾਬ ਦਿਉ।

---

**Expunged as ordered by the Hon'ble Speaker.

**ਮੰਤਰੀ:** ਮੈਂ ਮੈਂਬਰ ਸਾਹਿਬ ਨੂੰ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ। (ਵਿਘਨ..ਸ਼ੋਰ) ਇਨ੍ਹਾਂ ਨੇ ਜੋ ਕੁਝ ਇਸ ਬਾਰੇ ਗੱਲ ਕਰਨੀ ਹੈ ਤਾਂ ਕਰ ਸਕਦੇ ਹਨ। ਮੇਰੇ ਤੋਂ ਕੋਈ ਸਵਾਲ ਪੁੱਛਣਾ ਹੋਵੇ ਤਾਂ ਬਾਅਦ ਵਿੱਚ ਕਰ ਲੈਣ। ਮੈਂ ਬਿਲਕੁਲ ਤੱਥਾਂ ਦੇ ਆਧਾਰ ਤੇ ਸਾਰੀ ਹਿਸਟਰੀ ਨੂੰ ਪਹਿਲਾਂ ਪੜ੍ਹ ਕੇ ਫਿਰ ਬੋਲ ਰਿਹਾ ਹਾਂ। ਸੌ ਸਾਲ ਪਹਿਲਾਂ ਬਰਗਾੜੀ ਦਾ ਇਤਿਹਾਸ 90-95 ਸਾਲ ਬਾਅਦ ਦੁਹਰਾਇਆ ਗਿਆ ਬਦਕਿਸਮਤੀ ਨਾਲ ** ** (ਵਿਘਨ..ਸ਼ੋਰ) ਮੈਂ ਮੈਂਬਰ ਸਾਹਿਬ ਤੁਹਾਨੂੰ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ.....(ਵਿਘਨ)

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ਜੀ।ਮਾਨਯੋਗ ਸਪੀਕਰ ਸਾਹਿਬ, ਬਹੁਤ ਹੀ ਸਤਿਕਾਰਯੋਗ ਮੰਤਰੀ ਸਾਹਿਬ ਨੇ ਜਿਹੜੀ ਸਾਡੀ ਧਰੋਹਰ ਹਿਸਟਰੀ ਬਾਰੇ ਦੱਸਿਆ ਹੈ, ਮੈਂ ਉਸ ਸਬੰਧੀ ਤੁਹਾਡੇ ਰਾਹੀਂ ਧੰਨਵਾਦ ਕਰਦਾ ਹਾਂ ਪਰ ਮੈਂ ਮੰਤਰੀ ਸਾਹਿਬ ਤੋਂ ਹੱਥ ਜੋੜ ਕੇ ਪੁੱਛਦਾ ਹਾਂ ਕਿ ਤਿੰਨ ਸਾਲ ਹੋ ਗਏ ਹਨ, ਆਪਾਂ ਕੀ ਕੀਤਾ ਹੈ? ਉਹ ਤਾਂ ਉਵੇਂ ਹੀ ਫਿਰਦੇ ਹਨ।

**ਮਾਨਯੋਗ ਸਪੀਕਰ:** ਚੰਨੀ ਜੀ, ਸਵਾਲ ਤੇ ਆ ਜਾਓ।

**ਮੰਤਰੀ:** ਸਪੀਕਰ ਸਾਹਿਬ, ਮੈਂ ਸਵਾਲ ਤੇ ਹੀ ਆ ਰਿਹਾ ਹਾਂ। ਪਹਿਲੇ ਦਿਨ ਹੀ ਸੀ.ਐਮ. ਸਾਹਿਬ ਨੇ ਵੀ ਵਿਸ਼ਵਾਸ ਦਿਵਾ ਦਿੱਤਾ ਸੀ।(ਵਿਘਨ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਬੋਲ ਰਹੇ ਸਨ।)

**ਮਾਨਯੋਗ ਸਪੀਕਰ:** ਚੰਨੀ ਜੀ, ਸਵਾਲ ਤੇ ਆ ਜਾਓ।

**ਮੰਤਰੀ:** ਸਪੀਕਰ ਸਾਹਿਬ, ਜੋ ਮੈਂਬਰ ਸਾਹਿਬ ਨੇ ਕਿਹਾ ਹੈ, ਅਸੀਂ ਉਹ ਜ਼ਰੂਰ ਬਣਾਵਾਂਗੇ। ਸਾਡੀ ਏ.ਡੀ.ਬੀ. ਬੈਂਕ ਦੇ ਨਾਲ ਗੱਲ ਚੱਲ ਰਹੀ ਹੈ। ਉਸ ਵਿੱਚ ਇਸ ਪ੍ਰੋਗਰਾਮ ਨੂੰ ਲੈ ਲਿਆ ਜਾਵੇਗਾ। ਮੈਂਬਰ ਸਾਹਿਬ, ਅਸੀਂ ਯਾਦਗਾਰ ਜ਼ਰੂਰ ਬਣਾਵਾਂਗੇ।

**ਮਾਨਯੋਗ ਸਪੀਕਰ:** ਬਣ ਜਾਣਗੇ ਜੀ, ਮੰਤਰੀ ਜੀ ਕਹਿੰਦੇ ਹਨ ਕਿ ਬੈਂਕ ਨਾਲ ਗੱਲ ਚੱਲ ਰਹੀ ਹੈ।

**ਸਰਦਾਰ ਬਲਦੇਵ ਸਿੰਘ ਕਲਿਆਣ:** ਸਪੀਕਰ ਸਾਹਿਬ, ਮੈਂ ਪਹਿਲਾਂ ਸਪਲੀਮੈਂਟਰੀ ਕਰਨੀ ਹੈ ਅਤੇ ਧੰਨਵਾਦ ਬਾਅਦ ਵਿੱਚ ਕਰਾਂਗਾ ਕਿਉਂਕਿ ਮੈਂ ਇੱਕ ਮਿੰਟ ਵਿੱਚ ਆਪਣੀ ਗੱਲ ਸਪੱਸ਼ਟ ਕਰਨੀ ਹੈ। ਇਸ ਨੂੰ ਟਾਈਮ ਬਾਊਂਡ ਵੀ ਕਰਵਾਉਣਾ ਹੈ। ਮੰਤਰੀ ਸਾਹਿਬ ਜੀ ਨੇ ਸਾਰੀ ਗੱਲ ਬੜੀ ਘੁਮਾ-ਫਿਰਾ ਕੇ ਕੀਤੀ ਹੈ। ਦੋ ਦਿਨ ਪਹਿਲਾਂ ਵਿੱਤ ਮੰਤਰੀ ਸਾਹਿਬ ਨੇ ਵੀ ਗੱਲ ਘੁੰਮਾਈ ਹੈ। ਜਿਹੜਾ ਵਿੱਤ ਮੰਤਰੀ ਸਾਹਿਬ ਇੱਥੇ ਬੋਲੇ

---

**Expunged as ordered by the Hon'ble Speaker.

[ਸਰਦਾਰ ਬਲਦੇਵ ਸਿੰਘ ਕਲਿਆਣ]

ਹਨ, ਉਹ ਵੀ ਤੁਸੀਂ ਕਢਵਾ ਕੇ ਦੇਖ ਲਓ। ਵਿੱਤ ਮੰਤਰੀ ਜੀ ਨੇ ਵੰਡੀ ਸ਼ੀਰਣੀ ਤੇ ਮੁੜ-ਮੁੜ ਘਰਦਿਆਂ ਨੂੰ ਦੇ, ਇਕੱਲੇ-ਇਕੱਲੇ ਮੈਂਬਰਾਂ ਨੂੰ ਉਠਾ ਕੇ ਉਧਰਲੇ ਪਾਸੇ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ ਕਰਦੇ ਹੋਏ) ਵਾਲਿਆਂ ਨੂੰ ਕਿਹਾ ਕਿ ਤੁਹਾਡੇ ਹਲਕੇ ਲਈ ਇੰਨਾ ਬਜਟ ਦੇ ਦਿੱਤਾ, ਤੁਹਾਨੂੰ ਇੰਨਾ ਬਜਟ ਦੇ ਦਿੱਤਾ।ਕੀ ਅਸੀਂ ਪੰਜਾਬ ਵਿੱਚ ਨਹੀਂ ਵੱਸਦੇ, ਕੀ ਅਸੀਂ ਜਿੱਤ ਕੇ ਨਹੀਂ ਆਏ? ਅਸੀਂ ਵੀ ਜਿੱਤ ਕੇ ਆਏ ਹਾਂ, ਬਰਾਬਰ ਜਿੱਤ ਕੇ ਆਏ ਹਾਂ (ਆਮ ਆਦਮੀ ਪਾਰਟੀ ਦੇ ਮੈਂਬਰਾਂ ਵੱਲੋਂ ਥੰਪਿੰਗ) ਇੱਧਰ ਵੀ ਇੱਕ ਬੰਦੇ ਦਾ ਨਾਂ ਲੈ ਦਿੰਦੇ।

**ਮਾਨਯੋਗ ਸਪੀਕਰ:** ਸਰਦਾਰ ਬਲਦੇਵ ਸਿੰਘ ਜੀ, ਸੁਣੋ ਗੱਲ। ਇਹ ਮਸਲਾ ਬਜਟ ਤੇ ਬੋਲਣ ਦਾ ਹੈ, ਤੁਸੀਂ ਜਦੋਂ ਬਜਟ ਤੇ ਬੋਲਣਾ ਹੈ, ਉਦੋਂ ਬੋਲ ਲੈਣਾ।ਸਵਾਲ ਦੀ ਗੱਲ ਕਰੋ, ਸਵਾਲ ਦੀ ਗੱਲ ਕਰੋ (ਵਿਘਨ)

**ਸਰਦਾਰ ਬਲਦੇਵ ਸਿੰਘ ਕਲਿਆਣ:** ਸਪੀਕਰ ਸਾਹਿਬ, ਬਜਟ ਦੇ ਵਿੱਚ ਰੱਜ ਕੇ 38 ਕਰੋੜ ਰੁਪਿਆ ਘੁਮਾ-ਫਿਰਾ ਕੇ ਪੂਰੇ ਪੰਜਾਬ ਦੀਆਂ...(ਵਿਘਨ) ਇਸ ਕਰਕੇ ਮੈਂ ਚਾਹੁੰਦਾ ਹਾਂ ਕਿ ਮੰਤਰੀ ਸਾਹਿਬ ਟਾਈਮ ਬਾਊਂਡ ਕਰਨ।

**ਮਾਨਯੋਗ ਸਪੀਕਰ:** ਤੁਸੀਂ ਕੁਝ ਪੁੱਛਣਾ ਹੈ ਜਾਂ ਨਹੀਂ ਪੁੱਛਣਾ? (ਵਿਘਨ)

---

## ਹਲਕਾ ਮਹਿਲ ਕਲਾਂ ਦੀਆਂ ਟੁੱਟੀਆਂ ਹੋਈਆਂ ਨਹਿਰਾਂ ਦੀ ਮੁਰੰਮਤ ਕਰਵਾਉਣਾ

***2562. ਸਰਦਾਰ ਕੁਲਵੰਤ ਸਿੰਘ ਪੰਡੋਰੀ:** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸੰਗਰੂਰ ਜ਼ਿਲ੍ਹੇ ਦੇ ਬਹੁਤ ਸਾਰੇ ਹਲਕੇ ਡਾਰਕ ਜ਼ੋਨ ਐਲਾਨੇ ਗਏ ਹਨ, ਜਿਨ੍ਹਾਂ ਵਿੱਚੋਂ ਮਹਿਲ ਕਲਾਂ ਵੀ ਇੱਕ ਹੈ, ਜਿਸ ਦੇ ਸਿੱਟੇ ਵਜੋਂ ਇਸ ਖੇਤਰ ਵਿੱਚ ਬੋਰ ਕਰਨ ਦੀ ਵੀ ਪਾਬੰਦੀ ਹੈ; ਜੇਕਰ ਅਜਿਹਾ ਹੋਵੇ ਤਾਂ ਕਿਸਾਨਾਂ ਨੂੰ ਨਹਿਰੀ ਪਾਣੀ ਦੀ ਵਰਤੋਂ ਮੁਹੱਈਆ ਕਰਵਾਉਣ ਲਈ ਹਲਕੇ ਦੀਆਂ ਟੁੱਟੀਆਂ ਹੋਈਆਂ ਨਹਿਰਾਂ ਦੀ ਮੁਰੰਮਤ ਕਦੋਂ ਤੱਕ ਕਰਵਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ:** ਹਾਂ ਜੀ, ਸੰਗਰੂਰ ਜ਼ਿਲ੍ਹੇ ਦੇ ਬਹੁਤ ਸਾਰੇ ਹਲਕੇ ਡਾਰਕ ਜ਼ੋਨ ਐਲਾਨੇ ਗਏ ਹਨ, ਜਿਨ੍ਹਾਂ ਵਿੱਚੋਂ ਮਹਿਲ ਕਲਾਂ ਵੀ ਇੱਕ ਹੈ ਅਤੇ ਇਸ ਡਾਰਕ ਜ਼ੋਨ ਹਲਕੇ ਵਿੱਚ ਉਦਯੋਗਿਕ/ਵਪਾਰਕ ਮੰਤਵ ਲਈ ਬੋਰ ਕਰਨ ਤੇ ਕੁਝ ਪਾਬੰਦੀਆਂ ਲਗਾਈਆਂ ਗਈਆਂ ਹਨ ਪਰੰਤੂ ਜੇਕਰ ਬੋਰ ਖੇਤਾਂ ਦੀ ਸਿੰਚਾਈ ਲਈ ਕੀਤਾ ਜਾਣਾ ਹੈ ਤਾਂ 4 ਹੈਕਟੇਅਰ ਤੱਕ ਪਾਬੰਦੀ ਨਹੀਂ ਹੈ।

ਮਹਿਲ ਕਲਾਂ ਹਲਕੇ ਨੂੰ ਕਲਿਆਣ ਰਜਬਾਹਾ, ਬਰਨਾਲਾ ਰਜਬਾਹਾ ਸਿਸਟਮ

ਅਤੇ ਹੰਡਿਆਇਆ ਮਾਈਨਰ ਸਿਸਟਮ ਰਾਹੀਂ ਸਿੰਜਾਈ ਦੇ ਪਾਣੀ ਦੀ ਸਹੂਲਤ ਦਿੱਤੀ ਜਾਂਦੀ ਹੈ। ਉਕਤ ਸਾਰੇ ਰਜਬਾਹੇ/ਮਾਈਨਰ ਪੱਕੇ (ਬਰਿੱਕ ਲਾਈਨ) ਹਨ ਅਤੇ ਇਹ ਲਾਈਨਿੰਗ ਦਾ ਕੰਮ ਲਗਭਗ 30 ਤੋਂ 40 ਸਾਲ ਪਹਿਲਾਂ ਕਰਵਾਇਆ ਗਿਆ ਸੀ। ਇਹ ਸਿਸਟਮ ਪੁਰਾਣੇ ਹੋਣ ਕਾਰਨ ਇਨ੍ਹਾਂ ਦੀ ਮੁੜ ਉਸਾਰੀ/ਰੀਲਾਈਨਿੰਗ ਦੀ ਜ਼ਰੂਰਤ ਹੈ ਅਤੇ ਭਵਿੱਖ ਵਿੱਚ ਫੰਡਾਂ ਦੀ ਉਪਲਬਧਤਾ ਨੂੰ ਮੁੱਖ ਰੱਖਦੇ ਹੋਏ ਇਨ੍ਹਾਂ ਸਿਸਟਮਾਂ ਦੀ ਰੀਲਾਈਨਿੰਗ ਦੇ ਪ੍ਰਾਜੈਕਟਾਂ ਨੂੰ ਜਲਦੀ ਹੀ ਵਿਚਾਰ ਲਿਆ ਜਾਵੇਗਾ।

**ਸਰਦਾਰ ਕੁਲਵੰਤ ਸਿੰਘ ਪੰਡੋਰੀ:** ਸਪੀਕਰ ਸਾਹਿਬ, ਪਹਿਲਾਂ ਤਾਂ ਮੈਂ ਸਤਿਕਾਰਯੋਗ ਮੰਤਰੀ ਸਾਹਿਬ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਐਤਕੀਂ ਮੇਰੇ ਹਲਕੇ ਵਿੱਚ ਪਹਿਲੀ ਵਾਰੀ ਹੋਇਆ ਹੈ ਕਿ ਜਿਹੜਾ ਫਸਲਾਂ ਦਾ ਉਜਾੜਾ ਹੁੰਦਾ ਸੀ, ਉਹ ਹੋਣ ਤੋਂ ਰੁਕ ਗਿਆ ਹੈ। ਦੂਸਰਾ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ। ਮੇਰਾ ਸਵਾਲ ਇਹ ਹੈ ਕਿ ਜਿਹੜੇ ਸਾਡੇ ਪੱਕੇ ਖਾਲ ਸਨ, ਉਹ ਕਿਸਾਨਾਂ ਵੱਲੋਂ ਜ਼ਮੀਨਾਂ ਵਿੱਚ ਹੀ ਰਲਾ ਲਏ ਗਏ ਹਨ ਅਤੇ ਢਾਹ ਦਿੱਤੇ ਗਏ ਹਨ। ਜਿਹੜੀਆਂ ਕੱਸੀਆਂ ਨਿਕਲਦੀਆਂ ਸਨ, ਉਹ ਵੀ ਕਿਸਾਨਾਂ ਨੇ ਕਾਫੀ ਖੇਤਾਂ ਵਿੱਚ ਰਲਾ ਲਈਆਂ ਹਨ। ਮੇਰਾ ਕਹਿਣ ਤੋਂ ਭਾਵ ਹੈ ਕਿ ਜਿਹੜੇ ਖਾਲ ਹਨ, ਉਹ ਕਦੋਂ ਤੱਕ ਪੱਕੇ ਕਰਵਾ ਦਿੱਤੇ ਜਾਣਗੇ ਅਤੇ ਕਦੋਂ ਤੱਕ ਉਨ੍ਹਾਂ ਦੀ ਮੁਰੰਮਤ ਕਰਵਾ ਦਿੱਤੀ ਜਾਵੇਗੀ? ਜਿਹੜੀ ਜਗ੍ਹਾ ਕਿਸਾਨਾਂ ਵੱਲੋਂ ਰੋਕ ਲਈ ਗਈ ਹੈ, ਚਾਹੇ ਉਹ ਕੱਸੀਆਂ ਵਿੱਚ ਹੈ, ਚਾਹੇ ਉਹ ਰਜਬਾਹਿਆਂ ਦੇ ਵਿੱਚ ਹੈ, ਉਹ ਕਦੋਂ ਤੱਕ ਛੁਡਵਾ ਦਿੱਤੀ ਜਾਏਗੀ?

**ਮਾਨਯੋਗ ਸਪੀਕਰ:** ਮੈਂਬਰ ਸਾਹਿਬ ਕੋਈ ਟਾਈਮ ਲਾਈਨ ਦੀ ਗੱਲ ਕਰ ਰਹੇ ਹਨ ਜੀ।

**ਮੰਤਰੀ:** ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਰੀਲਾਈਨਿੰਗ ਦੀ ਗੱਲ ਤਾਂ ਦੱਸ ਦਿੱਤੀ ਹੈ। ਇਹ ਸਾਰਾ ਪ੍ਰਾਜੈਕਟ ਸਾਡੇ ਕੋਲ ਬਣਿਆ ਪਿਆ ਹੈ। ਇਸ ਸਬੰਧੀ ਸੈਂਟਰ ਗੌਰਮਿੰਟ ਨੂੰ ਲਿਖ ਕੇ ਭੇਜਿਆ ਹੋਇਆ ਹੈ, ਜਦੋਂ ਸਾਡੇ ਕੋਲ ਪੈਸੇ ਉਪਲਬਧ ਹੋ ਜਾਣਗੇ, ਉਸ ਟਾਈਮ ਕਰਵਾ ਦਿਆਂਗੇ। ਮੈਂਬਰ ਸਾਹਿਬ ਨੇ ਕਿਹਾ ਹੈ ਕਿ ਕੁਝ ਖਾਲ ਲੋਕਾਂ ਨੇ ਢਾਹ ਦਿੱਤੇ ਹਨ ਅਤੇ ਉਨ੍ਹਾਂ ਤੇ ਨਾਜਾਇਜ਼ ਕਬਜ਼ੇ ਹੋ ਗਏ ਹਨ। ਇਹ ਸਵਾਲ ਵਿੱਚ ਪੁੱਛਿਆ ਨਹੀਂ ਗਿਆ ਸੀ। ਮੈਂ ਗ੍ਰੀਵੈਂਸਿਜ਼ ਕਮੇਟੀ ਵਿੱਚ ਗਿਆ ਸੀ, ਮੈਂ ਉਥੇ ਵੀ ਇਨ੍ਹਾਂ ਨਾਲ ਗੱਲ ਕੀਤੀ ਸੀ ਅਤੇ ਮੈਂ ਮੈਂਬਰ ਸਾਹਿਬ ਨੂੰ ਕਿਹਾ ਸੀ ਕਿ ਤੁਸੀਂ ਲਿਖ ਕੇ ਦੇ ਦਿਓ। ਜਿੱਥੇ-ਜਿੱਥੇ ਲੋਕਾਂ ਵੱਲੋਂ ਖਾਲ ਢਾਹ ਦਿੱਤੇ ਗਏ ਹਨ ਜਾਂ ਫਿਰ ਜਿੱਥੇ ਨਾਜਾਇਜ਼ ਕਬਜ਼ੇ ਕੀਤੇ ਗਏ ਹਨ, ਅਸੀਂ ਉਨ੍ਹਾਂ ਦਾ ਦੁਬਾਰਾ ਸਰਵੇ ਕਰਵਾ ਕੇ, ਉਥੇ ਖਾਲ ਪੁਆ ਦਿਆਂਗੇ।

**ਮਾਨਯੋਗ ਸਪੀਕਰ:** ਹੋ ਗਿਆ ਜੀ, ਹੋ ਗਿਆ। ਸਪਲੀਮੈਂਟਰੀਜ਼ ਦੋ ਹੁੰਦੀਆਂ ਹਨ ਪਰ ਤੁਹਾਡੀਆਂ ਤਿੰਨ ਹੋ ਗਈਆਂ। ਹਾਂ ਜੀ, ਸਰਦਾਰ ਸਿਮਰਜੀਤ ਸਿੰਘ ਜੀ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਤੋਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਫਾਜ਼ਿਲਕਾ ਨੇ ਨੇੜੇ ਕੋਇਲਖੇੜਾ ਪਿੰਡ ਹੈ। ਕੋਇਲਖੇੜਾ ਦੇ ਨਾਲ ਲੱਗਦੇ 5-6 ਪਿੰਡਾਂ ਨੂੰ ਪੰਜਾਵਾ ਮਾਈਨਰ ਫੀਡ ਕਰਦਾ ਹੈ, ਉਸ ਦੀ ਟੇਲ ਦੇ ਉੱਤੇ ਪਾਣੀ ਨਹੀਂ ਪਹੁੰਚਦਾ। ਉਥੇ ਪਿੰਡਾਂ ਵਾਲਿਆਂ ਨੇ ਬਹੁਤ ਵਾਰੀ agitation ਕੀਤੇ, ਇੱਥੋਂ ਤੱਕ ਕਿ ਉਨ੍ਹਾਂ ਨੇ ਇੱਕ ਦਿਨ ਪਿੰਡ ਦੀ ਨਿਲਾਮੀ ਲਗਾ ਦਿੱਤੀ। ਖੇਤੀਬਾੜੀ ਲਈ ਪਾਣੀ ਤਾਂ ਬਹੁਤ ਦੂਰ ਦੀ ਗੱਲ ਹੈ (ਵਿਘਨ,ਸ਼ੋਰ)

**ਮਾਨਯੋਗ ਸਪੀਕਰ:** ਬੈਂਸ ਸਾਹਿਬ, ਇਹ ਵੱਖਰਾ ਸਵਾਲ ਬਣਦਾ ਹੈ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਇਹ ਸਵਾਲ ਵੀ ਨਾਲ ਰਲਦਾ ਹੀ ਹੈ ਜੀ। ਇਹ ਪਾਣੀਆਂ ਵਾਲਾ ਹੀ ਸਵਾਲ ਹੈ।

**ਮਾਨਯੋਗ ਸਪੀਕਰ:** ਬੇਸ਼ੱਕ ਇਹ ਪਾਣੀਆਂ ਵਾਲਾ ਸਵਾਲ ਹੈ ਪਰ ਇਹ ਵੱਖਰਾ ਸਵਾਲ ਬਣਦਾ ਹੈ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਇਹ ਬੜਾ ਅਹਿਮ ਸਵਾਲ ਹੈ। ਸਰ, ਮੇਰੀ ਇਹ ਛੋਟੀ ਜਿਹੀ ਹੀ ਬੇਨਤੀ ਹੈ।ਉਹ ਕੀ ਕਰਦੇ ਹਨ ਕਿ ਪਸ਼ੂਆਂ ਵਾਸਤੇ ਅਤੇ ਕੋਈ ਘਰੇਲੂ ਵਰਤੋਂ ਲਈ ਨਾਲ ਵਗਦੀ ਗੰਗ ਕੈਨਾਲ ਜੋ ਕਿ ਰਾਜਸਥਾਨ ਨੂੰ ਫਰੀ ਪਾਣੀ ਲੈ ਕੇ ਜਾਂਦੀ ਹੈ, ਉਸ ਵਿੱਚੋਂ ਪਾਣੀ ਦਾ ਟੈਂਕਰ ਭਰ ਕੇ ਲਿਆਉਂਦੇ ਹਨ ਤਾਂ ਪੁਲਿਸ ਆ ਕੇ ਖੜ੍ਹ ਜਾਂਦੀ ਹੈ। ਸਰ, ਤੁਹਾਡੇ ਜ਼ਰੀਏ ਮੇਰੀ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਫਾਜ਼ਿਲਕਾ ਦੇ ਨੇੜੇ ਕੋਇਲਖੇੜਾ ਅਤੇ ਜਿਹੜੇ 5-6 ਹੋਰ ਪਿੰਡ ਹਨ, ਉਨ੍ਹਾਂ ਨੂੰ ਪਾਣੀ ਪਹੁੰਚਣ ਦਾ ਯੋਗ ਉਪਰਾਲਾ ਕਦੋਂ ਕਰ ਦੇਣਗੇ?

**ਮਾਨਯੋਗ ਸਪੀਕਰ:** ਇੱਕ ਮਿੰਟ ਜੀ, ਇੱਕ ਮਿੰਟ। ਇਸ ਤਰ੍ਹਾਂ ਨਹੀਂ ਹੁੰਦਾ। ਇਹ ਸਵਾਲ ਵੱਖਰਾ ਬਣਦਾ ਹੈ ਪਰ ਮੰਤਰੀ ਜੀ ਜੇਕਰ ਤੁਸੀਂ ਜਵਾਬ ਦੇਣਾ ਚਾਹੁੰਦੇ ਹੋ ਤਾਂ ਦੇ ਸਕਦੇ ਹੋ but no compulsion.

**ਮੰਤਰੀ:** ਹਾਂ ਜੀ, ਮੈਨੂੰ ਪਤਾ ਹੈ ਕਿ ਵੱਖਰਾ ਸਵਾਲ ਬਣਦਾ ਹੈ ਪਰ ਫਿਰ ਵੀ ਜਿਹੜੀ ਇਨ੍ਹਾਂ ਨੇ ਧਿਆਨ ਵਿੱਚ ਗੱਲ ਲਿਆਂਦੀ ਹੈ ਤਾਂ ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਉਸ ਨੂੰ ਜ਼ਰੂਰ ਵੈਰੀਫਾਈ ਕਰ ਲਵਾਂਗੇ।

**ਮਾਨਯੋਗ ਸਪੀਕਰ:** ਥੈਂਕ ਯੂ ਜੀ।ਹਾਂ ਜੀ, ਚੰਦੂਮਾਜਰਾ ਜੀ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਸਰ, ਧਰਤੀ ਹੇਠਲੇ ਪਾਣੀ ਨੂੰ ਸਾਂਭਣ ਦਾ ਸਭ ਤੋਂ ਵਧੀਆ ਜ਼ਰੀਆ ਨਹਿਰੀ ਪਾਣੀ ਹੈ। ਮੰਤਰੀ ਸਾਹਿਬ ਨੇ ਕਿਹਾ ਹੈ ਕਿ ਅਸੀਂ ਕੇਂਦਰ ਸਰਕਾਰ ਨੂੰ ਲਿਖ ਕੇ ਭੇਜ ਦਿੱਤਾ ਹੈ। ਮੈਂ ਮੰਤਰੀ ਸਾਹਿਬ ਨੂੰ ਪੁੱਛਣਾ

ਚਾਹੁੰਦਾ ਹਾਂ ਕਿ ਕੇਂਦਰ ਸਰਕਾਰ ਤੋਂ ਕਦੋਂ ਤੱਕ ਇਸ ਦੀ ਉਮੀਦ ਹੈ ਅਤੇ ਦੂਜੀ ਗੱਲ ਪੰਜਾਬ ਸਰਕਾਰ ਨੇ ਵੀ ਇਨ੍ਹਾਂ ਰਜਬਾਹਿਆਂ ਲਈ ਕੁਝ ਕੀਤਾ ਹੈ? ਜਿਵੇਂ ਮੇਰੇ ਹਲਕਾ ਸਨੌਰ ਦੇ ਵਿੱਚ, ਪਟਿਆਲਾ ਦੇ ਵਿੱਚ ਘੜਾਮ ਸਿਸਟਮ, ਰੌਲੀ ਸਿਸਟਮ, ਸਨੌਰ ਸਿਸਟਮ ਹਨ। ਕੀ ਪੰਜਾਬ ਸਰਕਾਰ ਨੇ ਵੀ ਨਹਿਰਾਂ ਪੱਕੀਆਂ ਕਰਨ ਵਾਸਤੇ ਇਸ ਦੇ ਲਈ ਕੋਈ ਬਜਟ ਰੱਖਿਆ ਹੈ?

**ਮਾਨਯੋਗ ਸਪੀਕਰ:** ਮੰਤਰੀ ਜੀ, ਤੁਸੀਂ ਦੱਸੋ ਜੀ ਕਿ ਤੁਸੀਂ ਆਪਣੇ ਲੈਵਲ ਤੇ ਕੋਈ ਉਪਰਾਲਾ ਕਰ ਰਹੇ ਹੋ?

**ਮੰਤਰੀ:** ਸਪੀਕਰ ਸਾਹਿਬ, ਜਿਹੜੀਆਂ ਸੈਂਟਰ ਤੋਂ ਵੀ ਸਕੀਮਾਂ ਭੇਜੀਆਂ ਜਾਂਦੀਆਂ ਹਨ, ਉਸ ਦੇ ਵਿੱਚ ਵੀ ਪੰਜਾਬ ਸਰਕਾਰ ਆਪਣਾ ਹਿੱਸਾ ਪਾਉਂਦੀ ਹੈ।

**ਮਾਨਯੋਗ ਸਪੀਕਰ:** ਹਾਂ ਜੀ, ਸ਼ੇਅਰ ਹੁੰਦਾ ਹੈ।

**ਮੰਤਰੀ:** ਬਾਕੀ ਜਿਹੜੀ ਇਨ੍ਹਾਂ ਨੇ ਵੱਖਰੇ ਤੌਰ ਤੇ ਗੱਲ ਕੀਤੀ ਹੈ ਤਾਂ ਇਸ ਵਾਰ ਬਜਟ ਵਿੱਚ ਐਸਾ ਕੁਝ ਵੀ ਨਹੀਂ ਰੱਖਿਆ ਗਿਆ।

**ਸਰਦਾਰ ਅਮਰਜੀਤ ਸਿੰਘ ਸੰਦੋਆ:** ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਜਿਹੜਾ ਸਤਲੁਜ ਦਰਿਆ ਸਾਡੇ ਕੋਲੋਂ ਲੰਘਦਾ ਹੈ, ਉਸ ਵਿੱਚੋਂ ਰੋਪੜ ਦੇ ਲੋਕਾਂ ਨੂੰ ਦਸ਼ਮੇਸ਼ ਨਹਿਰ ਦਾ ਪਾਣੀ ਦਿੱਤਾ ਜਾਵੇ। ਪਾਣੀ ਤਾਂ ਸਾਡਾ ਜਾਂਦਾ ਹੈ ਪਰ ਅੱਗੇ ਪਟਿਆਲਾ, ਫਰੀਦਕੋਟ ਵਾਲੇ ਸਾਰਾ ਪਾਣੀ ਲੈਂਦੇ ਹਨ। ਰੋਪੜ ਵਾਲਿਆਂ ਦਾ ਵੀ ਖਿਆਲ ਰੱਖ ਲਵੋ ਕਿ ਜਿਹੜਾ ਨਹਿਰ ਦਾ ਪਾਣੀ ਜਾਂਦਾ ਹੈ, ਉਹ ਸਾਨੂੰ ਵੀ ਦੇ ਦਿਓ। ਸਪੀਕਰ ਸਾਹਿਬ, ਤੁਸੀਂ ਬਹੁਤ ਉੱਚੀ ਕੁਰਸੀ ਤੇ ਬੈਠੇ ਹੋ। ਮੰਤਰੀ ਸਾਹਿਬ ਨੂੰ ਬੇਨਤੀ ਕਰ ਦਿਓ ਕਿ ਰੋਪੜ ਦੇ ਲੋਕਾਂ ਨੂੰ ਵੀ ਪਾਣੀ ਮਿਲ ਜਾਵੇ। ਤੁਹਾਡਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਵੀ ਨਾਲ ਹੀ ਲੱਗਦਾ ਹੈ।ਵੈਸੇ ਤਾਂ ਤੁਸੀਂ ਰੋਪੜ ਦੇ ਵੀ ਮਾਲਕ ਹੋ।

**ਮਾਨਯੋਗ ਸਪੀਕਰ:** ਜਿੱਥੇ ਮੋਘੇ ਮੰਗਦੇ ਹਨ, ਉੱਥੇ ਡਿਪਾਰਟਮੈਂਟ ਦੇ ਰਿਹਾ ਹੈ।

**ਸਰਦਾਰ ਅਮਰਜੀਤ ਸਿੰਘ ਸੰਦੋਆ:** ਸਰ, ਸਾਡੇ ਹਲਕੇ ਨੂੰ ਤਾਂ ਪਾਣੀ ਮਿਲ ਸਕਦਾ ਹੈ। ਪਹਿਲਾਂ ਵੀ ਤਾਂ ਨਹਿਰ ਖੋਲ੍ਹੀ ਹੋਈ ਸੀ।

**ਮਾਨਯੋਗ ਸਪੀਕਰ:** ਹਾਂ ਜੀ, ਵੱਖਰਾ ਬੰਦੋਬਸਤ ਕਰਨਾ ਚਾਹੀਦਾ ਹੈ। ਵਜ਼ੀਰ ਸਾਹਿਬ, ਸਾਡੇ ਇਲਾਕਿਆਂ ਦੀ ਇੱਕੋ ਹੀ ਮੰਗ ਹੈ ਕਿ ਦਸ਼ਮੇਸ਼ ਨਹਿਰ ਦਾ ਕਲਿਆਣ ਕਰ ਦਿਓ, ਸਭ ਦਾ ਹੀ ਹੀਲਾ ਹੋ ਜਾਣਾ ਹੈ। ਕਈ ਜ਼ਿਲ੍ਹਿਆਂ ਦਾ ਹੀਲਾ ਹੋ ਜਾਣਾ ਹੈ। ਸਰਦਾਰ ਹਰਦਿਆਲ ਸਿੰਘ ਕੰਬੋਜ ਜੀ ਬੈਠੇ ਹਨ, ਉਨ੍ਹਾਂ ਦੇ ਹਲਕੇ ਦਾ ਵੀ ਹੀਲਾ ਹੋ ਜਾਣਾ ਹੈ। ਸਭ ਦਾ ਹੀ ਹੀਲਾ ਹੋ ਜਾਣਾ ਹੈ। ਉਨ੍ਹਾਂ ਨੇ ਸਵਾਲ ਠੀਕ ਉਠਾਇਆ ਹੈ।

**ਮੰਤਰੀ:** ਠੀਕ ਹੈ ਜੀ।

---

## ਸਾਲ 2018-19 ਵਿੱਚ ਕੁੱਲ ਦੁੱਧ ਦੀ ਪੈਦਾਵਾਰ ਅਤੇ ਵਿਕਰੀ

***2442. ਸ਼੍ਰੀ ਅਵਤਾਰ ਸਿੰਘ ਜੂਨੀਅਰ:** ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਰਾਜ ਵਿੱਚ ਸਾਲ 2018-2019 ਵਿੱਚ ਕੁੱਲ ਦੁੱਧ ਦੀ ਪੈਦਾਵਾਰ/ ਪ੍ਰੋਸੈਸਿੰਗ (ਲੀਟਰਾਂ ਵਿੱਚ) ਕਿੰਨੀ ਹੈ;

(ਅ) ਉਪਰੋਕਤ ਦੁੱਧ ਦੀ ਵਿਕਰੀ ਅਤੇ ਪੈਕਿੰਗ ਲਈ ਵਰਤੇ ਗਏ ਪਲਾਸਟਿਕ ਦੇ ਲਿਫਾਫਿਆਂ ਦੀ ਕੁੱਲ ਗਿਣਤੀ ਕਿੰਨੀ ਹੈ?

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ) :** (ੳ) ਸਾਲ 2018-19 ਦੌਰਾਨ ਦੁੱਧ ਦੇ ਉਤਪਾਦਨ ਦੇ ਅੰਕੜੇ ਡਾਇਰੈਕਟਰ ਪਸ਼ੂ ਪਾਲਣ ਵਿਭਾਗ, ਪੰਜਾਬ ਕੋਲ ਉਪਲਬਧ ਹਨ। ਡਾਇਰੈਕਟਰ ਪਸ਼ੂ ਪਾਲਣ ਦੇ ਅਨੁਸਾਰ 125988.1 ਲੱਖ ਲੀਟਰ ਦੁੱਧ ਸਾਲ 2018-19 ਵਿੱਚ ਸੰਗਠਿਤ ਸੈਕਟਰ ਵਿੱਚ ਪ੍ਰੋਸੈਸ ਕੀਤਾ ਗਿਆ ਸੀ।

ਮਿਲਕਫੈੱਡ ਪੰਜਾਬ ਨੇ ਸਾਲ 2018-19 ਵਿੱਚ 5991.76 ਲੱਖ ਲੀਟਰ ਦੁੱਧ ਦੀ ਖਰੀਦ/ ਪ੍ਰੋਸੈਸਿੰਗ ਕੀਤੀ।

(ਅ) ਮਿਲਕਫੈੱਡ ਵਿੱਚ ਦੁੱਧ ਦੀ ਵਿਕਰੀ ਅਤੇ ਪੈਕਿੰਗ ਲਈ ਵਰਤੇ ਗਏ ਪਲਾਸਟਿਕ ਦੇ ਲਿਫਾਫਿਆਂ ਦੀ ਗਿਣਤੀ ਲਗਭਗ 80 ਕਰੋੜ ਸੀ ਅਤੇ ਇਨ੍ਹਾਂ ਨੂੰ ਬਣਾਉਣ ਲਈ 1803.679 ਮੀਟ੍ਰਿਕ ਟਨ ਪਲਾਸਟਿਕ ਫਿਲਮ ਦਾ ਇਸਤੇਮਾਲ ਕੀਤਾ ਗਿਆ ਸੀ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਪੀਕਰ ਸਾਹਿਬ, ਤੁਹਾਡੀ ਮਾਰਫਤ ਮੈਂ ਵਜ਼ੀਰ ਸਾਹਿਬ ਨੂੰ ** ** ਵਜ਼ੀਰ ਸਾਹਿਬ, ਹੈਲਥ ਡਿਪਾਰਟਮੈਂਟ ਦੇ ਵਿੱਚ ਵੀ ਹਨ। ਸਰ, 80 ਕਰੋੜ ਪਲਾਸਟਿਕ ਦੇ ਲਿਫਾਫੇ ਇੱਕ ਸਾਲ ਦੇ ਵਿੱਚ ਵਰਤੇ ਗਏ। ਇਹ ਪ੍ਰਦੂਸ਼ਣ ਦਾ ਬਹੁਤ ਵੱਡਾ ਕਾਰਨ ਬਣ ਰਿਹਾ ਹੈ। ਸਰ, ਮੈਂ ਮੁਆਫੀ ਮੰਗਦਾ ਹਾਂ ਕਿ ਮੇਰੇ ਤੋਂ ** ** ਕਿਹਾ ਗਿਆ ਹੈ। Fortunately, ਇਹ ਹੈਲਥ ਡਿਪਾਰਟਮੈਂਟ ਦੇ ਵਜ਼ੀਰ ਵੀ ਹਨ। Sorry sir, ਇਸ ਨੂੰ ਐਕਸਪੰਜ ਕਰ ਦਿਓ।

**ਮਾਨਯੋਗ ਸਪੀਕਰ :** ** ** ਐਕਸਪੰਜ ਕਰ ਦਿਓ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਰ, ਮੇਰੀ ਵਜ਼ੀਰ ਸਾਹਿਬ ਨੂੰ humble request ਇਹ ਹੈ ਕਿ ਕੀ ਇਹ ਹਾਊਸ ਨੂੰ ਦੱਸ ਸਕਦੇ ਹਨ ਕਿ ਦਿੱਲੀ ਦੇ ਵਿੱਚ ਮਦਰ ਡੇਅਰੀ ਵੱਲੋਂ ਇਕ ਬਹੁਤ ਵਧੀਆ ਮਾਡਲ ਚੱਲ ਰਿਹਾ ਹੈ ਜਿਸ ਵਿੱਚ ਵੱਖ-ਵੱਖ ਥਾਵਾਂ ਤੇ ਡਿਸਪੈਂਸਿੰਗ ਯੂਨਿਟ ਚਲਾਏ ਜਾਂਦੇ ਹਨ। ਅਸੀਂ ਕਿੰਨੇ ਸਮੇਂ ਤੱਕ ਦੁੱਧ ਲਈ ਵਰਤੀ

---

**Expunged as ordered by the Chair.

ਜਾਂਦੀ ਪਲਾਸਟਿਕ ਦੀ ਵਰਤੋਂ ਨੂੰ ਖਤਮ ਕਰ ਸਕਦੇ ਹਾਂ? ਕੀ ਗੌਰਮਿੰਟ ਨੇ ਅਜਿਹੀ ਕੋਈ ਪਾਲਿਸੀ ਆਪਣੇ ਅਧੀਨ ਸੋਚ ਕੇ ਰੱਖੀ ਹੋਈ ਹੈ?

**ਮੰਤਰੀ :** ਸਪੀਕਰ ਸਾਹਿਬ, ਮੈਂ ਆਪਣੇ ਵੀਰ ਦੀ ਸ਼ਲਾਘਾ ਕਰਦਾ ਹਾਂ ਕਿ ਇਨ੍ਹਾਂ ਨੇ ਬੜਾ ਅੱਛਾ ਸਵਾਲ ਚੁੱਕਿਆ ਹੈ। ਇਹ ਪਾਲਿਸੀ ਸਰਕਾਰ ਦੇ ਵਿਚਾਰ ਅਧੀਨ ਹੈ ਤੇ ਇਸ ਨੂੰ ਜਲਦੀ ਤੋਂ ਜਲਦੀ ਲਾਗੂ ਕੀਤਾ ਜਾਵੇਗਾ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਪਲੀਮੈਂਟਰੀ ਸਰ, ਮੇਰੀ humble request ਹੈ ਕਿ ਕੀ ਮੰਤਰੀ ਸਾਹਿਬ ਇਹ ਪਾਲਿਸੀ ਅਗਲੇ ਸੈਸ਼ਨ ਤੋਂ ਪਹਿਲਾਂ-ਪਹਿਲਾਂ ਲੈ ਕੇ ਆਉਣਗੇ?

**ਮੰਤਰੀ:** ਸਪੀਕਰ ਸਾਹਿਬ, ਮੈਂ ਮਹਿਕਮੇ ਦੇ ਅਫਸਰ ਸਾਹਿਬਾਨ ਅਤੇ ਆਪਣੇ ਸਾਥੀ ਮੰਤਰੀ ਦੇ ਬਿਹਾਫ ਤੇ ਬੋਲ ਰਿਹਾ ਹਾਂ। ਉਹ ਵੀ ਇੱਥੇ ਬੈਠੇ ਸੁਣ ਰਹੇ ਹਨ। ਮੈਨੂੰ ਲਗਦਾ ਹੈ ਕਿ ਇਹ ਅਗਲੇ ਸੈਸ਼ਨ ਤੱਕ ਨਹੀਂ, ਸ਼ਾਇਦ ਉਸ ਤੋਂ ਪਹਿਲਾਂ-ਪਹਿਲਾਂ ਹੀ ਕੰਮ ਹੋ ਜਾਵੇ।

**ਮਾਨਯੋਗ ਸਪੀਕਰ:** ਧੰਨਵਾਦ ਕਰ ਦਿਓ, ਅਵਤਾਰ ਸਿੰਘ ਜੀ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਪੀਕਰ ਸਾਹਿਬ, ਪਹਿਲਾਂ ਮੈਂ ਵਜ਼ੀਰ ਸਾਹਿਬ ਤੋਂ ਮੁਆਫੀ ਮੰਗਦਾ ਹਾਂ ਅਤੇ ਫਿਰ ਧੰਨਵਾਦ ਵੀ ਕਰਦਾ ਹਾਂ ਜੀ।

---

## ਹਲਕਾ ਦਾਖਾ ਵਿੱਚ ਪੈਂਦੇ ਕਸਬਾ ਮੁੱਲਾਂਪੁਰ ਨੂੰ ਸਬ-ਡਵੀਜ਼ਨ (ਸਿਵਲ) ਦਾ ਦਰਜਾ ਦੇਣਾ

*** 2674. ਸਰਦਾਰ ਮਨਪ੍ਰੀਤ ਸਿੰਘ ਇਆਲੀ:** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਵਿਧਾਨ ਸਭਾ ਹਲਕਾ ਦਾਖਾ ਵਿੱਚ ਪੈਂਦੇ ਕਸਬਾ ਮੁੱਲਾਂਪੁਰ ਨੂੰ ਸਬ-ਡਵੀਜ਼ਨ (ਸਿਵਲ) ਦਾ ਦਰਜਾ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਸਰਦਾਰ ਗੁਰਪ੍ਰੀਤ ਸਿੰਘ ਕਾਂਗੜ :** ਹਾਂ ਜੀ, ਜ਼ਿਲ੍ਹਾ ਲੁਧਿਆਣਾ ਦੇ ਵਿਧਾਨ ਸਭਾ ਹਲਕਾ ਦਾਖਾ ਵਿੱਚ ਪੈਂਦੇ ਕਸਬਾ ਮੁੱਲਾਂਪੁਰ ਨੂੰ ਸਬ-ਡਵੀਜ਼ਨ ਦਾ ਦਰਜਾ ਦੇਣ ਸਬੰਧੀ ਤਜਵੀਜ਼ ਕਾਰਵਾਈ ਅਧੀਨ ਹੈ ਪਰੰਤੂ ਮੈਂ ਇੱਥੇ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਵੱਲੋਂ ਪ੍ਰਾਪਤ ਨੋਟ ਮਿਤੀ 27.01.2020 ਅਤੇ ਡਾਇਰੈਕਟਰ, ਸੈਂਸਸ ਆਪਰੇਸ਼ਨ, ਪੰਜਾਬ ਦੇ ਪੱਤਰ ਮਿਤੀ 17.12.2019 ਦੇ ਅਨੁਸਾਰ ਮਾਰਚ, 2021 ਤੱਕ ਪ੍ਰਬੰਧਕੀ ਯੂਨਿਟਸ ਦੀਆਂ ਹੱਦਾਂ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਜਾ ਸਕਦੀ। ਇਸ ਲਈ ਨਵੀਆਂ ਹਦਾਇਤਾਂ ਆਉਣ ਉਪਰੰਤ ਹੀ ਇਹ ਤਜਵੀਜ਼ ਨੇਪਰੇ ਚਾੜ੍ਹਨ ਦੀ ਉਮੀਦ ਹੈ।

**ਸਰਦਾਰ ਮਨਪ੍ਰੀਤ ਸਿੰਘ ਇਆਲੀ :** ਸਪੀਕਰ ਸਾਹਿਬ, ਜਦੋਂ ਨਵੀਂ ਡੀ-ਲਿਮੀਟੇਸ਼ਨ ਹੋਈ, ਉਸ ਤੋਂ ਬਾਅਦ ਸਮਰਾਲਾ, ਖੰਨਾ, ਰਾਏਕੋਟ, ਜਗਰਾਓਂ ਹਲਕੇ, ਇਹ ਸਾਰੇ ਤਕਰੀਬਨ ਹਲਕਾ ਵਾਈਜ਼ ਉਸੇ ਹਿਸਾਬ ਨਾਲ ਹੀ ਸਬ-ਡਵੀਜ਼ਨਾਂ ਬਣਾ ਦਿੱਤੀਆਂ ਗਈਆਂ ਲੇਕਿਨ ਜਿਹੜਾ ਹਲਕਾ ਦਾਖਾ ਹੈ, ਇਸ ਨੂੰ ਜਗਰਾਓਂ ਨਾਲ ਵੀ ਅਤੇ ਲੁਧਿਆਣਾ ਵੈਸਟ ਦੇ ਨਾਲ ਵੀ ਜੋੜਿਆ ਗਿਆ ਹੈ। ਇਸ ਨਾਲ ਲੋਕਾਂ ਨੂੰ ਕਾਫੀ ਦਿੱਕਤ ਆਉਂਦੀ ਹੈ। ਕੀ ਮੰਤਰੀ ਸਾਹਿਬ ਦੱਸਣਗੇ ਕਿ ਜਦੋਂ ਤੱਕ ਰੋਕ ਲੱਗੀ ਹੋਈ ਹੈ, ਉਸ ਤੋਂ ਬਾਅਦ ਦੁਬਾਰਾ ਸਬ-ਡਵੀਜ਼ਨ ਬਣਾ ਦਿੱਤਾ ਜਾਵੇਗਾ?

**ਮੰਤਰੀ :** ਸਪੀਕਰ ਸਾਹਿਬ, ਮੈਂਬਰ ਸਾਹਿਬ ਦਾ ਕਹਿਣਾ ਬਿਲਕੁਲ ਠੀਕ ਹੈ ਕਿ ਹਲਕਾ ਦਾਖਾ ਬੜਾ ਵੱਡਾ ਪਿੰਡ ਵੀ ਹੈ ਅਤੇ ਕਸਬਾ ਵੀ ਹੈ। ਇੱਥੇ ਸਬ-ਡਵੀਜ਼ਨ ਦਾ ਦਰਜਾ ਬੜਾ ਜ਼ਰੂਰੀ ਹੈ। ਸਿਰਫ ਰੋਕ ਲੱਗੀ ਹੋਣ ਕਰਕੇ ਹੀ ਇਹ ਬੰਦ ਕੀਤਾ ਗਿਆ ਹੈ। ਜਦੋਂ ਵੀ ਰੋਕ ਖੁੱਲ੍ਹ ਗਈ ਤਾਂ ਸਭ ਤੋਂ ਪਹਿਲਾਂ ਇਹ ਕੰਮ ਮੁਕੰਮਲ ਕੀਤਾ ਜਾਵੇਗਾ।

---

## ਸਿਵਲ ਹਸਪਤਾਲ, ਫਤਿਹਾਬਾਦ ਵਿਖੇ ਖਾਲੀ ਅਸਾਮੀਆਂ

***2741. ਸਰਦਾਰ ਰਮਨਜੀਤ ਸਿੰਘ ਸਿੱਕੀ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਸਿਵਲ ਹਸਪਤਾਲ, ਫਤਿਹਾਬਾਦ (ਖਡੂਰ ਸਾਹਿਬ) ਵਿੱਚ ਡਾਕਟਰਾਂ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ ਅਤੇ ਖਾਲੀ ਪਈਆਂ ਅਸਾਮੀਆਂ ਦੀ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਅਸਾਮੀਆਂ ਨੂੰ ਭਰਨ ਲਈ ਸਰਕਾਰ ਦੁਆਰਾ ਚੁੱਕੇ ਜਾਣ ਵਾਲੇ ਕਦਮਾਂ ਦੇ ਵੇਰਵੇ ਕੀ ਹਨ;

(ਅ) ਕੀ ਇਹ ਵੀ ਠੀਕ ਹੈ ਕਿ ਇਮਾਰਤ ਨੀਵੀਂ ਹੋਣ ਕਾਰਨ ਬਾਰਿਸ਼ ਦਾ ਪਾਣੀ ਇਸ ਹਸਪਤਾਲ ਦੀ ਇਮਾਰਤ ਵਿੱਚ ਇਕੱਠਾ ਹੋ ਜਾਂਦਾ ਹੈ; ਜੇਕਰ ਹਾਂ, ਤਾਂ ਇਸ ਸਬੰਧ ਵਿੱਚ ਸਰਕਾਰ ਦੁਆਰਾ ਚੁੱਕੇ ਜਾਣ ਵਾਲੇ ਕਦਮ ਕਿਹੜੇ ਹਨ ਅਤੇ ਇਸ ਦਾ ਹੱਲ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਬਲਬੀਰ ਸਿੰਘ ਸਿੱਧੂ:** (ੳ) ਮਿੰਨੀ ਪੀ.ਐਚ.ਸੀ., ਫਤਿਹਾਬਾਦ (ਖਡੂਰ ਸਾਹਿਬ) ਵਿੱਚ ਮੈਡੀਕਲ ਅਫਸਰ (ਜਨਰਲ) ਦੀ 1 ਅਸਾਮੀ ਮਨਜੂਰਸ਼ੁਦਾ ਹੈ ਜੋ ਕਿ ਖਾਲੀ ਹੈ।

ਰਾਜ ਸਰਕਾਰ ਵੱਲੋਂ ਸਿਹਤ ਸੰਸਥਾਵਾਂ ਵਿੱਚ ਮੈਡੀਕਲ ਅਫਸਰ (ਜਨਰਲ) ਡਾਕਟਰਾਂ ਦੀਆਂ ਖਾਲੀ ਪਈਆਂ ਅਸਾਮੀਆਂ ਨੂੰ ਭਰਨ ਲਈ ਪਹਿਲਾਂ ਹੀ ਕਦਮ ਚੁੱਕੇ ਗਏ ਹਨ। ਮੈਡੀਕਲ ਅਫਸਰ (ਜਨਰਲ) ਦੀਆਂ 175 ਖਾਲੀ ਅਸਾਮੀਆਂ ਨੂੰ ਭਰਨ

ਲਈ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਰਾਹੀਂ ਭਰਤੀ ਪ੍ਰਕਿਰਿਆ ਜਾਰੀ ਹੈ। ਮਿੰਨੀ ਪੀ.ਐਚ.ਸੀ., ਫਤਿਹਾਬਾਦ ਵਿਖੇ ਮੈਡੀਕਲ ਅਫਸਰ ਦੀ ਖਾਲੀ ਅਸਾਮੀ ਨੂੰ ਭਰਨ ਲਈ ਜਨਰਲ ਬਦਲੀਆਂ ਦੌਰਾਨ ਵਿਚਾਰ ਲਿਆ ਜਾਵੇਗਾ।

(ਅ) ਹਾਂ ਜੀ, ਇਹ ਠੀਕ ਹੈ ਕਿ ਮਿੰਨੀ ਪੀ.ਐਚ.ਸੀ., ਫਤਿਹਾਬਾਦ (ਖਡੂਰ ਸਾਹਿਬ) ਦੀ ਪੁਰਾਣੀ ਇਮਾਰਤ ਸੜਕ ਲੈਵਲ ਤੋਂ ਨੀਵੀਂ ਹੋਣ ਕਰਕੇ ਏਥੇ ਬਾਰਸ਼ ਦਾ ਪਾਣੀ ਇਕੱਠਾ ਹੋ ਜਾਂਦਾ ਹੈ ਪਰ ਮਿੰਨੀ ਪੀ.ਐਚ.ਸੀ., ਫਤਿਹਾਬਾਦ ਦੀ ਨਵੀਂ ਇਮਾਰਤ ਸਾਲ 2013 ਵਿੱਚ ਬਣਾਈ ਜਾ ਚੁੱਕੀ ਹੈ ਜੋ ਸੜਕ ਦੇ ਬਰਾਬਰ ਹੈ ਜਿਸ ਵਿਚ ਬਰਸਾਤੀ ਪਾਣੀ ਇਕੱਠਾ ਨਹੀਂ ਹੁੰਦਾ। ਨਵੀਂ ਇਮਾਰਤ ਵਿੱਚ ਮਿੰਨੀ ਪੀ.ਐਚ.ਸੀ., ਫਤਿਹਾਬਾਦ ਸ਼ਿਫਟ ਕੀਤੀ ਜਾ ਚੁੱਕੀ ਹੈ ਪਰੰਤੂ ਨਵੀਂ ਇਮਾਰਤ ਦੀ ਥਾਂ ਘੱਟ ਹੋਣ ਕਰਕੇ ਬੱਚਿਆਂ ਅਤੇ ਗਰਭਵਤੀ ਮਹਿਲਾਵਾਂ ਦਾ ਸਿਰਫ ਟੀਕਾ ਕਰਨ ਦੀਆਂ ਸਹੂਲਤਾਂ ਦੇਣ ਲਈ ਹੀ ਪੁਰਾਣੀ ਇਮਾਰਤ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ।

ਇਸ ਤੋਂ ਇਲਾਵਾ ਪੁਰਾਣਾ ਸਬ-ਸੈਂਟਰ ਅਤੇ ਪੁਰਾਣੀ ਰਿਹਾਇਸ਼ੀ ਬਿਲਡਿੰਗ ਨੂੰ ਢਾਹ ਕੇ ਨਵਾਂ ਗਾਇਨੀ ਵਾਰਡ, ਡਾਕਟਰ ਡਿਊਟੀ ਰੂਮ ਅਤੇ ਬਾਥਰੂਮ ਬਣਾਉਣ ਸਬੰਧੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ।

**ਸਰਦਾਰ ਰਮਨਜੀਤ ਸਿੰਘ ਸਿੱਕੀ:** ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ। ਇਨ੍ਹਾਂ ਨੇ ਕਿਹਾ ਹੈ ਕਿ ਨਵੀਂ ਬਿਲਡਿੰਗ ਵਿੱਚ ਸ਼ਿਫਟ ਕਰ ਦਿੱਤਾ ਗਿਆ ਹੈ। ਉਥੇ ਕਾਰੋਬਾਰ ਕਰਨ ਵਾਲੇ ਡਾਕਟਰ ਤਾਂ ਮੌਜੂਦ ਨਹੀਂ ਹਨ ਤੇ ਸ਼ਿਫਟ ਕੀ ਕਰ ਦਿੱਤਾ ਹੈ ਜੀ? ਉਥੇ ਮਰੀਜ਼ ਤਾਂ ਕੋਈ ਆਉਂਦਾ ਨਹੀਂ ਹੈ। ਉਥੇ ਨਾ ਫਾਰਮਾਸਿਸਟ ਹੈ ਅਤੇ ਨਾ ਹੀ ਮੈਡੀਕਲ ਅਫਸਰ ਹੈ । ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਿਵਲ ਹਸਪਤਾਲ, ਸਰਹਾਲੀ ਤੋਂ ਕਿਸੇ-ਨਾ-ਕਿਸੇ ਡਾਕਟਰ ਦੀ ਰੋਜ਼ ਵਾਰੀ-ਵਾਰੀ ਡਿਊਟੀ ਲਗਾਈ ਜਾਵੇ । ਸਪੀਕਰ ਸਾਹਿਬ, ਜਿਥੇ ਇਹ ਫਤਿਹਾਬਾਦ 12,000 ਤੋਂ ਵੱਧ ਵੋਟਾਂ ਵਾਲਾ ਪਿੰਡ ਹੈ, ਉਸ ਦੇ ਨਾਲ ਸ੍ਰੀ ਗੋਇੰਦਵਾਲ ਸਾਹਿਬ ਪੈਂਦਾ ਹੈ, ਉਹ ਉਸ ਤੋਂ ਵੀ ਵੱਡਾ ਹੈ। ਸਪੀਕਰ ਸਾਹਿਬ, ਇਸ ਏਰੀਏ ਦੇ ਵਿੱਚ ਇਸ ਹਸਪਤਾਲ ਨੂੰ ਰਿਵਾਈਵ ਕਰਨਾ ਬਹੁਤ ਜ਼ਰੂਰੀ ਹੈ ਕਿਉਂਕਿ ਇਥੋਂ ਦੇ ਲੋਕ ਕਿੱਥੇ ਜਾਣਗੇ? ਨੇੜਲਾ ਹਸਪਤਾਲ ਤਰਨਤਾਰਨ ਵਿਖੇ ਹੈ, ਜਿਹੜਾ ਕਿ 11-12 ਕਿਲੋਮੀਟਰ ਉਤੇ ਪੈਂਦਾ ਹੈ।

**ਮਾਨਯੋਗ ਸਪੀਕਰ:** ਸਿੱਕੀ ਸਾਹਿਬ, ਸਵਾਲ ਪੁੱਛੋ ਜੀ।

**ਸਰਦਾਰ ਰਮਨਜੀਤ ਸਿੰਘ ਸਿੱਕੀ:** ਮੇਰਾ ਸਵਾਲ ਇਹ ਹੈ ਕਿ ਉਥੇ ਡਾਕਟਰਾਂ ਦੀ ਉਪਲਬਧਤਾ ਟੈਂਪਰੇਰੀ ਬੇਸ ਉਤੇ ਕੀਤੀ ਜਾਵੇ ਜਦੋਂ ਤੱਕ ਇਨ੍ਹਾਂ ਦੀਆਂ ਨਵੀਆਂ ਆਸਾਮੀਆਂ ਪੂਰੀਆਂ ਨਹੀਂ ਹੁੰਦੀਆਂ। ਕੀ ਮੰਤਰੀ ਸਾਹਿਬ ਸਾਨੂੰ ਇਹ ਦੱਸ ਦੇਣਗੇ ਕਿ ਉਥੇ ਡਾਕਟਰ ਭੇਜ ਦਿੱਤੇ ਜਾਣਗੇ?

**ਮਾਨਯੋਗ ਸਪੀਕਰ:** ਮੈਂਬਰ ਸਾਹਿਬ ਕਹਿੰਦੇ ਹਨ ਕਿ ਉਥੇ ਅਰਜੈਂਸੀ ਹੈ, ਇਸ ਲਈ ਉਥੇ ਡਾਕਟਰਾਂ ਦਾ ਟੈਂਪਰੇਰੀ ਅਰੇਂਜਮੈਂਟ ਹੋਣਾ ਚਾਹੀਦਾ ਹੈ।

**ਮੰਤਰੀ:** ਸਪੀਕਰ ਸਾਹਿਬ, ਹੁਣੇ ਹੀ ਐਨ.ਐਚ.ਐਮ.ਦੇ ਵਿੱਚ ਮੈਡੀਕਲ ਅਫਸਰ (ਜਰਨਲ) ਦੀ ਇੰਟਰਵਿਊ ਹੋਈ ਹੈ। ਉਸ ਵਿੱਚ ਸੰਭਾਵਨਾ ਹੈ ਕਿ ਆਉਣ ਵਾਲੇ ਇੱਕ-ਦੋ ਦਿਨਾਂ ਵਿੱਚ ਪੂਰੀ ਲਿਸਟ ਤਿਆਰ ਕਰ ਲਵਾਂਗੇ, ਉਥੇ ਹਫਤੇ-ਦਸ ਦਿਨਾਂ ਤੱਕ ਇੱਕ ਡਾਕਟਰ ਜ਼ਰੂਰ ਲਗਾ ਦਿਆਂਗੇ।

**ਮਾਨਯੋਗ ਸਪੀਕਰ:** ਹਫਤੇ ਦਸ ਦਿਨਾਂ ਵਿੱਚ ਡਾਕਟਰ ਲੱਗ ਜਾਣਗੇ ਜੀ।

**ਸਰਦਾਰ ਰਮਨਜੀਤ ਸਿੰਘ ਸਿੱਕੀ:** ਧੰਨਵਾਦ ਜੀ।

---

## ਨਿਸ਼ਾਨ ਵਾਲਾ ਪ੍ਰਸ਼ਨ ਨੰ: 2796

(ਸਬੰਧਿਤ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---

## ਖਮਾਣੋਂ ਵਿਖੇ ਸੀਵਰੇਜ ਲਾਈਨਾਂ ਵਿਛਾਉਣ ਦੀ ਯੋਜਨਾ

***2791. ਸਰਦਾਰ ਗੁਰਪ੍ਰੀਤ ਸਿੰਘ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਖਮਾਣੋਂ (ਬਸੀ ਪਠਾਣਾ) ਵਿਖੇ ਪਹਿਲਤਾ ਤੇ ਸੀਵਰੇਜ ਲਾਈਨਾਂ ਵਿਛਾਉਣ ਦੀ ਕੋਈ ਯੋਜਨਾ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ?

**ਸ਼੍ਰੀ ਬ੍ਰਹਮ ਮਹਿੰਦਰਾ:** ਨਹੀਂ ਜੀ।

**ਸਰਦਾਰ ਗੁਰਪ੍ਰੀਤ ਸਿੰਘ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਨਗਰ ਕੌਂਸਲ, ਖਮਾਣੋਂ ਨੂੰ ਕਰੀਬ 20 ਸਾਲ ਬਣੀ ਨੂੰ ਹੋ ਗਏ ਹਨ। ਉਥੇ ਹਰ ਵਾਰਡ ਵਿੱਚ ਬਹੁਤ ਪਾਣੀ ਖੜ੍ਹਦਾ ਹੈ, ਉਥੇ ਸ਼ਹਿਰ ਵਿੱਚ ਬਹੁਤ ਗੰਦ ਪਿਆ ਹੋਇਆ ਹੈ। ਜੇ ਤੁਸੀਂ ਸੀਵਰੇਜ ਬਣਾ ਦਿਉਗੇ ਤਾਂ ਉਥੇ ਲੋਕ ਬਿਮਾਰੀਆਂ ਤੋਂ ਬਚ ਸਕਦੇ ਹਨ। ਪਲੀਜ਼, ਅੱਜ ਕੁਝ ਨਾ ਕੁਝ ਕਹੋ, ਉਥੇ ਸੀਵਰੇਜ ਬਣਾਉ ਜੀ, ਪਲੀਜ਼, ਮੰਤਰੀ ਸਾਹਿਬ ਮੈਂ ਤੁਹਾਨੂੰ ਇਹ ਬੇਨਤੀ ਕਰਦਾ ਹਾਂ ਜੀ।

**ਮਾਨਯੋਗ ਸਪੀਕਰ:** ਵਜ਼ੀਰ ਸਾਹਿਬ, ਇਹ ਤਾਂ ਪ੍ਰਾਰਥਨਾ ਹੈ।

**ਮੰਤਰੀ:** ਸਪੀਕਰ ਸਾਹਿਬ, ਗੱਲ ਇਹ ਹੈ ਕਿ ਮੈਂ ਖੁਦ ਉਦੋਂ ਦੋ-ਚਾਰ ਵਾਰ ਉਸ ਜਗ੍ਹਾ ਨੂੰ ਵੇਖ ਚੁੱਕਾ ਹਾਂ ਔਰ ਮੈਨੂੰ ਵੀ ਬੜੀ ਚਿੰਤਾ ਹੈ। ਅਸੀਂ ਬਹੁਤ ਜਲਦੀ ਸਾਰਾ ਸਿਸਟਮ ਠੀਕ ਕਰਾਂਗੇ ਜੀ। ਸਪੀਕਰ ਸਹਿਬ, ਇਹ ਮੈਂ ਸਤਿਕਾਰਯੋਗ ਮੈਂਬਰ ਨੂੰ ਤੁਹਾਡੇ ਰਾਹੀਂ ਐਸ਼ਿਓਰ ਕਰਦਾ ਹਾਂ।

**ਮਾਨਯੋਗ ਸਪੀਕਰ:** ਮੰਤਰੀ ਜੀ ਕਹਿੰਦੇ ਹਨ ਕਿ ਜਲਦੀ ਹੀ ਇਹ ਕੰਮ ਕਰ ਦਿੰਦੇ ਹਾਂ ਜੀ।

**ਸਰਦਾਰ ਗੁਰਪ੍ਰੀਤ ਸਿੰਘ:** ਧੰਨਵਾਦ ਜੀ।

---

## ਹਲਕਾ ਸ਼ੁਤਰਾਣਾ ਵਿਚ ਘੱਗਰ ਪਾਰ ਦੇ ਪਿੰਡਾਂ ਲਈ ਸਿੰਜਾਈ ਅਤੇ ਪੀਣ ਵਾਲੇ ਪਾਣੀ ਦਾ ਪ੍ਰਬੰਧ

***2685. ਸਰਦਾਰ ਨਿਰਮਲ ਸਿੰਘ:** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਸ਼ੁਤਰਾਣਾ ਵਿੱਚ ਘੱਗਰ ਪਾਰ ਦੇ ਪਿੰਡਾਂ ਨੂੰ ਸਿੰਜਾਈ ਅਤੇ ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰਨ ਵਾਸਤੇ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਕਦੋਂ ਤੱਕ ਲਾਗੂ ਕਰ ਦਿੱਤਾ ਜਾਵੇਗਾ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ:** ਹਾਂ ਜੀ। ਹਲਕਾ ਸ਼ੁਤਰਾਣਾ ਵਿੱਚ ਘੱਗਰ ਪਾਰ ਦੇ ਪਿੰਡਾਂ ਨੂੰ ਸਿੰਜਾਈ ਵਾਲੇ ਪਾਣੀ ਦਾ ਪ੍ਰਬੰਧ ਕਰਨ ਵਾਸਤੇ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ। ਇਸ ਪ੍ਰੋਜੈਕਟ ਲਈ ਪਾਣੀ ਸਿੱਧਾ ਹੀ ਭਾਖੜਾ ਮੇਨ ਨਹਿਰ ਵਿਚੋਂ ਲੈ ਕੇ ਪਾਈਪ ਲਾਈਨ ਰਾਹੀਂ ਇਸ ਰਜਬਾਹੇ ਨੂੰ ਫੀਡ ਕਰਕੇ ਇਨ੍ਹਾਂ ਪਿੰਡਾਂ ਦੇ ਜ਼ਿਮੀਂਦਾਰਾਂ ਨੂੰ ਨਹਿਰੀ ਪਾਣੀ ਦੇਣ ਦੀ ਤਜਵੀਜ਼ ਤਿਆਰ ਕੀਤੀ ਗਈ ਹੈ ਜੋ ਕਿ ਸੈਂਟਰਲ ਡਿਜ਼ਾਇਨ ਦਫਤਰ ਵਲੋਂ ਤਕਨੀਕੀ ਪੱਖੋਂ ਘੋਖੀ ਜਾ ਰਹੀ ਹੈ। ਫਿਜ਼ੀਬਿਲਟੀ ਰਿਪੋਰਟ ਅਤੇ ਤਕਨੀਕੀ ਪੱਖੋਂ ਵੈੱਟ ਹੋਣ ਉਪਰੰਤ ਇਹ ਪ੍ਰੋਜੈਕਟ ਫੰਡਾਂ ਦੀ ਉਪਲਬਧਤਾ ਹੋਣ ਤੇ ਕਰਵਾਉਣ ਲਈ ਵਿਚਾਰ ਲਿਆ ਜਾਵੇਗਾ।

ਇਨ੍ਹਾਂ ਪਿੰਡਾਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਦੀ ਤਜਵੀਜ਼ ਸਬੰਧੀ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵੱਲੋਂ ਦੱਸਿਆ ਗਿਆ ਹੈ ਕਿ ਸ਼ੁਤਰਾਣਾ ਵਿਧਾਨ ਸਭਾ ਹਲਕੇ ਵਿਚ ਘੱਗਰ ਪਾਰ ਦੇ ਪਿੰਡਾਂ ਨੂੰ ਨੇੜਲੇ ਭਵਿੱਖ ਵਿੱਚ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਲਈ ਚਾਰ ਜਲ ਸਪਲਾਈ ਸਕੀਮਾਂ ਦੀ ਇੰਪਰੂਵਮੈਂਟ/ਅਪਗਰੇਡੇਸ਼ਨ ਦੀ ਤਜਵੀਜ਼ ਹੈ। ਇਨ੍ਹਾਂ ਵਿਚੋਂ ਦੋ ਜਲ ਸਪਲਾਈ ਸਕੀਮਾਂ ਦੇ ਸੁਧਾਰ ਲਈ ਪ੍ਰਸ਼ਾਸਕੀ ਪ੍ਰਵਾਨਗੀ ਜਾਰੀ ਕਰ ਦਿੱਤੀ ਗਈ ਹੈ ਅਤੇ ਇਨ੍ਹਾਂ ਕੰਮਾਂ ਨੂੰ ਜਲਦੀ ਹੀ ਸ਼ੁਰੂ ਕਰ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਦੋ ਜਲ ਸਪਲਾਈ ਸਕੀਮਾਂ ਦੇ ਸੁਧਾਰ ਲਈ ਤਜਵੀਜ਼ ਵਿੱਤੀ ਸਾਲ 2020-21 ਵਿੱਚ ਲਈ ਗਈ ਹੈ। ਇਹ ਕੰਮ ਮਿਤੀ 30.9.2020 ਤੱਕ ਮੁਕੰਮਲ ਹੋ ਜਾਣਗੇ।

ਸਪੀਕਰ ਸਾਹਿਬ, ਜਿਹੜੀ ਦੂਸਰੀ ਗੱਲ ਇਨ੍ਹਾਂ ਨੇ ਪੀਣ ਵਾਲੇ ਪਾਣੀ ਦੀ ਕੀਤੀ ਹੈ, ਉਹ ਭਾਵੇਂ ਮੇਰੇ ਡਿਪਾਰਟਮੈਂਟ ਨਾਲ ਸਬੰਧਿਤ ਤਾਂ ਨਹੀਂ ਹੈ ਪਰ ਫਿਰ ਵੀ ਅਸੀਂ ਵਾਟਰ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਨੂੰ ਲਿਖਿਆ ਸੀ ਕਿਉਂਕਿ ਇਸੇ ਸਵਾਲ ਵਿੱਚ ਇਨ੍ਹਾਂ ਨੇ ਪੁੱਛਿਆ ਹੈ ਅਤੇ ਜਵਾਬ ਉਧਰੋਂ ਆਇਆ ਹੈ।

**ਸਰਦਾਰ ਨਿਰਮਲ ਸਿੰਘ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਮੈਂ ਇਹ ਸਵਾਲ ਪਹਿਲਾਂ ਦੋ-ਤਿੰਨ ਵਾਰੀ ਪੁੱਛ ਲਿਆ ਹੈ ਜੀ ਪਰ ਜਵਾਬ ਇੱਕੋ ਹੀ ਆਉਂਦਾ ਹੈ । ਸਪੀਕਰ ਸਾਹਿਬ, ਮੇਰੀ ਮੰਤਰੀ ਜੀ ਨੂੰ ਬੇਨਤੀ ਇਹ ਹੈ ਕਿ ਸਾਡੇ ਉਸ ਏਰੀਏ ਨੂੰ ਪਹਿਲਾਂ ਤਾਂ ਕੁਦਰਤੀ ਆਫਤ ਘੱਗਰ ਮਾਰਦਾ ਹੈ, ਰਹਿੰਦਾ-ਖੂੰਹਦਾ ਪਾਣੀ ਦਾ ਕੋਈ ਪ੍ਰਬੰਧ ਨਹੀਂ ਹੈ। ਉਥੇ ਅੱਜ ਕਿਸਾਨਾਂ ਦੀ ਕਾਫ਼ੀ ਮਾੜੀ ਹਾਲਤ ਹੈ ਉਸ ਏਰੀਏ ਵਿੱਚ ਸਭ ਤੋਂ ਜ਼ਿਆਦਾ ਕੰਬੋਜ ਭਾਈਚਾਰਾ ਰਹਿੰਦਾ ਹੈ ਜਿਨ੍ਹਾਂ ਦੀ ਅੱਜ ਜਿੰਨੀ ਤਾਰੀਫ ਕਰਾਂ, ਉਤਨੀ ਥੋੜ੍ਹੀ ਹੈ। ਉਹ ਬਹੁਤ ਮਿਹਨਤੀ ਕਿਸਾਨ ਹਨ।

**ਮਾਨਯੋਗ ਸਪੀਕਰ :** ਸਵਾਲ ਕਰੋ ਜੀ।

**ਸਰਦਾਰ ਨਿਰਮਲ ਸਿੰਘ :** ਉਹੀ ਕਰ ਰਿਹਾ ਹਾਂ ਜੀ। ਉਨ੍ਹਾਂ ਦੀ ਇੰਨੀ ਮਿਹਨਤ ਦੇ ਬਾਵਜੂਦ ਵੀ ਉਨ੍ਹਾਂ ਨੂੰ ਖੇਤਾਂ ਵਾਸਤੇ ਅਤੇ ਪੀਣ ਵਾਸਤੇ ਪਾਣੀ ਨਹੀਂ ਮਿਲ ਰਿਹਾ ਜਿਸ ਕਾਰਨ ਉਨ੍ਹਾਂ ਦੇ ਰਿਸ਼ਤੇਦਾਰਾਂ ਨੇ ਵੀ ਆਉਣਾ ਛੱਡ ਦਿੱਤਾ ਹੈ। ਰਿਸ਼ਤੇ ਹੋਣੇ ਬੰਦ ਹੋ ਗਏ ਹਨ, ਇਥੋਂ ਤੱਕ ਉਨ੍ਹਾਂ ਦੀ ਮਾੜੀ ਹਾਲਤ ਹੈ। ਕੀ ਮੰਤਰੀ ਸਾਹਿਬ ਇਸ ਸਬੰਧੀ ਜਲਦੀ ਤੋਂ ਜਲਦੀ ਕੋਈ ਪ੍ਰਬੰਧ ਕਰਨਗੇ?

**ਮਾਨਯੋਗ ਸਪੀਕਰ :** ਮੰਤਰੀ ਜੀ, ਕੀ ਜਲਦੀ ਪ੍ਰਬੰਧ ਕਰੋਗੇ?

**ਮੰਤਰੀ :** ਸਪੀਕਰ ਸਾਹਿਬ, ਜਿਹੜੇ ਪਿੰਡਾਂ ਦੀ ਇਨ੍ਹਾਂ ਨੇ ਗੱਲ ਕੀਤੀ ਹੈ, ਇਹ ਘੱਗਰ ਤੋਂ ਪਾਰ ਹਰਿਆਣਾ ਵਾਲੇ ਪਾਸੇ ਦੇ ਹਨ। ਤੁਹਾਨੂੰ ਪਤਾ ਹੈ ਕਿ ਸਾਡੇ ਪਾਣੀਆਂ ਸਬੰਧੀ ਹਰਿਆਣਾ ਨਾਲ ਕਈ ਇੰਟਰ ਸਟੇਟ ਮਸਲੇ ਹਨ। ਉਸ ਕਾਰਨ ਕੁਝ ਦਿੱਕਤ ਆਈ ਹੈ। 72 ਬੁਰਜੀਆਂ ਹਰਿਆਣਾ ਰਾਜ ਵਿੱਚ ਪੈਂਦੀਆਂ ਹਨ ਪਰ ਫਿਰ ਵੀ ਮੈਂ ਇਨ੍ਹਾਂ ਨੂੰ ਇਸ ਗੱਲ ਦਾ ਵਿਸ਼ਵਾਸ ਦਿਵਾਉਂਦਾ ਹਾਂ ਕਿ ਅਸੀਂ ਇਹ ਮੈਟਰ ਟੇਕ ਅੱਪ ਕਰ ਰਹੇ ਹਾਂ। ਜਦੋਂ ਵੀ ਸਾਨੂੰ ਉਧਰੋਂ ਮਨਜ਼ੂਰੀ ਮਿਲ ਗਈ, ਇਹ ਕਰਵਾ ਦਿੱਤਾ ਜਾਵੇਗਾ।

**ਸਰਦਾਰ ਨਿਰਮਲ ਸਿੰਘ :** ਸਪੀਕਰ ਸਾਹਿਬ, ਕੀ ਇਹ ਟਾਈਮ ਬਾਊਂਡ ਕਰ ਸਕਦੇ ਹਨ? ਕਿਰਪਾ ਕਰਕੇ ਇਸ ਬਾਰੇ ਦੱਸ ਦਿਓ।

**ਮੰਤਰੀ :** ਸਪੀਕਰ ਸਾਹਿਬ, ਮੈਂ ਹਰਿਆਣਾ ਦਾ ਟਾਈਮ ਬਾਊਂਡ ਨਹੀਂ ਕਰ ਸਕਦਾ। ਜਦੋਂ ਉੱਧਰੋਂ ਗੱਲ ਕਲੀਅਰ ਹੋ ਗਈ, ਉਦੋਂ ਕਰਵਾ ਦਿੱਤਾ ਜਾਵੇਗਾ।

**ਮਾਨਯੋਗ ਸਪੀਕਰ :** ਮੰਤਰੀ ਜੀ ਕਹਿੰਦੇ ਹਨ ਕਿ ਇੰਟਰ ਸਟੇਟ ਮਸਲਾ ਹੈ।

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਘੱਗਰ ਦਰਿਆ ਦਾ ਇੰਟਰ ਸਟੇਟ ਮਸਲਾ ਸੁਪਰੀਮ ਕੋਰਟ ਵਿੱਚ ਪੈਂਡਿੰਗ ਪਿਆ ਹੈ, ਇਹ ਕਦੋਂ ਤੱਕ ਹੱਲ ਹੋ ਜਾਵੇਗਾ? ਇਸ ਵਿਚੋਂ 22 ਕਿਲੋਮੀਟਰ ਠੀਕ ਹੋ ਗਿਆ ਹੈ ਅਤੇ ਬਾਕੀ 17 ਕਿਲੋਮੀਟਰ ਦਾ ਪੈਂਡਿੰਗ ਪਿਆ ਹੈ।

**Mr. Speaker :** You are a lawyer. ਮੇਰੀ ਗੱਲ ਸੁਣੋ, ਇਹ ਕਿਵੇਂ ਦੱਸ ਸਕਦੇ ਹਨ ਕਿ ਸੁਪਰੀਮ ਕੋਰਟ ਕਿੰਨੇ ਚਿਰ ਵਿੱਚ ਮਸਲਾ ਹੱਲ ਕਰ ਦੇਵੇਗਾ?

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਸਰਕਾਰ ਨੇ ਕਮੇਟੀ ਬਣਾਈ ਹੈ ਅਤੇ ਸੁਪਰੀਮ ਕੋਰਟ ਨੇ ਡਾਇਰੈਕਸ਼ਨ ਦਿੱਤੀ ਹੈ।

**ਮਾਨਯੋਗ ਸਪੀਕਰ :** ਇਹ ਸਿਰਫ ਪੈਰਵੀ ਕਰ ਸਕਦੇ ਹਨ।

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਮੇਰੀ ਗੱਲ ਤਾਂ ਸੁਣੋ। ਜਿਹੜੀ ਕਮੇਟੀ ਬਣਾਈ ਹੈ, ਉਹ ਜਲਦੀ ਰਿਪੋਰਟ ਸਬਮਿਟ ਕਰ ਦੇਵੇ ਤਾਂ ਕਿ ਜਿਹੜੀ ਪੰਜਾਬ ਦੀ 17 ਕਿਲੋਮੀਟਰ ਥਾਂ ਰਹਿੰਦੀ ਹੈ, ਉਹ ਠੀਕ ਹੋ ਜਾਵੇ। ਹੜ੍ਹ ਆਉਣੇ ਬੰਦ ਹੋ ਜਾਣਗੇ ਅਤੇ ਪੰਜਾਬ ਦਾ ਸਾਰਾ ਇਲਾਕਾ ਠੀਕ ਹੋ ਜਾਵੇਗਾ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਹ ਕਮੇਟੀ ਕਿੰਨੇ ਚਿਰ ਵਿੱਚ ਰਿਪੋਰਟ ਦੇ ਦੇਵੇਗੀ?

**ਮਾਨਯੋਗ ਸਪੀਕਰ :** ਮੰਤਰੀ ਜੀ, ਇਨ੍ਹਾਂ ਦੀ ਚਿੰਤਾ ਇਹ ਹੈ ਕਿ ਇਸ ਨੂੰ ਐਕਸਪੀਡਾਈਟ ਕਰਵਾ ਲਿਆ ਜਾਵੇ ਤਾਂ ਕਿ ਮਸਲਾ ਜਲਦੀ ਹੱਲ ਹੋਣ ਨਾਲ ਲੋਕਾਂ ਨੂੰ ਰਾਹਤ ਮਿਲ ਸਕੇ। ਇਹ ਇਨ੍ਹਾਂ ਦੀ ਫਿਕਰਮੰਦੀ ਹੈ।

**ਮੰਤਰੀ:** ਠੀਕ ਹੈ ਜੀ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ: 2752**

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---

## ਪੀ.ਐਚ.ਸੀ., ਧਰਮਕੋਟ ਅਤੇ ਸਿਵਲ ਹਸਪਤਾਲ, ਕੋਟ ਈਸੇ ਖਾਂ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ

***2767. ਸਰਦਾਰ ਸੁਖਜੀਤ ਸਿੰਘ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਪੀ.ਐਚ.ਸੀ., ਧਰਮਕੋਟ ਅਤੇ ਸਿਵਲ ਹਸਪਤਾਲ, ਕੋਟ ਈਸੇ ਖਾਂ (ਮੋਗਾ) ਲਈ ਡਾਕਟਰਾਂ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ ਦੀ ਵੱਖੋ-ਵੱਖ ਕੁੱਲ ਗਿਣਤੀ ਕਿੰਨੀ ਹੈ ਅਤੇ ਇਸ ਸਮੇਂ ਖਾਲੀ ਪਈਆਂ ਅਸਾਮੀਆਂ ਦੀ ਗਿਣਤੀ ਕੀ ਹੈ ਅਤੇ ਇਸ ਦੇ ਕਾਰਨ ਕੀ ਹਨ;

(ਅ) ਸਰਕਾਰ ਦੁਆਰਾ ਇਨ੍ਹਾਂ ਅਸਾਮੀਆਂ ਨੂੰ ਭਰਨ ਲਈ ਕੀ ਕਦਮ ਚੁੱਕੇ ਜਾਣੇ ਹਨ ਅਤੇ ਇਨ੍ਹਾਂ ਨੂੰ ਕਦੋਂ ਤੱਕ ਭਰਨ ਦੀ ਸੰਭਾਵਨਾ ਹੈ?

**ਸਰਦਾਰ ਬਲਬੀਰ ਸਿੰਘ ਸਿੱਧੂ:** ਸ਼੍ਰੀਮਾਨ ਜੀ, (ੳ) ਪੀ.ਐਚ.ਸੀ., ਧਰਮਕੋਟ ਵਿਖੇ ਮੈਡੀਕਲ ਅਫਸਰ (ਜਨਰਲ) ਦੀ 01 ਅਸਾਮੀ ਮਨਜ਼ੂਰਸ਼ੁਦਾ ਹੈ ਜੋ ਕਿ ਖਾਲੀ ਹੈ।

ਪੀ.ਐਚ.ਸੀ. ਕੋਟ ਈਸੇ ਖਾਂ ਵਿਖੇ ਸੀਨੀਅਰ ਮੈਡੀਕਲ ਅਫਸਰ ਦੀ 01 ਅਸਾਮੀ ਮਨਜ਼ੂਰਸ਼ੁਦਾ ਹੈ ਜੋ ਕਿ ਭਰੀ ਹੋਈ ਹੈ। ਮੈਡੀਕਲ ਅਫਸਰ (ਜਨਰਲ) ਦੀਆਂ 02 ਅਸਾਮੀਆਂ ਮਨਜ਼ੂਰਸ਼ੁਦਾ ਹਨ ਜੋ ਕਿ ਭਰੀਆਂ ਹੋਈਆਂ ਹਨ। ਮੈਡੀਕਲ ਅਫਸਰ (ਸਪੈਸ਼ਲਿਸਟ) ਦੀਆਂ 04 ਅਸਾਮੀਆਂ (01 ਮੈਡੀਸਨ, 01 ਸਰਜਰੀ, 01 ਪੈਡੀਐਟ੍ਰਿਕਸ, 01 ਗਾਇਨਾਕੋਲੋਜਿਸਟ) ਮਨਜ਼ੂਰਸ਼ੁਦਾ ਹਨ ਜਿਨ੍ਹਾਂ ਵਿੱਚੋਂ ਮਾਹਿਰ ਡਾਕਟਰਾਂ ਦੀਆਂ 3 ਅਸਾਮੀਆਂ ਖਾਲੀ ਹਨ। ਸੰਸਥਾ ਵਿਖੇ ਇੱਕ ਗਾਇਨਾਕੋਲੋਜਿਸਟ ਕੰਮ ਕਰ ਰਿਹਾ ਹੈ।

(ਅ) ਰਾਜ ਵਿੱਚ ਮੈਡੀਕਲ ਅਫਸਰਾਂ ਦੀਆਂ ਖਾਲੀ ਅਸਾਮੀਆਂ ਨੂੰ ਭਰਨ ਲਈ ਸਰਕਾਰ ਵੱਲੋਂ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਮੈਡੀਕਲ ਅਫਸਰ (ਸਪੈਸ਼ੇਲਿਸਟ) ਦੀ ਘਾਟ ਹੋਣ ਕਾਰਨ ਮਾਹਿਰ ਡਾਕਟਰਾਂ ਦੀ ਰੀ-ਇੰਪਲਾਇਮੈਂਟ ਅਧਾਰ ਤੇ ਭਰਤੀ ਪ੍ਰਕ੍ਰਿਆ ਮੁਕੰਮਲ ਹੋ ਚੁੱਕੀ ਹੈ ਜਿਸ ਤਹਿਤ 27 ਮੈਡੀਕਲ ਅਫਸਰ (ਸਪੈਸ਼ੇਲਿਸਟ) ਨੂੰ ਰੀ-ਇੰਪਲਾਇਮੈਂਟ ਅਧਾਰ ਤੇ ਜਲਦ ਹੀ ਨਿਯੁਕਤੀ ਪੱਤਰ ਜਾਰੀ ਕੀਤੇ ਜਾ ਰਹੇ ਹਨ। ਮਾਹਿਰ ਡਾਕਟਰਾਂ ਦੀਆਂ ਖਾਲੀ ਅਸਾਮੀਆਂ ਨੂੰ ਭਰਨ ਲਈ 32ਵੀਂ ਵਾਕ-ਇੰਨ-ਇੰਟਰਵਿਊ ਜਲਦੀ ਕਰਵਾਈ ਜਾ ਰਹੀ ਹੈ। ਮੈਡੀਕਲ ਅਫਸਰ (ਜਨਰਲ) ਦੀਆਂ 175 ਖਾਲੀ ਅਸਾਮੀਆਂ ਨੂੰ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਰਾਹੀਂ ਭਰਨ ਲਈ ਭਰਤੀ ਪ੍ਰਕਿਰਿਆ ਚੱਲ ਰਹੀ ਹੈ।

**ਸਰਦਾਰ ਸੁਖਜੀਤ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਧਰਮਕੋਟ ਇੱਕ ਬਹੁਤ ਪੁਰਾਣਾ ਸ਼ਹਿਰ ਹੈ। ਇਸ ਦੀ ਮਿਊਂਸਿਪਲ ਕਮੇਟੀ 1857 ਨੂੰ ਬਣੀ ਹੈ ਅਤੇ ਮੋਗਾ ਦੀ 1903 ਵਿੱਚ ਬਣੀ ਹੈ ਪਰ ਉਸ ਸ਼ਹਿਰ ਨੂੰ ਬਹੁਤ ਅਣਗੌਲਿਆ ਕੀਤਾ ਗਿਆ ਹੈ ਜਦਕਿ ਬਹੁਤ ਵੱਡੇ-ਵੱਡੇ ਪਿੰਡ ਸਾਡੇ ਨਾਲ ਪੈਂਦੇ ਹਨ। ਇੱਕ ਦਿਨ ਸਾਡੇ ਹਲਕੇ ਵਿੱਚ ਬਹੁਤ ਵੱਡੀ ਆਫਤ ਆਈ ਅਤੇ ਚਾਰ ਕਤਲ ਹੋ ਗਏ। ਇਹ ਦਰਿਆ ਦੇ ਬੰਨ੍ਹ ਤੇ ਹੋਏ ਸਨ। ਤਿੰਨ ਤਾਂ ਮੌਕੇ ਤੇ ਹੀ ਮਰ ਗਏ ਅਤੇ ਚੌਥੀ ਔਰਤ ਨੂੰ ਧਰਮਕੋਟ ਲਿਆਂਦਾ ਗਿਆ ਪਰੰਤੂ ਕੋਈ ਡਾਕਟਰ ਨਹੀਂ ਮਿਲਿਆ, ਕੋਈ ਮੁੱਢਲੀ ਸਹਾਇਤਾ ਨਹੀਂ ਮਿਲੀ। ਉਹ ਮੋਗਾ ਵੀ ਗਏ ਪਰ ਉਥੇ ਜਾ ਕੇ ਉਸ ਦੀ ਵੀ ਮੌਤ ਹੋ ਗਈ, ਜਿਸ ਕਾਰਨ ਚਾਰ ਕਤਲ ਹੋ ਗਏ। ਅਸੀਂ ਕਹਿੰਦੇ ਹਾਂ ਕਿ ਜੇਕਰ ਉਸ ਨੂੰ ਕੋਈ ਮੁੱਢਲੀ ਸਹੂਲਤ ਧਰਮਕੋਟ ਤੋਂ ਮਿਲ ਜਾਂਦੀ ਤਾਂ ਹੋ ਸਕਦਾ ਹੈ ਕਿ ਉਸ ਦਾ ਬਚਾਅ ਹੋ ਜਾਂਦਾ। ਕੀ ਸਰਕਾਰ ਖਾਲੀ ਪਈਆਂ ਅਸਾਮੀਆਂ ਨੂੰ ਭਰਨ ਲਈ ਅਜਿਹਾ ਕੋਈ ਇੰਤਜ਼ਾਮ ਕਰੇਗੀ?

**ਮੰਤਰੀ:** ਸਪੀਕਰ ਸਾਹਿਬ, ਇਨ੍ਹਾਂ ਦੀ ਚਿੰਤਾ ਬਿਲਕੁਲ ਜਾਇਜ਼ ਹੈ। ਮੈਂ ਵਿਸ਼ਵਾਸ ਦਿਵਾਉਂਦਾ ਹਾਂ ਕਿ ਇਹ ਅਸਾਮੀਆਂ ਜ਼ਰੂਰ ਭਰ ਦੇਵਾਂਗੇ।

**ਮਾਨਯੋਗ ਸਪੀਕਰ:** ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ।

---

## WRITTEN ANSWER TO STARRED QUESTION LAID ON THE TABLE OF THE HOUSE UNDER RULE 38

### ਸਬ-ਡਵੀਜ਼ਨ ਬੁਢਲਾਡਾ ਦੇ ਪਿੰਡਾਂ ਦੇ ਸਿੰਜਾਈ ਦੇ ਖਾਲ ਪੱਕੇ ਕਰਨਾ

***2802. ਸ਼੍ਰੀ ਬੁੱਧ ਰਾਮ:** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਸਬ-ਡਵੀਜ਼ਨ ਬੁਢਲਾਡਾ ਦੇ ਪਿੰਡਾਂ ਸਤੀਕੇ, ਕੁਲਰੀਆਂ, ਉੜਤ ਸੈਦੇਵਾਲਾ ਅਤੇ ਬਰੇਟਾ ਪਿੰਡ ਰੰਗੜਿਆਲ ਨੇ 2016 ਵਿੱਚ ਪੱਕੇ ਖਾਲ (ਸਿੰਜਾਈ ਲਈ) ਬਣਾਉਣ ਲਈ ਲੋੜੀਂਦਾ 10% ਹਿੱਸਾ ਬੈਂਕ ਰਾਹੀਂ ਸਬੰਧਤ ਮਹਿਕਮੇ ਨੂੰ ਜਮ੍ਹਾਂ ਕਰਵਾ ਦਿੱਤਾ ਹੈ;

(ਅ) ਜੇਕਰ ਇਹ ਜਮ੍ਹਾਂ ਕਰਵਾ ਦਿੱਤਾ ਹੈ ਤਾਂ ਸਰਕਾਰ ਕਦੋਂ ਤੱਕ ਇਨ੍ਹਾਂ ਪਿੰਡਾਂ ਦੇ ਸਿੰਜਾਈ ਖਾਲ ਪੱਕੇ ਕਰਨ ਲਈ ਆਪਣਾ ਬਣਦਾ 90% ਹਿੱਸਾ ਪਾ ਕੇ ਖਾਲ ਪੱਕੇ ਕਰਨ ਲਈ ਟੈਂਡਰ ਲਗਾਏਗੀ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ:** (ੳ) ਹਾਂ ਜੀ।

(ਅ) ਇਨ੍ਹਾਂ ਪਿੰਡਾਂ ਦੇ ਖਾਲਾਂ ਨੂੰ ਪੱਕੇ ਕਰਨ ਦਾ ਕੰਮ ਭਾਰਤ ਸਰਕਾਰ ਦੇ ਜਲ ਸ਼ਕਤੀ ਮੰਤਰਾਲਾ ਦੀ ਨਵੀਂ ਸਕੀਮ ਅਧੀਨ ਘੱਗਰ ਬ੍ਰਾਂਚ ਪ੍ਰੋਜੈਕਟ ਵਿੱਚ ਸ਼ਾਮਿਲ ਹੈ। ਭਾਰਤ ਸਰਕਾਰ ਵੱਲੋਂ ਇਹ ਸਕੀਮ ਮਨਜ਼ੂਰ ਹੋਣ ਉਪਰੰਤ ਅਤੇ ਲੋੜੀਂਦੇ ਫੰਡਾਂ ਦੀ ਉਪਲਬਧਤਾ ਹੋਣ ਤੇ ਸਬ-ਡਵੀਜਨ ਬੁਢਲਾਡਾ ਦੇ ਪਿੰਡਾਂ ਸਤੀਕੇ, ਕੁਲਰੀਆਂ, ਉੜਤ ਸੈਦੇਵਾਲਾ, ਬਰੇਟਾ ਅਤੇ ਪਿੰਡ ਰੰਗੜਿਆਲ ਦੇ ਖਾਲਾਂ ਨੂੰ ਪੱਕੇ ਕਰਨ ਦੇ ਕੰਮਾਂ ਦੇ ਟੈਂਡਰ ਲਗਾਏ ਜਾ ਸਕਣਗੇ।

---

## UNSTARRED QUESTIONS AND ANSWERS

### ਜਗਰਾਓਂ ਨਗਰ ਕੌਂਸਲ ਨੂੰ ਪ੍ਰਧਾਨ ਮੰਤਰੀ ਅਵਾਸ ਯੋਜਨਾ ਤਹਿਤ ਪ੍ਰਾਪਤ ਹੋਏ ਬਜਟ ਦਾ ਵੇਰਵਾ

**360. ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

[ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ]

(ੳ) ਜਗਰਾਓਂ ਦੀ ਨਗਰ ਕੌਂਸਲ ਨੂੰ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਕਿੰਨਾ ਬਜਟ ਪ੍ਰਾਪਤ ਹੋਇਆ ਹੈ;

(ਅ) ਇਸ ਬਜਟ ਨਾਲ ਕਿੰਨੇ ਮਕਾਨਾਂ ਦੀ ਉਸਾਰੀ ਕੀਤੀ ਗਈ ਹੈ;

(ੲ) ਇਸ ਯੋਜਨਾ ਤਹਿਤ ਕਿੰਨੇ ਲੋਕਾਂ ਨੇ ਅਪਲਾਈ ਕੀਤਾ ਹੈ ਤੇ ਕਿੰਨੇ ਲੋਕਾਂ ਨੂੰ ਮਕਾਨ ਦਿੱਤਾ ਗਿਆ ਹੈ?

**ਸ਼੍ਰੀ ਬ੍ਰਹਮ ਮਹਿੰਦਰਾ:** (ੳ) ਨਗਰ ਕੌਂਸਲ, ਜਗਰਾਓਂ ਨੂੰ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ 122 ਲਾਭਪਾਤਰੀ ਪ੍ਰਵਾਨ ਕੀਤੇ ਗਏ, ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

**Beneficiary Led Construction (BLC): 101**

**Credit Linked Subsidy Scheme (CLSS): 21**

ਜਿਸ ਦੇ ਤਹਿਤ ਭਾਰਤ ਸਰਕਾਰ ਵੱਲੋਂ 146.81 ਲੱਖ ਰੁਪਏ ਦੀ ਗਰਾਂਟ ਪ੍ਰਵਾਨ ਕੀਤੀ ਹੋਈ ਹੈ ਅਤੇ ਇਸ ਗਰਾਂਟ ਦਾ 40% (58.72 ਲੱਖ) ਦਾ ਬਜਟ ਪ੍ਰਾਪਤ ਹੋਇਆ ਹੈ।

(ਅ) ਹੁਣ ਤੱਕ ਇਸ ਬਜਟ ਨਾਲ ਜਗਰਾਓਂ ਸ਼ਹਿਰ ਵਿੱਚ 20 ਮਕਾਨਾਂ ਦੀ ਉਸਾਰੀ ਕੀਤੀ ਗਈ ਹੈ।

(ੲ) ਇਸ ਯੋਜਨਾ ਤਹਿਤ ਪੰਜਾਬ ਰਾਜ ਦੇ ਸ਼ਹਿਰਾਂ ਵਿਚ 88,963 ਲੋਕਾਂ ਨੇ ਅਪਲਾਈ ਕੀਤਾ ਹੈ ਅਤੇ 19,826 ਲੋਕਾਂ ਨੂੰ ਮਕਾਨ ਬਣਾਉਣ ਲਈ ਸਹਾਇਤਾ ਦਿੱਤੀ ਗਈ ਹੈ। ਇਸ ਯੋਜਨਾ ਤਹਿਤ ਜਗਰਾਓਂ ਸ਼ਹਿਰ ਵਿੱਚ ਪਾਸ ਕੀਤੇ ਗਏ 101 ਲਾਭਪਾਤਰੀਆਂ ਵਿਚ 20 ਨੇ ਉਸਾਰੀ ਸ਼ੁਰੂ ਕੀਤੀ ਹੈ ਅਤੇ ਨਗਰ ਕੌਂਸਲ, ਜਗਰਾਓਂ ਦੁਆਰਾ ਹੁਣ ਤੱਕ 43.07 ਲੱਖ ਰੁਪਏ ਦੀ ਰਾਸ਼ੀ ਲਾਭਪਾਤਰੀਆਂ ਨੂੰ ਦਿੱਤੀ ਗਈ ਹੈ।

---

## ਅਧਿਆਪਕਾਂ ਨੂੰ ਲੈਕਚਰਾਰ ਪਦ-ਉਨਤ ਕਰਨਾ

**400. ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਪੰਜਾਬ ਵਿੱਚ ਬਹੁਤ ਸਾਰੇ ਯੋਗਤਾ ਪ੍ਰਾਪਤ ਅਧਿਆਪਕ ਮਾਸਟਰ ਕੇਡਰ ਵਿੱਚ ਭਰਤੀ ਹੋਏ ਸੀ ਪ੍ਰੰਤੂ 15 ਸਾਲ ਬੀਤ ਜਾਣ ਬਾਅਦ ਵੀ ਉਨ੍ਹਾਂ ਨੂੰ ਯੋਗਤਾ ਪੂਰੀ ਹੋਣ ਦੇ ਬਾਵਜੂਦ ਲੈਕਚਰਾਰ ਕੇਡਰ ਲਈ ਨਹੀਂ ਚੁਣਿਆ ਗਿਆ;

(ਅ) ਪੰਜਾਬ ਵਿੱਚ ਅਜਿਹੇ ਕਿੰਨੇ ਅਧਿਆਪਕ ਹਨ ਜੋ ਪ੍ਰਮੋਸ਼ਨ ਨੂੰ ਉਡੀਕ ਕੇ ਰਿਟਾਇਰ ਹੋ ਗਏ ਹਨ,

(ੲ) ਕੀ ਸਰਕਾਰ ਲੈਕਚਰਾਰਾਂ ਦੀ ਸਿੱਧੀ ਭਰਤੀ ਕਰਨ ਦੀ ਥਾਂ ਤੇ ਸਭ ਤੋਂ

ਪਹਿਲਾਂ ਅਧਿਆਪਕ ਦਾ ਮਨੋਬਲ ਉੱਚਾ ਚੁੱਕਣ ਲਈ ਉਨ੍ਹਾਂ ਨੂੰ ਪ੍ਰਮੋਸ਼ਨ ਦੇਣ ਦੀ ਤਜਵੀਜ਼ ਰੱਖਦੀ ਹੈ?

**ਸ਼੍ਰੀ ਵਿਜੈ ਇੰਦਰ ਸਿੰਗਲਾ:** (ੳ) ਨਹੀਂ ਜੀ, ਵਿਭਾਗੀ ਨਿਯਮਾਂ ਅਨੁਸਾਰ ਲੈਕਚਰਾਰ ਕੇਡਰ ਦੀਆਂ ਕੁੱਲ 13859 ਮਨਜ਼ੂਰਸ਼ੁਦਾ ਪੋਸਟਾਂ ਹਨ। ਇਨ੍ਹਾਂ ਵਿਚੋਂ 75%, ਭਾਵ 10394 ਪੋਸਟਾਂ, ਤਰੱਕੀ ਕੋਟੇ ਦੀਆਂ ਅਤੇ 25%, ਭਾਵ 3465 ਪੋਸਟਾਂ, ਸਿੱਧੀ ਭਰਤੀ ਕੋਟੇ ਦੀਆਂ ਬਣਦੀਆਂ ਹਨ। ਵਿਭਾਗ ਵੱਲੋਂ ਸਾਲ 2001 ਤੋਂ ਹੁਣ ਤੱਕ ਵੱਖ ਵੱਖ ਵਿਸ਼ਿਆਂ ਵਿੱਚ ਮਾਸਟਰ ਕਾਡਰ ਤੋਂ ਬਤੌਰ ਲੈਕਚਰਾਰ ਕੇਡਰ ਵਿੱਚ ਹੇਠ ਲਿਖੇ ਅਨੁਸਾਰ ਪਦ ਉਨਤੀਆਂ ਕੀਤੀਆਂ ਗਈਆਂ ਹਨ:

| **ਲੜੀ ਨੰ:** | **ਸਾਲ** | **ਪਦ ਉਨਤ ਕੀਤੇ ਗਏ ਲੈਕਚਰਾਰਾਂ ਦੀ ਗਿਣਤੀ** |
|---|---|---|
| 1. | 2001 | 738 |
| 2. | 2008 | 2740 |
| 3. | 2012 | 2936 |
| 4. | 2016 | 3146 |

(ਅ) ਉਪਰੋਕਤ 'ੳ' ਅਨੁਸਾਰ ਵਿਭਾਗ ਵੱਲੋਂ ਮਾਸਟਰ ਕਾਡਰ ਤੋਂ ਬਤੌਰ ਲੈਕਚਰਾਰ ਕੇਡਰ ਤਰੱਕੀ ਕੋਟੇ ਦੀਆਂ ਖਾਲੀ ਅਸਾਮੀਆਂ ਵਿਰੁੱਧ ਨਿਯਮਾਂ ਦੇ ਆਧਾਰ ਤੇ ਸਮੇਂ-ਸਮੇਂ ਸਿਰ ਪਦ ਉਨਤੀਆਂ ਕੀਤੀਆਂ ਜਾਂਦੀਆਂ ਹਨ।

(ੲ) ਨਹੀਂ ਜੀ, ਹਾਲ ਦੀ ਘੜੀ ਅਧਿਆਪਕਾਂ ਤੋਂ ਲੈਕਚਰਾਰ ਦੀ ਪ੍ਰੋਮੋਸ਼ਨ ਸਬੰਧੀ ਮਾਮਲਾ ਮਾਨਯੋਗ ਹਾਈ ਕੋਰਟ ਵਿਖੇ ਸਿਵਲ ਰਿੱਟ ਪਟੀਸ਼ਨ ਨੰ: 28434 ਆਫ 2019 ਅਤੇ 26826 ਆਫ 2019 ਅਤੇ ਹੋਰਾਂ ਵਿੱਚ ਪੈਂਡਿੰਗ ਹੈ ਜਿਸ ਵਿੱਚ ਮਾਨਯੋਗ ਕੋਰਟ ਵੱਲੋਂ ਮਾਸਟਰ/ਮਿਸਟ੍ਰੈਸ ਕੇਡਰ ਦੀ ਸੀਨੀਆਰਤਾ ਉਪਰ ਅਗਲੇਰੀ ਕਾਰਵਾਈ ਤੇ ਰੋਕ ਲਗਾ ਦਿੱਤੀ ਗਈ ਹੈ।

ਇੱਥੇ ਇਹ ਮੁੜ ਦੱਸਿਆ ਜਾਂਦਾ ਹੈ ਕਿ ਵਿਭਾਗੀ ਨਿਯਮਾਂ ਤਹਿਤ ਲੈਕਚਰਾਰਾਂ ਦੀ ਨਿਯੁਕਤੀ ਲਈ ਮਾਸਟਰ ਕੇਡਰ ਤੋਂ ਤਰੱਕੀ ਰਾਹੀਂ 75% ਅਤੇ ਸਿੱਧੀ ਭਰਤੀ ਰਾਹੀਂ 25% ਕੋਟੇ ਦਾ ਉਪਬੰਧ ਹੈ।

## ਪ੍ਰਾਈਵੇਟ ਸਕੂਲ ਖੋਲ੍ਹਣ ਦੀ ਪਾਲਿਸੀ

**401. ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਪੰਜਾਬ ਰਾਜ ਵਿੱਚ ਪ੍ਰਾਈਵੇਟ ਸਕੂਲ ਖੋਲ੍ਹਣ ਦੀ ਕੀ ਪਾਲਿਸੀ ਲਾਗੂ ਕੀਤੀ ਜਾਂਦੀ ਹੈ;

(ਅ) ਇੱਕ ਬਲਾਕ ਦੇ ਵਿੱਚ ਘੱਟੋ-ਘੱਟ ਕਿੰਨੇ ਛੋਟੇ-ਵੱਡੇ ਪ੍ਰਾਈਵੇਟ ਸਕੂਲ ਖੁੱਲ੍ਹ ਸਕਦੇ ਹਨ;

(ੲ) ਪੰਜਾਬ ਰਾਜ ਵਿੱਚ ਕੁੱਲ ਕਿੰਨੇ ਪ੍ਰਾਈਵੇਟ ਸਕੂਲ, ਕਿੰਨੇ ਸਰਕਾਰੀ ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ ਹਨ;

(ਸ) ਕੀ ਸਰਕਾਰ ਏਅਰਟੈੱਲ ਦੇ ਸਕੂਲਾਂ ਦੇ ਖੁੱਲ੍ਹਣ ਨਾਲ ਫਿਕਰਮੰਦ ਹੈ ਕਿਉਂਕਿ ਇਸ ਦਾ ਸਿੱਧਾ ਪ੍ਰਭਾਵ ਸਰਕਾਰੀ ਸਕੂਲਾਂ ਦੇ ਬੱਚਿਆਂ ਉੱਪਰ ਪੈਂਦਾ ਹੈ;

(ਹ) ਕੀ ਪ੍ਰਾਈਵੇਟ ਸਕੂਲਾਂ ਨੂੰ ਮੰਤਰੀ ਸਾਹਿਬਾਨਾਂ ਵੱਲੋਂ ਸਰਕਾਰੀ ਗਰਾਂਟ ਦਿੱਤੀ ਜਾਂਦੀ ਹੈ?

**ਸ਼੍ਰੀ ਵਿਜੈ ਇੰਦਰ ਸਿੰਗਲਾ :** (ੳ) ਪੰਜਾਬ ਰਾਜ ਵਿੱਚ ਪ੍ਰਾਈਵੇਟ ਸਕੂਲ ਖੋਲ੍ਹਣ ਲਈ ਪੰਜਾਬ ਸਰਕਾਰ, ਬੱਚਿਆਂ ਦੀ ਮੁਫਤ ਅਤੇ ਲਾਜ਼ਮੀ ਸਿੱਖਿਆ ਰੂਲ, 2011 ਦੀ ਪਾਲਿਸੀ ਲਾਗੂ ਕੀਤੀ ਜਾਂਦੀ ਹੈ।

(ਅ) ਇੱਕ ਬਲਾਕ ਵਿੱਚ ਘੱਟੋ-ਘੱਟ ਛੋਟੇ-ਵੱਡੇ ਪ੍ਰਾਈਵੇਟ ਸਕੂਲ ਖੁੱਲ੍ਹਣ ਸਬੰਧੀ ਗਿਣਤੀ ਦੀ ਕੋਈ ਪਾਲਿਸੀ ਨਹੀਂ ਹੈ।

(ੲ) ਪੰਜਾਬ ਰਾਜ ਵਿੱਚ ਕੁੱਲ 8966 ਪ੍ਰਾਈਵੇਟ ਸਕੂਲ, 12839 ਸਰਕਾਰੀ ਪ੍ਰਾਇਮਰੀ ਸਕੂਲ, 2660 ਮਿਡਲ, 1738 ਹਾਈ ਅਤੇ 1908 ਸੀਨੀਅਰ ਸੈਕੰਡਰੀ ਸਕੂਲ ਹਨ।

(ਸ) ਜੀ ਨਹੀਂ। ਇਸ ਦਾ ਕੋਈ ਵੀ ਪ੍ਰਭਾਵ ਸਰਕਾਰੀ ਸਕੂਲਾਂ ਦੇ ਬੱਚਿਆਂ ਉੱਪਰ ਨਹੀਂ ਪੈਂਦਾ।

(ਹ) ਜੀ ਨਹੀਂ।

---

## ਬਹਾਦਰਪੁਰ ਤੋਂ ਡਸਕਾ ਲਿੰਕ ਰੋਡ ਦੀ ਹਾਲਤ ਵਿਚ ਸੁਧਾਰ ਕਰਨਾ

**408. ਸ਼੍ਰੀ ਬੁੱਧ ਰਾਮ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਸਬ-ਡਵੀਜ਼ਨ ਬੁਢਲਾਡਾ ਵਿਚ ਇਕੋ-ਇੱਕ ਯੂਨੀਵਰਸਿਟੀ ਕਾਲਜ ਹੈ ਜੋ ਬਹਾਦਰਪੁਰ ਡਸਕਾ ਸੜਕ ਤੇ ਸਥਿਤ ਹੈ;

(ਅ) ਕੀ ਇਹ ਵੀ ਠੀਕ ਹੈ ਕਿ ਕਾਲਜ ਨੂੰ ਜਾਣ ਵਾਲੀ ਸੜਕ ਦੀ ਹਾਲਤ ਬਹੁਤ

ਹੀ ਮਾੜੀ ਹੈ, ਜਿਸ ਤੇ ਕਾਲਜ ਆਉਣ-ਜਾਣ ਵੇਲੇ ਵਿਦਿਆਰਥੀ ਧੂੜ ਨਾਲ ਭਰ ਜਾਂਦੇ ਹਨ;

(ੲ) ਜੇਕਰ ਉੱਤਰ 'ਹਾਂ' ਵਿੱਚ ਹੈ ਤਾਂ ਇਹ ਸੜਕ (ਜੋ ਬਹਾਦਰਪੁਰ ਤੋਂ ਡਸਕਾ ਲਿੰਕ ਰੋਡ ਹੈ) ਕਦੋਂ ਤੱਕ ਬਣਾ ਦਿੱਤੀ ਜਾਵੇਗੀ?

**ਕੈਪਟਨ ਅਮਰਿੰਦਰ ਸਿੰਘ:** (ੳ) ਹਾਂ ਜੀ।

(ਅ) ਹਾਂ ਜੀ।

(ੲ) ਇਹ ਸੜਕ ਅਗਲੇ ਵਿੱਤੀ ਸਾਲ 2020-21 ਵਿੱਚ ਮੁਰੰਮਤ ਕਰ ਦਿੱਤੀ ਜਾਵੇਗੀ।

---

**ਬੁਢਲਾਡਾ, ਬਰੇਟਾ ਅਤੇ ਬੋਹਾ ਵਿੱਚ ਸਿਹਤ ਜਾਂਚ ਕੇਂਦਰ ਬਾਰੇ**

**409. ਸ਼੍ਰੀ ਬੁੱਧ ਰਾਮ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਹਲਕਾ ਬੁਢਲਾਡਾ ਦੇ ਹਸਪਤਾਲਾਂ ਬੁਢਲਾਡਾ, ਬਰੇਟਾ ਅਤੇ ਬੋਹਾ ਵਿੱਚ ਸਿਹਤ ਜਾਂਚ ਲਈ ਲੋੜੀਂਦੀਆਂ ਪੋਸਟਾਂ ਭਰੀਆਂ ਹੋਈਆਂ ਹਨ, ਜੇਕਰ ਨਹੀਂ ਤਾਂ ਕਿਹੜੀਆਂ-ਕਿਹੜੀਆਂ ਪੋਸਟਾਂ ਖਾਲੀ ਹਨ ਅਤੇ ਕਿੰਨੀਆਂ ਹਨ;

(ਅ) ਇਹ ਪੋਸਟਾਂ ਭਰਨ ਲਈ ਸਰਕਾਰ ਦੀ ਕੀ ਨੀਤੀ ਹੈ;

(ੲ) ਇਨ੍ਹਾਂ ਸਿਹਤ ਜਾਂਚ ਕੇਂਦਰਾਂ (Test labs) ਵਿੱਚ ਕਿਹੜੀਆਂ-ਕਿਹੜੀਆਂ ਜਾਂਚਾਂ (Tests) ਕੀਤੀਆਂ ਜਾਂਦੀਆਂ ਹਨ; ਜੇਕਰ ਸਾਰੇ ਟੈਸਟ ਕਰਨ ਲਈ ਲੋੜੀਂਦੇ ਉਪਕਰਨ ਅਤੇ ਟੈਸਟ ਸਮਾਨ ਪੂਰੇ ਨਹੀਂ ਹਨ ਤਾਂ ਇਹ ਕਦੋਂ ਤੱਕ ਪੂਰੇ ਕਰ ਦਿੱਤੇ ਜਾਣਗੇ।

(ਸ) ਬੁਢਲਾਡਾ ਲੈਬ ਵਿੱਚ ਮਰੀਜ਼ਾਂ ਦੇ ਬੈਠਣ ਲਈ ਬੈਂਚ ਆਦਿ ਕਦੋਂ ਤੱਕ ਮੁਹੱਈਆ ਕਰਵਾ ਦਿੱਤੇ ਜਾਣਗੇ?

**ਸਰਦਾਰ ਬਲਬੀਰ ਸਿੰਘ ਸਿੱਧੂ:** ਸ਼੍ਰੀਮਾਨ ਜੀ, (ੳ) ਹਲਕਾ ਬੁਢਲਾਡਾ ਦੇ ਹਸਪਤਾਲਾਂ ਬੁਢਲਾਡਾ, ਬਰੇਟਾ ਅਤੇ ਬੋਹਾ ਵਿੱਚ ਇਸ ਸਮੇਂ ਡਾਕਟਰਾਂ ਅਤੇ ਪੈਰਾ ਮੈਡੀਕਲ ਸਟਾਫ ਦੀਆਂ ਮਨਜ਼ੂਰਸ਼ੁਦਾ, ਭਰੀਆਂ ਅਤੇ ਖਾਲੀ ਅਸਾਮੀਆਂ ਦੇ ਵੇਰਵੇ ਕ੍ਰਮਵਾਰ ਅਨੁਲੱਗ-1, ਅਨੁਲੱਗ-2 ਅਤੇ ਅਨੁਲੱਗ-3 ਅਨੁਸਾਰ ਹਨ।

(ਅ) ਮੈਡੀਕਲ ਅਫਸਰ (ਜਨਰਲ) ਦੀਆਂ ਖਾਲੀ ਅਸਾਮੀਆਂ ਨੂੰ ਭਰਨ ਲਈ 175 ਮੈਡੀਕਲ ਅਫ਼ਸਰ (ਜਨਰਲ) ਦੀਆਂ ਖਾਲੀ ਅਸਾਮੀਆਂ ਨੂੰ ਭਰਨ ਲਈ ਪ੍ਰਕਿਰਿਆ ਜਾਰੀ ਹੈ। ਮੈਡੀਕਲ ਅਫਸਰ (ਸਪੈਸ਼ੇਲਿਸਟ) ਦੀ ਘਾਟ ਹੋਣ ਕਾਰਨ ਮਾਹਿਰ ਡਾਕਟਰਾਂ ਦੀ ਰੀ-ਇੰਪਲਾਇਮੈਂਟ ਆਧਾਰ ਤੇ ਭਰਤੀ ਪ੍ਰਕਿਰਿਆ ਜਾਰੀ ਹੈ। ਮਾਹਿਰ ਡਾਕਟਰਾਂ ਦੀਆਂ ਹੋਰ ਖਾਲੀ ਅਸਾਮੀਆਂ ਭਰਨ ਲਈ 32ਵੀਂ ਵਾਕ-ਇੰਨ-ਇੰਟਰਵਿਊ ਵੀ ਜਲਦੀ ਹੀ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ

ਰੇਡੀਓਗ੍ਰਾਫਰ, ਐਮ.ਐਲ.ਟੀ.-2, ਸਟਾਫ ਨਰਸ, ਟ੍ਰੇਂਡ ਦਾਈ ਅਤੇ ਓ.ਟੀ.ਏ. ਦੀਆਂ ਖਾਲੀ ਅਸਾਮੀਆਂ ਨੂੰ ਤਜਵੀਜ਼ਤ ਭਰਤੀ/ਆਮ ਬਦਲੀਆਂ ਉਪਰੰਤ ਜਲਦ ਭਰਨ ਦੇ ਉਪਰਾਲੇ ਕੀਤੇ ਜਾਣਗੇ।

(ੲ) ਇਨ੍ਹਾਂ ਸਿਹਤ ਕੇਂਦਰਾਂ ਵਿਖੇ ਹੋਣ ਵਾਲੇ ਟੈਸਟਾਂ ਦੇ ਵੇਰਵੇ ਅਨੁਲੱਗ-4 ਅਨੁਸਾਰ ਹਨ। ਬੁਢਲਾਡਾ ਹਸਪਤਾਲ, ਵਿਖੇ ਬਲੱਡ ਸੈੱਲ ਕਾਊਂਟਰ ਉਪਲਬਧ ਨਾ ਹੋਣ ਕਾਰਨ CBC ਟੈਸਟ ਨਹੀਂ ਕੀਤੇ ਜਾ ਰਹੇ। ਇਸ ਟੈਸਟ ਨੂੰ ਕਰਨ ਲਈ ਜਲਦ ਹੀ ਬਲੱਡ ਸੈੱਲ ਕਾਊਂਟਰ ਉਪਲਬਧ ਕਰਵਾਉਣ ਦੇ ਉਪਰਾਲੇ ਕੀਤੇ ਜਾ ਰਹੇ ਹਨ।

(ਸ) ਬੁਢਲਾਡਾ ਲੈਬ ਵਿੱਚ ਮਰੀਜ਼ਾਂ ਦੇ ਬੈਠਣ ਲਈ ਬੈਂਚ ਮੁਹੱਈਆ ਕਰਵਾ ਦਿੱਤੇ ਗਏ ਹਨ।

## ਅਨੁਲੱਗ-1

ਐਸ.ਡੀ.ਐਚ. ਬੁਢਲਾਡਾ (ਜ਼ਿਲ੍ਹਾ ਮਾਨਸਾ) ਵਿਖੇ ਇਸ ਸਮੇਂ ਡਾਕਟਰਾਂ ਅਤੇ ਪੈਰਾ ਮੈਡੀਕਲ ਸਟਾਫ ਦੀਆਂ ਮਨਜ਼ੂਰਸ਼ੁਦਾ, ਭਰੀਆਂ ਅਤੇ ਖਾਲੀ ਅਸਾਮੀਆਂ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ:

| ਲੜੀ ਨੰ: | ਅਸਾਮੀ ਦਾ ਨਾਮ | ਮਨਜ਼ੂਰਸ਼ੁਦਾ | ਭਰੀਆਂ | ਖਾਲੀ |
|---|---|---|---|---|
| 1. | ਸੀਨੀਅਰ ਮੈਡੀਕਲ ਅਫਸਰ | 1 | 1 | 0 |
| 2. | ਮੈਡੀਕਲ ਅਫਸਰ (ਸਪੈਸ਼ੇਲਿਸਟ) | 9 | 4 | 5 |
| 3. | ਮੈਡੀਕਲ ਅਫਸਰ (ਜਨਰਲ) | 7 | 5 | 2 |
| 4. | ਮੈਡੀਕਲ ਅਫਸਰ (ਡੈਂਟਲ) | 2 | 1 | 1 |
| 5. | ਚੀਫ ਫਾਰਮਾਸਿਸਟ | 1 | 1 | 0 |
| 6. | ਫਾਰਮਾਸਿਸਟ | 2 | 2 | 0 |
| 7. | ਨਰਸਿੰਗ ਸਿਸਟਰ | 1 | 1 | 0 |
| 8. | ਸਟਾਫ ਨਰਸ | 10 | 6 | 4 |
| 9. | ਐਪਥਾਲਮਿਕ ਅਫਸਰ | 1 | 1 | 0 |
| 10. | ਬੀ.ਈ.ਈ. | 1 | 1 | 0 |
| 11. | ਐਮ.ਪੀ.ਐਚ.ਐਸ (ਮੇਲ) | 1 | 1 | 0 |
| 12. | ਐਮ.ਪੀ.ਐਚ.ਐਸ (ਫੀਮੇਲ) | 1 | 0 | 1 |
| 13. | ਰੇਡੀਓਗ੍ਰਾਫਰ | 1 | 0 | 1 |
| 14. | ਐਮ.ਐਲ.ਟੀ. | 3 | 2 | 1 |
| 15. | ਓ.ਟੀ.ਏ. | 1 | 0 | 1 |
| 16. | ਟਰੇਂਡ ਦਾਈ | 3 | 0 | 3 |

**ਅਨੁਲੱਗ-2**

ਸੀ.ਐਚ.ਸੀ. ਬਰੇਟਾ (ਜ਼ਿਲ੍ਹਾ ਮਾਨਸਾ) ਵਿਖੇ ਇਸ ਸਮੇਂ ਡਾਕਟਰਾਂ ਅਤੇ ਪੈਰਾ ਮੈਡੀਕਲ ਸਟਾਫ ਦੀਆਂ ਮਨਜ਼ੂਰਸ਼ੁਦਾ, ਭਰੀਆਂ ਅਤੇ ਖਾਲੀ ਅਸਾਮੀਆਂ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ:

| ਲੜੀ ਨੰ: | ਅਸਾਮੀ ਦਾ ਨਾਮ | ਮਨਜ਼ੂਰਸ਼ੁਦਾ | ਭਰੀਆਂ | ਖਾਲੀ |
|---|---|---|---|---|
| 1. | ਸੀਨੀਅਰ ਮੈਡੀਕਲ ਅਫਸਰ | 1 | 0 | 1 |
| 2. | ਮੈਡੀਕਲ ਅਫਸਰ (ਸਪੈਸ਼ੇਲਿਸਟ) | 4 | 0 | 4 |
| 3. | ਮੈਡੀਕਲ ਅਫਸਰ (ਜਨਰਲ) | 2 | 1 | 1 |
| 4. | ਮੈਡੀਕਲ ਅਫਸਰ (ਡੈਂਟਲ) | 1 | 0 | 1 |
| 5. | ਫਾਰਮਾਸਿਸਟ | 3 | 3 | 0 |
| 6. | ਨਰਸਿੰਗ ਸਿਸਟਰ | 1 | 1 | 0 |
| 7. | ਸਟਾਫ ਨਰਸ | 7 | 0 | 7 |
| 8. | ਰੇਡੀਓਗ੍ਰਾਫਰ | 1 | 0 | 1 |
| 9. | ਐਮ.ਐਲ.ਟੀ. | 2 | 1 | 1 |
| 10. | ਟਰੇਂਡ ਦਾਈ | 1 | 0 | 1 |
| 11. | ਓ.ਟੀ.ਏ. | 1 | 0 | 1 |

**ਅਨੁਲੱਗ-3**

ਮਿੰਨੀ ਪੀ.ਐਚ.ਸੀ. ਬੋਹਾ (ਜ਼ਿਲ੍ਹਾ ਮਾਨਸਾ) ਵਿਖੇ ਇਸ ਸਮੇਂ ਡਾਕਟਰਾਂ ਅਤੇ ਪੈਰਾ ਮੈਡੀਕਲ ਸਟਾਫ ਦੀਆਂ ਮਨਜ਼ੂਰਸ਼ੁਦਾ, ਭਰੀਆਂ ਅਤੇ ਖਾਲੀ ਅਸਾਮੀਆਂ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ:

| ਲੜੀ ਨੰ: | ਅਸਾਮੀ ਦਾ ਨਾਮ | ਮਨਜ਼ੂਰਸ਼ੁਦਾ | ਭਰੀਆਂ | ਖਾਲੀ |
|---|---|---|---|---|
| 1. | ਮੈਡੀਕਲ ਅਫਸਰ | 1 | 0 | 1 |
| 2. | ਫਾਰਮਾਸਿਸਟ | 1 | 1 | 0 |
| 3. | ਸਟਾਫ ਨਰਸ | 1 | 1 | 0 |
| 4. | ਐਮ.ਐਲ.ਟੀ. | 1 | 1 | 0 |

**ਅਨੁਲੱਗ-4**

ਹਲਕਾ ਬੁਢਲਾਡਾ ਦੇ ਹਸਪਤਾਲਾਂ ਬੁਢਲਾਡਾ, ਬਰੇਟਾ ਅਤੇ ਬੋਹਾ ਵਿੱਚ ਹੋਣ ਵਾਲੇ ਟੈਸਟਾਂ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ:

HB, TLC, DLC, ESR, Widal, RA factor, UPT, Urine Complete, HIC, HCV, HbsAg, BT, CT, Blood Group, VDRL

---

## ਪੰਜਾਬ ਦੇ ਸਕੂਲਾਂ ਵਿੱਚ ਦਰਜਾ ਚਾਰ ਦੀਆਂ ਅਸਾਮੀਆਂ

**410. ਸ਼੍ਰੀ ਬੁੱਧ ਰਾਮ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਦੇ ਸਕੂਲਾਂ ਵਿੱਚ ਦਰਜਾ ਚਾਰ ਦੀਆਂ ਪੋਸਟਾਂ ਖਾਸ ਕਰਕੇ ਸੇਵਾਦਾਰ, ਚੌਕੀਦਾਰ, ਮਾਲੀ ਅਤੇ ਸਫਾਈ ਸੇਵਕ ਦੀਆਂ ਪੋਸਟਾਂ ਭਰਨ ਤੇ ਪਾਬੰਦੀ ਹੈ; ਜੇਕਰ ਨਹੀਂ ਤਾਂ ਇਨ੍ਹਾਂ ਪੋਸਟਾਂ ਨੂੰ ਨਾ ਭਰਨ ਦੇ ਕੀ ਕਾਰਨ ਹਨ ਅਤੇ ਇਹ ਪੋਸਟਾਂ (ਜੋ 20 ਸਾਲਾਂ ਤੋਂ ਨਹੀਂ ਭਰੀਆਂ ਗਈਆਂ) ਕਦੋਂ ਤੱਕ ਭਰਨ ਲਈ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ?

**ਸ਼੍ਰੀ ਵਿਜੈ ਇੰਦਰ ਸਿੰਗਲਾ:** ਨਹੀਂ ਜੀ। ਸਿੱਖਿਆ ਵਿਭਾਗ ਵਲੋਂ ਰਾਜ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਅਤੇ ਹਾਈ ਸਕੂਲਾਂ ਵਿੱਚ ਦਰਜਾ ਚਾਰ ਦੀਆਂ 5886 ਅਸਾਮੀਆਂ ਭਰਨ ਲਈ ਮਾਮਲਾ ਵਿੱਤ ਵਿਭਾਗ ਨਾਲ ਟੇਕਅੱਪ ਕੀਤਾ ਗਿਆ ਹੈ। ਇਨਾਂ ਸਬੰਧੀ ਪ੍ਰਵਾਨਗੀ ਪ੍ਰਾਪਤ ਹੋਣ ਤੇ ਇਹ ਅਸਾਮੀਆਂ ਭਰਨ ਲਈ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

---

## ਬੁਢਲਾਡਾ ਦੇ ਪਿੰਡਾਂ ਵਿਚ ਸੁਵਿਧਾ ਕੇਂਦਰ ਦਾ ਪ੍ਰਬੰਧ

**411. ਸ਼੍ਰੀ ਬੁੱਧ ਰਾਮ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਬੋਹਾ (ਸਬ-ਡਵੀਜ਼ਨ ਬੁਢਲਾਡਾ) ਵਿਖੇ ਕੋਈ ਵੀ ਸੁਵਿਧਾ ਕੇਂਦਰ ਨਹੀਂ ਹੈ ਜਦੋਂ ਕਿ ਇਹ ਸ਼ਹਿਰ ਆਲੇ-ਦੁਆਲੇ ਦੇ 32 ਪਿੰਡਾਂ ਨੂੰ ਕਵਰ ਕਰਦਾ ਹੈ;

(ਅ) ਕੀ ਲਗਭਗ 80,000 ਦੀ ਆਬਾਦੀ ਨੂੰ ਕਵਰ ਕਰਨ ਵਾਲੇ ਇਸ ਬੋਹਾ ਸ਼ਹਿਰ ਵਿਚ ਕੋਈ ਸੁਵਿਧਾ ਕੇਂਦਰ ਦੁਬਾਰਾ ਚਾਲੂ ਕਰਨਾ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਸੁਵਿਧਾ ਕੇਂਦਰ ਕਦੋਂ ਤੱਕ ਚਾਲੂ ਕਰ ਦਿੱਤਾ ਜਾਵੇਗਾ?

**ਕੈਪਟਨ ਅਮਰਿੰਦਰ ਸਿੰਘ:** (ੳ) ਹਾਂ ਜੀ।

(ਅ) ਹਾਂ ਜੀ। ਬੋਹਾ ਵਿਖੇ ਸੇਵਾ ਕੇਂਦਰ 15 ਮਾਰਚ, 2020 ਤੱਕ ਚਾਲੂ ਕਰ ਦਿੱਤਾ ਜਾਵੇਗਾ।

---

## MATTERS RAISED DURING ZERO HOUR

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਇੱਕ ਬਹੁਤ ਹੀ ਅਹਿਮ ਮਾਮਲਾ ਸਾਹਮਣੇ ਆਇਆ ਹੈ। ਸਾਡੇ ਮਨਿਸਟਰ ਸਾਹਿਬਾਨ ਸ਼੍ਰੀ ਭਾਰਤ ਭੂਸ਼ਣ ਆਸ਼ੂ ਜੀ ਦਾ ਇੱਕ ਹੋਰ ਵਿਵਾਦਿਤ ਵੀਡਿਉ ਸਾਹਮਣੇ ਆਇਆ ਹੈ। ਜਿਸ ਵਿੱਚ ਇਨ੍ਹਾਂ ਨੇ ਸਾਡੇ ਵਾਲਮੀਕਿ ਭਾਈਚਾਰੇ ਬਾਰੇ ਬੜੀਆਂ ਹੀ ਮਾੜੀਆਂ ਅਤੇ ਨਿੰਦਣਯੋਗ ਟਿੱਪਣੀਆਂ ਕੀਤੀਆਂ ਹਨ। ਇਨ੍ਹਾਂ ਨੇ ਬਹੁਤ ਹੀ ਮਾੜੀ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ। ਮੈਂ ਸਮਝਦਾ ਹਾਂ ਕਿ ਪੰਜਾਬ ਦਾ ਇੱਕ ਮਨਿਸਟਰ, ਜੋ ਪੰਜਾਬ ਵਿੱਚ ਬੈਠਾ ਹੈ, ਉਹ ਸਾਡੇ ਭਾਈਚਾਰੇ ਬਾਰੇ ਲਗਾਤਾਰ ਇਸ ਤਰ੍ਹਾਂ ਦੀਆਂ ਗੱਲਾਂ ਕਰ ਰਿਹਾ ਹੈ ਕਿ ਇਹ ਮਾਫੀਆ ਹੈ। ਮੈਂ ਸਮਝਦਾ ਹਾਂ ਕਿ ਸਰਕਾਰ ਉਸ ਦੇ ਖਿਲਾਫ ਤੁਰੰਤ ਮੁਕੱਦਮਾ ਦਰਜ ਕਰੇ। ਮੈਨੂੰ ਸਮਝ ਨਹੀਂ ਆਉਂਦੀ ਕਿ ਕੈਪਟਨ ਸਾਹਿਬ ਉਨ੍ਹਾਂ ਨੂੰ ਵਾਰ-ਵਾਰ ਕਿਉਂ ਬਚਾ ਰਹੇ ਹਨ? ਉਨ੍ਹਾਂ ਨੂੰ ਕੀ ਮਜਬੂਰੀ ਹੈ? ਕੀ ਗੱਲ ਹੈ? ਇਨ੍ਹਾਂ ਮੰਤਰੀ ਸਾਹਿਬ ਦਾ ਨਾਮ ਲਗਾਤਾਰ ਕਦੋਂ ਦਾ ਵਿਵਾਦਾਂ ਵਿਚ ਆ ਰਿਹਾ ਹੈ। ਪਹਿਲਾਂ ਸੀ.ਐਲ.ਯੂ. ਮਾਮਲੇ ਵਿੱਚ ਇਨ੍ਹਾਂ ਦਾ ਨਾਮ ਆਇਆ, ਉਸ ਤੋਂ ਬਾਅਦ ਸਾਰਿਆਂ ਨੂੰ ਪਤਾ ਹੈ ਕਿ ਡੀ.ਐਸ.ਪੀ. ਵਾਲੇ ਮਾਮਲੇ ਵਿਚ ਨਾਮ ਆਇਆ। ਸਾਰਿਆਂ ਨੂੰ ਪਤਾ ਹੈ ਕਿ ਇਨ੍ਹਾਂ ਦਾ ਨਾਮ ** ** ਵਿੱਚ ਆਇਆ ਹੈ। ਹੁਣ ਇਹ ਬਹੁਤ ਹੀ ਸੰਗੀਨ ਮਾਮਲਾ ਆਇਆ ਹੈ। ਸਪੀਕਰ ਸਾਹਿਬ, ਜੇ ਤੁਸੀਂ ਇਜਾਜ਼ਤ ਦਿਉ ਤਾਂ ਮੈਂ ਦਿਖਾ ਸਕਦਾ ਹਾਂ (ਫੋਨ ਦਿਖਾਉਂਦੇ ਹੋਏ)...

**ਮਾਨਯੋਗ ਸਪੀਕਰ:** ਫੋਨ ਇਸਤੇਮਾਲ ਨਹੀਂ ਹੋ ਸਕਦਾ ਜੀ।

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਮੈਂ ਵੀ ਤਾਂ ਉਹੀ ਕਹਿੰਦਾ ਹਾਂ। ਮੈਂ ਤਾਂ ਆਗਿਆ ਮੰਗ ਰਿਹਾ ਹਾਂ ਜੀ।

**ਮਾਨਯੋਗ ਸਪੀਕਰ:** ਪਲੀਜ਼, ਬੈਠੋ।

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਜੇ ਤੁਸੀਂ ਕਹੋ ਤਾਂ ਮੈਂ ਇਹ ਆਡੀਓ ਸੁਣਾ ਦਿੰਦਾ ਹਾਂ ਕਿ ਇਹ ਕਿਸ ਤਰ੍ਹਾਂ ਦੀ ਮਾੜੀ ਸ਼ਬਦਾਵਲੀ ਵਰਤ ਰਹੇ ਹਨ। ਕਿਸ ਤਰ੍ਹਾਂ ਦੀ ** ** ਸੋਚ ਵਾਲੇ ਮੈਂ ਸਮਝਦਾ ਹਾਂ ਕਿ ਇਥੇ ਦਲਿਤ ਵਿਰੋਧੀ ਸੋਚ ਵਾਲੇ ਮਨਿਸਟਰ ਬੈਠੇ ਹਨ, ਇਨ੍ਹਾਂ ਲੋਕਾਂ ਨੂੰ ਸ਼ਰਮ ਆਉਣੀ ਚਾਹੀਦੀ ਹੈ ਕਿ ਇਹ ਉਸ ਭਾਈਚਾਰੇ ਦੇ ਖਿਲਾਫ ਬੋਲਦੇ ਹਨ। (ਵਿਘਨ) ਇਨ੍ਹਾਂ ਵਿੱਚ ਮਨੁੱਖਤਾ ਤਾਂ ਹੈ ਨਹੀਂ। ਇਹ ਕਿਸ ਤਰ੍ਹਾਂ ਦੇ ਵਿਅਕਤੀ ਹਨ, ਜਿਹੜੇ ਬਜ਼ਾਰਾਂ ਵਿੱਚ ਬੈਠੇ ਹਨ, ਜਿਹੜੇ ਵਿਵਾਦਿਤ ਟਿੱਪਣੀਆਂ ਕਰ ਰਹੇ ਹਨ। (ਵਿਘਨ)(ਸ਼ੋਰ)

---

**Expunged as ordered by the Hon'ble Speaker.

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕਈ ਮੈਂਬਰ ਅਤੇ ਟਰੇਜ਼ਰੀ ਬੈਂਚਿਜ਼ ਤੋਂ ਸਲਾਹਕਾਰ/ ਮੁੱਖ ਮੰਤਰੀ, ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਸਰਦਾਰ ਕੁਸ਼ਲਦੀਪ ਸਿੰਘ ਕਿੱਕੀ ਢਿੱਲੋਂ ਬਿਨਾਂ ਆਗਿਆ ਤੋਂ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ। ਸਦਨ ਵਿੱਚ ਕਾਫ਼ੀ ਸ਼ੋਰ ਸੀ ਜਿਸ ਕਾਰਨ ਸੁਣਾਈ ਨਹੀਂ ਦੇ ਰਿਹਾ ਸੀ।)

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਸਾਰਿਆਂ ਨੂੰ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਜਿਹੜੇ ਵੀ ਦਲਿਤ ਭਾਈਚਾਰੇ ਨਾਲ ਸਬੰਧਿਤ ਐਮ.ਐਲ.ਏ. ਸਾਹਿਬਾਨ ਹਨ, ਸਾਰਿਆਂ ਨੂੰ ਉੱਠ ਕੇ ਇਹੋ ਜਿਹੇ ਲੋਕਾਂ ਦਾ, ਜਿਹੜੇ ** ** ਦੇ ਲੋਕ ਹਨ, ਜਿਹੜੇ ਇਹੋ ਜਿਹੀਆਂ ** ** ਅਤੇ ਗਲਤ ਟਿੱਪਣੀਆਂ ਕਰਦੇ ਹਨ, ਉਨ੍ਹਾਂ ਦਾ ਬਾਈਕਾਟ ਕਰਨਾ ਚਾਹੀਦਾ ਹੈ। ਸਰ, ਇਹ ਬਹੁਤ ਹੀ ਮਾੜੀ ਅਤੇ ਨਿੰਦਣਯੋਗ ਗੱਲ ਹੈ। ਮੈਂ ਸਮਝਦਾ ਹਾਂ ਕਿ ਇਸ ਵਿੱਚ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਤੁਰੰਤ ਇਨ੍ਹਾਂ ਦੇ ਖਿਲਾਫ ......(ਵਿਘਨ)(ਸ਼ੋਰ)

**ਸਲਾਹਕਾਰ/ ਮੁੱਖ ਮੰਤਰੀ (ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ):** ਸਪੀਕਰ ਸਾਹਿਬ, ਇਹ ਬਿਨਾਂ ਗੱਲ ਤੋਂ ਖੜ੍ਹੇ ਹੋ ਜਾਂਦੇ ਹਨ, ਪਹਿਲਾਂ ਤਾਂ ਇਹ ਇੱਕ ਮੰਤਰੀ ਨੂੰ ਟੈਰੋਰਿਸਟ ਦੱਸੀ ਗਏ....(ਵਿਘਨ)(ਸ਼ੋਰ)

**ਮਾਨਯੋਗ ਸਪੀਕਰ:** ਤੁਸੀਂ ਬੋਲ ਲੈਣਾ। ਤੁਸੀਂ ਬਾਅਦ ਵਿੱਚ ਬੋਲ ਲੈਣਾ। ਸਾਰੇ ਬੈਠੋ ਜੀ। (ਵਿਘਨ)(ਸ਼ੋਰ)

**ਸਰਦਾਰ ਹਰਪਾਲ ਸਿੰਘ ਚੀਮਾ:** ਤੁਸੀਂ ਮੁਆਫੀ ਮੰਗਦੇ ਹੋ? ਕੀ ਤੁਸੀਂ ਦਲਿਤ ਭਾਈਚਾਰੇ ਦੇ ਖਿਲਾਫ ਹੋ? ਖੜ੍ਹੇ ਹੋ ਕੇ ਦੱਸੋ? (ਵਿਘਨ)(ਸ਼ੋਰ) ਕੀ ਤੁਸੀਂ ਦਲਿਤਾਂ ਦੇ ਖਿਲਾਫ ਹੋ? ....(ਵਿਘਨ)(ਸ਼ੋਰ)

**ਮਾਨਯੋਗ ਸਪੀਕਰ:** ਸਾਰੇ ਬੈਠੋ ਜੀ। ਰਾਜਾ ਜੀ, ਬੈਠੋ। ਬੈਠੋ, ਪਲੀਜ਼, ਬੈਠੋ। (ਵਿਘਨ) ਪਲੀਜ਼, ਚੇਅਰ ਨੂੰ ਐਡਰੈਸ ਕਰੋ। ਚੇਅਰ ਨੂੰ ਐਡਰੈਸ ਕਰੋ ਜੀ, ਪਲੀਜ਼।

---

**Expunged as ordered by the Hon'ble Speaker.

(ਇਸ ਸਮੇਂ ਸਦਨ ਵਿਚ ਹਾਜ਼ਰ ਆਮ ਆਦਮੀ ਪਾਰਟੀ ਦੇ ਮੈਂਬਰ, ਸ਼੍ਰੀ ਕੰਵਰ ਸੰਧੂ, ਸਰਦਾਰ ਨਾਜਰ ਸਿੰਘ ਮਾਨਸ਼ਾਹੀਆ, ਸਰਦਾਰ ਪਿਰਮਲ ਸਿੰਘ ਧੌਲਾ, ਸਰਦਾਰ ਜਗਦੇਵ ਸਿੰਘ ਅਤੇ ਸਰਦਾਰ ਅਮਰਜੀਤ ਸਿੰਘ ਸੰਦੋਆ ਨੂੰ ਛੱਡ ਕੇ ਬਾਕੀ ਮੈਂਬਰ ** ** ਨਾਅਰੇ ਲਗਾਉਂਦੇ ਹੋਏ ਵੈੱਲ ਆਫ ਦਿ ਹਾਊਸ ਵਿਚ ਆ ਗਏ।)

**ਮਾਨਯੋਗ ਸਪੀਕਰ:** ਚੇਅਰ ਨੂੰ ਐਡਰੈਸ ਕਰੋ। ** ** ਨਾਅਰੇ ਰਿਕਾਰਡ ਨਾ ਕੀਤੇ ਜਾਣ। ਸਰਦਾਰ ਸ਼ਰਨਜੀਤ ਸਿੰਘ ਢਿੱਲੋਂ ਜੀ, ਦੱਸੋ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ:** ਸਪੀਕਰ ਸਾਹਿਬ, ਮੈਂ ਆਪਣੇ ਸਾਹਨੇਵਾਲ ਹਲਕੇ ਦਾ ਇੱਕ ਬਹੁਤ ਹੀ ਗੰਭੀਰ ਮਸਲਾ ਉਠਾਉਣ ਵਾਸਤੇ ਖੜ੍ਹਾ ਹੋਇਆ ਹਾਂ। ਮੇਰੇ ਹਲਕੇ ਦਾ ਦਸ਼ਮੇਸ਼ ਕਲਾਂ ਪਿੰਡ ਹੈ, ਉਸ ਪਿੰਡ ਵਿੱਚ ਦੀਪਕ ਸ਼ੁਕਲਾ ਨਾਮ ਦੇ ਲੜਕੇ ਦੀ ਪੰਜ ਦਿਨ ਪਹਿਲਾਂ ਮੌਤ ਹੋ ਗਈ....(ਵਿਘਨ)

## WALK OUT

(ਇਸ ਸਮੇਂ ਸ਼੍ਰੀ ਕੰਵਰ ਸੰਧੂ, ਸਰਦਾਰ ਨਾਜਰ ਸਿੰਘ ਮਾਨਸ਼ਾਹੀਆ, ਸਰਦਾਰ ਪਿਰਮਲ ਸਿੰਘ ਧੌਲਾ, ਸਰਦਾਰ ਜਗਦੇਵ ਸਿੰਘ ਅਤੇ ਸਰਦਾਰ ਅਮਰਜੀਤ ਸਿੰਘ ਸੰਦੋਆ ਨੂੰ ਛੱਡ ਕੇ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਖੁਰਾਕ ਤੇ ਸਿਵਲ ਸਪਲਾਈਜ਼ ਮੰਤਰੀ ਦੁਆਰਾ ਬਾਲਮੀਕੀ ਭਾਈਚਾਰੇ ਪ੍ਰਤੀ ਮਾੜੇ ਸ਼ਬਦ ਬੋਲਣ ਦੇ ਵਿਰੋਧ ਵਿੱਚ ** ** ਨਾਅਰੇ ਮਾਰਦੇ ਹੋਏ ਸਦਨ ਵਿੱਚੋਂ ਵਾਕ ਆਊਟ ਕਰ ਗਏ।)

**ਮਾਨਯੋਗ ਸਪੀਕਰ:** ** ** ਨਾਅਰੇ ਰਿਕਾਰਡ ਨਾ ਕੀਤੇ ਜਾਣ। (ਵਿਘਨ)(ਸ਼ੋਰ)

## MATTERS RAISED DURING ZERO HOUR
### *(Resumption)*

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ:** ਉਸ ਦੀ ਬਾਡੀ ਹਾਲੇ ਸਿਵਲ ਹਸਪਤਾਲ ਵਿੱਚ ਪਈ ਹੈ। ਸਿਵਲ ਹਸਪਤਾਲ ਦੇ ਵਿੱਚ ਲਾਸ਼ ਪਈ ਹੈ ਪਰ ਪੁਲਿਸ ਕੋਈ ਵੀ ਕਾਰਵਾਈ ਨਹੀਂ ਕਰ ਰਹੀ। ਪਰਿਵਾਰ ਇਹ ਗੱਲ ਕਹਿੰਦਾ ਹੈ ਕਿ ਪੁਲਿਸ ਦੇ ਜਿਹੜੇ ਅਫ਼ਸਰਾਂ ਨੇ ਇਸ ਨੂੰ ਤਸ਼ੱਦਦ ਦੇ ਕੇ ਕੁੱਟਿਆ ਤੇ ਮਾਰਿਆ ਹੈ, ਉਨ੍ਹਾਂ ਅਫਸਰਾਂ ਦੇ ਖਿਲਾਫ ਐਕਸ਼ਨ ਲਿਆ ਜਾਵੇ। ਜੇ ਪਰਿਵਾਰ ਵਾਲੇ ਪਰਚਾ ਦਰਜ ਕਰਵਾਉਣ ਜਾਂਦੇ ਹਨ ਤਾਂ ਪੁਲਿਸ ਪਰਚਾ ਦਰਜ ਨਹੀਂ ਕਰਦੀ। ਸਪੀਕਰ ਸਾਹਿਬ, ਮੇਰੀ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਹੈ ਕਿ ਕਿਰਪਾ ਕਰਕੇ ਸਬੰਧਿਤ ਦੋਸ਼ੀ ਅਫ਼ਸਰਾਂ ਦੇ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇ ਕਿਉਂਕਿ ਉਸ ਦਾ ਪਰਿਵਾਰ ਅੜਿਆ ਹੋਇਆ ਹੈ ਕਿ ਉਸ ਦੀ ਬਾਡੀ ਦਾ ਉਨੀ ਦੇਰ ਤੱਕ ਸਸਕਾਰ ਨਹੀਂ ਕਰਨਾ ਜਿੰਨੀ ਦੇਰ ਤੱਕ ਦੋਸ਼ੀ ਅਫ਼ਸਰਾਂ ਖਿਲਾਫ ਬਣਦੀ ਕਾਰਵਾਈ ਨਹੀਂ ਕੀਤੀ ਜਾਂਦੀ। ਮੈਂ ਕਹਿਣਾ ਚਾਹੁੰਦਾ ਹਾਂ ਕਿ ਪਹਿਲਾਂ ਦੋਸ਼ੀ ਅਫ਼ਸਰਾਂ ਨੂੰ ਸਸਪੈਂਡ ਕੀਤਾ ਜਾਵੇ, ਫਿਰ ਬਣਦੀ ਕਾਰਵਾਈ ਕੀਤੀ ਜਾਵੇ।(ਵਿਘਨ)(ਸ਼ੋਰ)

**Not recorded as ordered by the Chair.

**ਮਾਨਯੋਗ ਸਪੀਕਰ:** ਹਾਂ ਜੀ, ਰਾਜਾ ਵੜਿੰਗ ਜੀ, ਕੀ ਤੁਸੀਂ ਬੋਲਣਾ ਚਾਹੁੰਦੇ ਹੋ? ਰਾਜਾ ਜੀ, ਤੁਸੀਂ ਪਹਿਲਾਂ ਖੜ੍ਹੇ ਹੋਏ ਸੀ। (ਵਿਘਨ)(ਸ਼ੋਰ) ਆਸ਼ੂ ਜੀ।

-----

## CLARIFICATION BY THE MINISTER

**ਖੁਰਾਕ ਤੇ ਸਿਵਲ ਸਪਲਾਈਜ਼ ਮੰਤਰੀ (ਸ਼੍ਰੀ ਭਾਰਤ ਭੂਸ਼ਣ ਆਸ਼ੂ):** ਸਪੀਕਰ ਸਾਹਿਬ, ਜਿਹੜਾ ਮੁੱਦਾ ਸਾਡੇ ਸਤਿਕਾਰਯੋਗ ਲੀਡਰ ਆਫ ਦਿ ਆਪੋਜ਼ੀਸ਼ਨ ਨੇ ਚੁੱਕਿਆ ਹੈ, ਇਹ ਬਿਲਕੁਲ ਬੇਬੁਨਿਆਦ ਹੈ। ਮੁੱਦਾ ਇਹ ਸੀ ਕਿ ਜਿਹੜਾ ਸਫਾਈ ਕਰਮਚਾਰੀ ਹੈ ਜਾਂ ਜਿਹੜਾ ਸਾਡੀ ਕਾਰਪੋਰੇਸ਼ਨ ਵਿੱਚ ਸਫਾਈ ਦਾ ਸਾਰਾ ਨਿਜ਼ਾਮ ਹੈ, ਉਹ ਇੱਕ ਮਾਫੀਆ ਦੇ ਹੱਥ ਵਿਚ ਹੈ। ਏ ਟੂ ਜ਼ੈੱਡ ਕੰਪਨੀ ਮਾਫੀਆ ਹੈ, ਜਿਹੜੀ ਕੰਪਨੀ ਸਾਰੇ ਲੁਧਿਆਣੇ ਦੀ ਗਾਰਬੇਜ ਦੀ ਕੁਲੈਕਸ਼ਨ ਅਤੇ ਢੋਆ-ਢੁਆਈ ਕਰਦੀ ਹੈ। ਇਹ ਉਸ ਗੱਲ ਨੂੰ ਕਿਸੇ ਹੋਰ ਚੀਜ਼ ਨਾਲ ਜੋੜ ਰਹੇ ਹਨ, ਅਜਿਹੀ ਕੋਈ ਗੱਲ ਨਹੀਂ ਹੈ।

-----

## MATTERS RAISED DURING ZERO HOUR

***(Resumption)***

**ਸਰਦਾਰ ਕੁਲਬੀਰ ਸਿੰਘ:** ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਬਹੁਤ ਗੰਭੀਰ ਮੁੱਦੇ ਤੇ ਲਿਆਉਣਾ ਚਾਹੁੰਦਾ ਹਾਂ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਸ਼ਰਨਜੀਤ ਸਿੰਘ ਢਿੱਲੋਂ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ:** ਇੱਕ ਮਿੰਟ, ਜ਼ੀਰਾ ਜੀ। ਢਿੱਲੋਂ ਜੀ, ਤੁਸੀਂ ਆਪਣੀ ਗੱਲ ਕਹਿ ਲਈ ਹੈ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ:** ਸਪੀਕਰ ਸਾਹਿਬ, ਮੇਰੀ ਗੱਲ ਵਿਚ ਹੀ ਰਹਿ ਗਈ ਹੈ ਜੀ।

**ਮਾਨਯੋਗ ਸਪੀਕਰ:** ਤੁਸੀਂ ਆਪਣੀ ਗੱਲ ਪੂਰੀ ਕਰੋ ਜੀ, ਜਲਦੀ ਕੰਪਲੀਟ ਕਰੋ ਜੀ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ:** ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਜਿਹੜਾ ਲੜਕਾ ਪੰਜ ਦਿਨਾਂ ਦਾ ਮਰਿਆ ਪਿਆ ਹੈ, ਉਸ ਦੀ ਬਾਡੀ ਸਿਵਲ ਹਸਪਤਾਲ ਵਿੱਚ ਪਈ ਹੈ। ਉੱਥੇ ਪਰਿਵਾਰ ਪੁਲਿਸ ਨੂੰ ਕਹਿ ਰਿਹਾ ਹੈ ਕਿ ਪਰਚਾ ਤਾਂ ਦਰਜ ਕਰੋ ਪਰ ਪੁਲਿਸ ਪਰਚਾ ਦਰਜ ਨਹੀਂ ਕਰ ਰਹੀ। ਉਹ ਲੜਕਾ ਪੁਲਿਸ ਦੀ ਤਸ਼ੱਦਦ ਨਾਲ ਮਰਿਆ ਹੈ ਪਰ ਪੁਲਿਸ ਸੁਣਨ ਨੂੰ ਹੀ ਤਿਆਰ ਨਹੀਂ ਹੈ, ਨਾ ਹੀ ਕੋਈ ਕਾਰਵਾਈ ਹੋ ਰਹੀ ਹੈ।ਉਸ ਪਰਿਵਾਰ ਦੀ ਬਹੁਤ ਬੁਰੀ ਹਾਲਤ ਹੈ, ਪੰਜ ਦਿਨ ਤੋਂ ਲਾਸ਼ ਪਈ ਹੈ, ਸਸਕਾਰ ਨਹੀਂ ਹੋ ਰਿਹਾ। ਕੀ ਸਰਕਾਰ ਇਸ ਤੇ ਕੋਈ ਐਕਸ਼ਨ ਲਵੇਗੀ?

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਕੁਝ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ:** ਬੈਠੋ ਜੀ, ਵਾਰੀ ਵਾਰੀ ਬੋਲੋ। ਹਾਂ ਜੀ, ਜੀਰਾ ਜੀ।

**ਸਰਦਾਰ ਕੁਲਬੀਰ ਸਿੰਘ:** ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਬਹੁਤ ਗੰਭੀਰ ਮੁੱਦੇ ਤੇ ਲਿਆਉਣਾ ਚਾਹੁੰਦਾ ਹਾਂ। ਟਰਾਂਸਪੋਰਟ ਮਾਫੀਆ ਰਾਹੀਂ ਲੋਕਾਂ ਦੀ ਬੜੀ ਵੱਡੀ ਲੁੱਟ ਹੋ ਰਹੀ ਹੈ। ਲੋਕਾਂ ਦੀ ਬੜੀ ਦੇਰ ਤੋਂ ਇਹ ਮੰਗ ਹੈ ਅਤੇ ਜਿਹੜੀ ਇੰਡੋ-ਕੈਨੇਡੀਅਨ ਬੱਸ ਹੈ, ਉਸ ਦਾ ਕਿਰਾਇਆ ਬਹੁਤ ਜ਼ਿਆਦਾ ਹੈ। ਕੱਲ੍ਹ ਮੈਂ ਖੁਦ ਅਤੇ ਕੈਪਟਨ ਸੰਧੂ ਦਿੱਲੀ ਤੋਂ ਰਾਜਪੁਰਾ ਆਏ। ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜੀ ਵੋਲਵੋ ਪਨਬੱਸ ਸਰਕਾਰ ਵੱਲੋਂ ਚਲਾਈ ਜਾਂਦੀ ਹੈ, ਉਸ ਦਾ ਕਿਰਾਇਆ ਦਿੱਲੀ ਏਅਰਪੋਰਟ ਤੋਂ 1200/- ਰੁਪਿਆ ਹੈ ਔਰ ਜੇਕਰ ਕਰਨਾਲ ਤੱਕ ਆਉਣਾ ਹੈ ਤਾਂ 280/- ਰੁਪਏ ਕਿਰਾਇਆ ਲਗਦਾ ਹੈ। ਮੈਂ ਤੁਹਾਨੂੰ ਇੰਡੋ-ਕੈਨੇਡੀਅਨ ਬੱਸ ਦੀ ਟਿਕਟ ਦਿਖਾ ਸਕਦਾ ਹਾਂ, ਜਿਹੜੀ ਕਿ ਮੇਰੇ ਨਾਮ ਤੇ ਹੈ। ਇਸ ਦਾ ਏਅਰਪੋਰਟ ਤੋਂ ਰਾਜਪੁਰਾ ਤੱਕ ਕਿਰਾਇਆ 2600/- ਰੁਪਿਆ ਹੈ ਅਤੇ ਜੇਕਰ ਤੁਸੀਂ ਕਰਨਾਲ ਤੱਕ ਆਉਣਾ ਹੈ ਤਾਂ ਵੀ 2600/- ਰੁਪਿਆ ਲਗਦਾ ਹੈ। ਮੈਂ ਇਹ ਗੱਲ ਕਹਿੰਦਾ ਹਾਂ ਕਿ ਟਰਾਂਸਪੋਰਟ ਪਾਲਿਸੀ ਤਿੰਨ ਸਾਲ ਤੋਂ ਠੰਢੇ ਬਸਤੇ ਵਿਚ ਪਈ ਹੈ। ਜੇ ਉਹ ਟਰਾਂਸਪੋਰਟ ਪਾਲਿਸੀ ਲਾਗੂ ਕੀਤੀ ਜਾਂਦੀ ਤਾਂ ਇਹ ਲੁੱਟ ਬਚ ਸਕਦੀ ਹੈ। ਮੈਂ ਚਾਹੁੰਦਾ ਹਾਂ ਕਿ ਏ.ਜੀ. ਸਾਹਿਬ ਨੂੰ ਪੁੱਛਿਆ ਜਾਵੇ ਕਿ ਕੀ ਟਰਾਂਸਪੋਰਟ ਪਾਲਿਸੀ ਤੇ ਕੋਰਟ ਵੱਲੋਂ ਕੋਈ ਸਟੇਅ ਲਗਾਈ ਗਈ ਹੈ? ਜੇਕਰ ਨਹੀਂ ਲਗਾਈ ਗਈ ਤਾਂ ਉਹ ਦੱਸਣ। ਸਪੀਕਰ ਸਾਹਿਬ, ਟਰਾਂਸਪੋਰਟ ਪਾਲਿਸੀ ਨੂੰ ਲਾਗੂ ਕੀਤਾ ਜਾਵੇ ਤਾਂ ਹੀ ਇਸ ਨਾਲ ਜਿਹੜੀ ਲੁੱਟ ਹੋ ਰਹੀ ਹੈ, ਉਸ ਤੋਂ ਲੋਕਾਂ ਨੂੰ ਰਾਹਤ ਮਿਲ ਸਕੇਗੀ।

**ਮਾਨਯੋਗ ਸਪੀਕਰ:** ਧੰਨਵਾਦ ਜੀ। ਹਾਂ ਜੀ, ਸਰਦਾਰ ਸਿਮਰਜੀਤ ਸਿੰਘ ਬੈਂਸ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਸਪੀਕਰ ਸਾਹਿਬ, ਪੰਜਾਬ ਦੇ ਅੰਦਰ ਲਾਅ ਐਂਡ ਆਰਡਰ ਦਾ ਸਿਸਟਮ ਤਾਰ-ਤਾਰ ਹੋਇਆ ਪਿਆ ਹੈ। ਮੈਂ ਲੁਧਿਆਣੇ ਦੇ ਪੁਲਿਸ ਅਫਸਰਾਂ ਦੇ ਦੋ-ਤਿੰਨ ਕਾਰਨਾਮੇ ਤੁਹਾਡੇ ਧਿਆਨ ਵਿਚ ਲਿਆਉਂਦਾ ਹਾਂ। ਪਿਛਲੇ ਦਿਨੀਂ 34 ਕਿਲੋ ਸੋਨਾ ਦਿਨ-ਦਿਹਾੜੇ ਲੁੱਟਿਆ ਗਿਆ। ਸੀ.ਆਈ.ਏ. ਸਟਾਫ ਦੀ ਬਿਲਡਿੰਗ ਦੇ ਸਾਹਮਣੇ ਗੋਲਡ ਲੋਨ ਦੇਣ ਵਾਲੀ ਏਜੰਸੀ ਤੋਂ ਲੁੱਟਿਆ ਗਿਆ ਸੀ ਲੇਕਿਨ ਅੱਜ ਤੱਕ ਕੋਈ ਸੁਰਾਗ ਨਹੀਂ ਮਿਲਿਆ। ਸਪੀਕਰ ਸਾਹਿਬ, ਉੱਥੇ ਇੱਕ ਐਸ.ਐਚ.ਓ. ਚਿੱਟੇ ਸਮੇਤ ਫੜਿਆ ਗਿਆ ਪਰ ਉਸ ਦੀ ਬਰਖ਼ਾਸਤਗੀ ਨਹੀਂ ਹੋਈ, ਉਸ ਨੂੰ ਸਿਰਫ ਖਾਨਾਪੂਰਤੀ ਲਈ ਸਸਪੈਂਡ ਕਰਕੇ ਘਰੇ ਤੋਰ ਦਿੱਤਾ ਹੈ। ਉਸ ਤੋਂ ਅੱਗੇ ਮੈਂ ਰੇਤ ਮਾਫੀਆ ਬਾਰੇ ਗੱਲ ਕਰਨੀ ਚਾਹੁੰਦਾ ਹਾਂ, ਜਿਸ ਤੇ ਸਤਿਕਾਰਯੋਗ ਮੰਤਰੀ ਜੀ ਨੇ ਪਰਸੋਂ ਅੰਕੜੇ ਵੀ ਪੇਸ਼ ਕੀਤੇ ਸੀ ਪਰ ਉਸ ਤੇ ਨਕੇਲ ਕੌਣ ਪਾਵੇਗਾ? ਸੈਂਡ ਮਾਫੀਆ ਨੇ ਕਤਲ ਕਰ ਦਿੱਤਾ ਹੈ। ਉਸ ਤੋਂ ਬਾਅਦ ਲੁਧਿਆਣੇ ਵਿਚ ਇੱਕ ਬੇਕਸੂਰ ਵਕੀਲ ਨੂੰ

[ਸਰਦਾਰ ਸਿਮਰਜੀਤ ਸਿੰਘ ਬੈਂਸ]

ਪੁਲਿਸ ਨੇ ਬਹੁਤ ਕੁੱਟਿਆ। ਬਾਅਦ ਵਿੱਚ ਪੁਲਿਸ ਵਾਲੇ ਕਹਿੰਦੇ ਕਿ ਭੁਲੇਖਾ ਲੱਗ ਗਿਆ ਸੀ ਤਾਂ ਕੁੱਟਿਆ ਗਿਆ। ਉਹ ਵਕੀਲ ਪੰਜ ਦਿਨਾਂ ਤੋਂ ਧਰਨੇ ਤੇ ਬੈਠਿਆ ਹੈ। ਉਸ ਤੋਂ ਬਾਅਦ ਜਿਹੜੀ ਗੱਲ ਢਿੱਲੋਂ ਸਾਹਿਬ ਕਰਕੇ ਗਏ ਹਨ, ਦੀਪਕ ਸ਼ੁਕਲਾ ਨਾਮ ਦਾ ਨੌਜਵਾਨ ਜੋ ਕਿ 26 ਸਾਲਾਂ ਦਾ ਹੈ ਅਤੇ ਪ੍ਰਾਈਵੇਟ ਬੈਂਕ ਵਿੱਚ ਨੌਕਰੀ ਕਰਦਾ ਹੈ। ਉਹ OLX ਤੋਂ ਪੁਰਾਣੀ ਮਾਰੂਤੀ 800 ਗੱਡੀ 18,000 ਰੁਪਏ ਦੀ ਖਰੀਦਦਾ ਹੈ।ਪੁਲਿਸ ਉਸ ਕੋਲ ਜਾ ਕੇ ਕਹਿੰਦੀ ਹੈ ਕਿ ਤੂੰ ਗੱਡੀ ਚੋਰੀ ਦੀ ਖਰੀਦ ਲਈ ਹੈ, ਉਹ ਮੁੰਡਾ ਪੁਲਿਸ ਨੂੰ ਨਾਲ ਲੈ ਕੇ ਜਿਥੋਂ ਗੱਡੀ ਖਰੀਦੀ ਹੈ, ਉਨ੍ਹਾਂ ਦੇ ਘਰ ਜਾਂਦਾ ਹੈ ਕਿ ਮੈਂ ਇਸ ਬੰਦੇ ਕੋਲੋਂ ਗੱਡੀ ਖਰੀਦੀ ਹੈ ਪਰ ਪੁਲਿਸ ਉਸ ਨੂੰ ਛੱਡਦੀ ਨਹੀਂ, ਉਲਟਾ ਉਸ ਦੀ ਪਤਨੀ ਨੂੰ ਗੈਰ-ਕਾਨੂੰਨੀ ਢੰਗ ਨਾਲ without female staff ਹਿਰਾਸਤ ਵਿਚ ਰੱਖਿਆ ਜਾਂਦਾ ਹੈ। ਪੁਲਿਸ ਵੱਲੋਂ ਅੰਨ੍ਹਾ ਤਸ਼ੱਦਦ ਢਾਹਿਆ ਜਾਂਦਾ ਹੈ। ਦੂਜੇ ਦਿਨ 25 ਹਜ਼ਾਰ ਰੁਪਿਆ ਲੈ ਕੇ ਪੁਲਿਸ ਉਸ ਦੀ ਵਾਈਫ ਨੂੰ ਛੱਡਦੀ ਹੈ। ਜਿਹੜਾ ਮੁੰਡਾ ਫੜਿਆ ਸੀ ਉਸ ਤੇ ਪੁਲਿਸ ਵਾਲਿਆਂ ਨੇ ਝੂਠੀ ਐਫ.ਆਈ.ਆਰ. ਦਰਜ ਕਰਕੇ ਅਦਾਲਤ ਵਿੱਚ ਪੇਸ਼ ਕੀਤਾ। ਅਦਾਲਤ ਵਿੱਚ ਬੈਠਾ ਮਾਨਯੋਗ ਜੱਜ ਜੁਡੀਸ਼ੀਅਲ ਕਰਦਾ ਹੈ ਪਰ ਪੁਲਿਸ ਦਾ ਹੌਸਲਾ ਦੇਖੋ ਕਿ ਜੁਡੀਸ਼ੀਅਲ ਹੋਏ ਦੋਸ਼ੀ ਨੂੰ ਪੁਲਿਸ ਜੇਲ੍ਹ ਵਿੱਚ ਛੱਡਣ ਨਹੀਂ ਜਾਂਦੀ, ਉਸ ਨੂੰ ਦੋ ਦਿਨ ਤੱਕ ਥਾਣੇ ਰੱਖਿਆ ਜਾਂਦਾ ਹੈ ਕਿਉਂਕਿ ਸੌਦਾ ਡੇਢ ਲੱਖ ਰੁਪਏ ਦਾ ਸੀ, ਸਿਰਫ 25 ਹਜ਼ਾਰ ਰੁਪਿਆ ਹੀ ਆਇਆ ਹੋਇਆ ਸੀ ਤੇ ਸਵਾ ਲੱਖ ਰੁਪਿਆ ਰਿਕਵਰ ਕਰਨ ਵਾਸਤੇ ਪੁਲਿਸ ਨੇ ਉਸ ਤੇ ਤਸ਼ੱਦਦ ਢਾਹਿਆ ਅਤੇ ਉਸ ਨੂੰ ਖੂਨ ਦੀਆਂ ਉਲਟੀਆਂ ਲੱਗੀਆਂ, ਉਸ ਦਾ ਬੁਰਾ ਹਾਲ ਹੋ ਗਿਆ ਤੇ ਬਾਅਦ ਵਿੱਚ ਉਸ ਦੀ ਮੌਤ ਹੋ ਜਾਂਦੀ ਹੈ। ਇਹ ਪੁਲਿਸ ਕਸਟੱਡੀ ਦਾ ਹਾਲ ਹੈ। ਅੱਜ ਤੱਕ ਸਰਕਾਰ ਵੱਲੋਂ ਨਾ ADGP, ਨਾ SHO, ਨਾ ਚੌਂਕੀ ਇੰਚਾਰਜ ਅਤੇ ਨਾ ਹੀ ਕਿਸੇ ਦੋਸ਼ੀ ਪੁਲਿਸ ਅਧਿਕਾਰੀ ਦੇ ਖਿਲਾਫ ਕੋਈ ਐਫ.ਆਈ.ਆਰ. ਦਰਜ ਹੋਈ ਹੈ। ਪੰਜ ਦਿਨ ਤੋਂ ਉਸ ਨੌਜਵਾਨ ਦੀ ਬਾਡੀ ਸਿਵਲ ਹਸਪਤਾਲ, ਲੁਧਿਆਣਾ ਵਿੱਚ ਪਈ ਹੈ। ਮੇਰੀ ਤੁਹਾਡੇ ਜ਼ਰੀਏ ਸਰਕਾਰ ਨੂੰ ਬੇਨਤੀ ਹੈ ਕਿ ਪੰਜਾਬ ਦੇ ਅੰਦਰ ਲਾਅ ਐਂਡ ਆਰਡਰ ਤਾਰ-ਤਾਰ ਹੋਇਆ ਪਿਆ ਹੈ। ਸਤਿਕਾਰਯੋਗ ਮੁੱਖ ਮੰਤਰੀ ਸਾਹਿਬ ਗੈਰ-ਹਾਜ਼ਰ ਹਨ। ਇਸ ਬਾਰੇ ਦੱਸਿਆ ਜਾਵੇ।

**ਸ਼੍ਰੀ ਕੰਵਰ ਸੰਧੂ:** ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਸਦਨ ਦਾ ਧਿਆਨ ਸਰਕਾਰ ਦੀ ਇੱਕ ਤਜਵੀਜ਼ ਵੱਲ ਲਿਆਉਣਾ ਚਾਹੁੰਦਾ ਹਾਂ। ਪੀ.ਜੀ.ਆਈ., ਚੰਡੀਗੜ੍ਹ ਦੀ ਤਰਜ਼ ਤੇ ਪਟਿਆਲਾ ਤੇ ਅੰਮ੍ਰਿਤਸਰ ਦੇ ਮੈਡੀਕਲ ਕਾਲਜਾਂ ਨੂੰ autonomous ਜਾਂ ਖੁਦਮੁਖਤਿਆਰ ਕਰਨ ਦਾ ਪ੍ਰਸਤਾਵ ਹੈ। ਇਸ ਨਾਲ ਸਾਰੀ ਮੈਡੀਕਲ ਫਰੈਟਰਨਿਟੀ ਤੇ ਲੋਕਾਂ ਦੇ ਵਿੱਚ ਖਦਸ਼ਾ ਹੈ, ਸ਼ੰਕਾ ਹੈ ਕਿ ਜਿਹੜੇ ਸਟੂਡੈਂਟਸ ਮੈਡੀਕਲ ਕਾਲਜ ਜਾਂਦੇ

ਹਨ, ਉਨ੍ਹਾਂ ਦੀ ਫੀਸ ਵੱਧ ਜਾਏਗੀ ਤੇ ਸਿਹਤ ਸੇਵਾਵਾਂ ਹੋਰ ਮਹਿੰਗੀਆਂ ਹੋ ਜਾਣਗੀਆਂ ਤੇ ਆਮ ਲੋਕਾਂ ਲਈ ਵੀ ਸਿਹਤ ਸੇਵਾਵਾਂ ਵਾਸਤੇ ਕੋਈ ਹੋਰ ਰਸਤਾ ਨਹੀਂ ਹੋਵੇਗਾ। ਮੰਤਰੀ ਸਾਹਿਬ ਇੱਥੇ ਬੈਠੇ ਹਨ, ਇਹ ਦੱਸ ਦੇਣ ਕਿ ਕੀ ਮਜਬੂਰੀ ਸੀ ਜਿਸ ਲਈ ਇਸ ਸਿਸਟਮ ਨੂੰ ਚੇਂਜ ਕੀਤਾ ਗਿਆ? ਕੀ ਇਸ ਨਾਲ ਫੀਸਾਂ ਵਧਣਗੀਆਂ? ਕੀ ਸਿਹਤ ਸੇਵਾਵਾਂ ਹੋਰ ਮਹਿੰਗੀਆਂ ਤਾਂ ਨਹੀਂ ਹੋ ਜਾਣਗੀਆਂ? ਜੇ ਮੰਤਰੀ ਸਾਹਿਬ ਜਵਾਬ ਦੇਣਾ ਚਾਹੁੰਣ ਤਾਂ ਦੇ ਦੇਣ ਜੀ।

**ਮਾਨਯੋਗ ਸਪੀਕਰ :** ਜ਼ੀਰੋ ਆਵਰ ਵਿੱਚ ਜਵਾਬ ਨਹੀਂ ਹੁੰਦਾ। ਹਾਂ ਜੀ, ਸਰਦਾਰ ਰਾਜਿੰਦਰ ਸਿੰਘ।

(ਇਸ ਸਮੇਂ ਸਰਦਾਰ ਬਲਵਿੰਦਰ ਸਿੰਘ ਬੈਂਸ, ਮੈਂਬਰ, ਲੋਕ ਇਨਸਾਫ ਪਾਰਟੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਮਾਨਯੋਗ ਸਪੀਕਰ:** ਬੈਠ ਜਾਓ, ਬੈਂਸ ਸਾਹਿਬ, ਸਾਰੇ ਹਾਊਸ ਨੇ ਬੋਲਣਾ ਹੈ। ਇਸ ਤਰ੍ਹਾਂ ਨਾ ਕਰੋ। ਸਾਰੇ ਹਾਊਸ ਨੇ ਬੋਲਣਾ ਹੈ।

**ਸਰਦਾਰ ਰਾਜਿੰਦਰ ਸਿੰਘ:** ਮਾਨਯੋਗ ਸਪੀਕਰ ਸਾਹਿਬ, ਮੈਂ ਸਰਕਾਰ ਦਾ ਧਿਆਨ ਇੱਕ ਗੰਭੀਰ ਮੁੱਦੇ ਤੇ ਲਿਆਉਣਾ ਚਾਹੁੰਦਾ ਹਾਂ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬ ਸਰਕਾਰ ਅਤੇ ਪੀ.ਡਬਲਿਊ.ਡੀ. ਵੱਲੋਂ ਬਹੁਤ ਹੀ ਜੰਗੀ ਪੱਧਰ ਤੇ ਪੰਜਾਬ ਵਿੱਚ ਸੜਕਾਂ ਦਾ ਕੰਮ ਕੀਤਾ ਜਾ ਰਿਹਾ ਹੈ। ਇੱਕ ਸੜਕ ਨੰ: 10, ਜੋ ਕਿ ਪਟਿਆਲਾ ਤੋਂ ਸ਼ੁਰੂ ਹੋ ਕੇ ਸਮਾਣੇ ਤੋਂ ਹੁੰਦੀ ਹੋਈ ਪਾਤੜਾਂ ਜਾਂਦੀ ਹੈ, ਇਸ ਸੜਕ ਤੇ ਪਿੰਡ ਫਤਿਹਪੁਰ ਤੇ ਅੱਗੇ ਰੇਤਗੜ੍ਹ ਆਉਂਦਾ ਹੈ, ਇਹ 10 ਕਿਲੋਮੀਟਰ ਦਾ ਪੈਂਡਾ ਹੈ। ਇਥੇ ਐਕਸੀਡੈਂਟਾਂ ਕਾਰਨ ਸਾਲ 2017 ਤੋਂ ਲੈ ਕੇ ਸਾਲ 2019 ਤੱਕ 61 ਮੌਤਾਂ ਹੋ ਚੁੱਕੀਆਂ ਹਨ। ਪਿੱਛੇ ਜਿਹੇ ਕੁਝ ਦਿਨ ਪਹਿਲਾਂ ਸਾਡੇ ਸਿਟਿੰਗ ਐਮ.ਸੀ. ਸ਼੍ਰੀ ਸ਼ਾਮ ਲਾਲ ਪੱਪੀ ਜੀ ਦੀ ਮੌਤ ਹੋਈ ਹੈ। ਐਸ.ਐਚ.ਓ ਸ਼੍ਰੀ ਹਰਸ਼ਨਦੀਪ ਜੋ ਕਿ ਬਹੁਤ ਯੰਗ ਮੁੰਡਾ ਸੀ, ਉਸ ਦੀ ਐਕਸੀਡੈਂਟ ਵਿੱਚ ਮੌਤ ਹੋਈ ਹੈ। ਪਿੱਛੇ ਜਿਹੇ ਇੱਕ ਐਮ.ਡੀ. ਡਾਕਟਰ husband and wife ਦੀ ਮੌਤ ਹੋਈ ਹੈ । ਇਸ ਬਾਰੇ ਜਦੋਂ ਵੀ ਮੰਤਰੀ ਸਾਹਿਬ ਨਾਲ ਅਸੀਂ ਗੱਲ ਕਰਦੇ ਹਾਂ ਤਾਂ ਉਹ ਕਹਿੰਦੇ ਹਨ ਕਿ ਇਹ ਸੜਕ BOT ਦੇ ਥੱਲੇ ਚਲਦੀ ਹੈ, ਇਹ ਬਣ ਨਹੀਂ ਸਕਦੀ ਕਿਉਂਕਿ ਇਹ ਐਗਰੀਮੈਂਟ ਸਾਲ 2022 ਤੱਕ ਹੈ। ਕੀ ਅਸੀਂ ਇਹ ਉਡੀਕ ਕਰ ਰਹੇ ਹਾਂ ਕਿ ਜਦੋਂ 50-60 ਹੋਰ ਕੀਮਤੀ ਜਾਨਾਂ ਚਲੀਆਂ ਜਾਣਗੀਆਂ, ਫਿਰ ਅਸੀਂ ਇਹ ਸੜਕ ਬਣਾਵਾਂਗੇ? ਮੇਰੀ ਬੇਨਤੀ ਹੈ ਕਿ ਇਸ ਐਗਰੀਮੈਂਟ ਨੂੰ ਰਿਵਿਊ ਕੀਤਾ ਜਾਵੇ ਤੇ ਦੁਬਾਰਾ ਬਣਾਇਆ ਜਾਵੇ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ:** ਬੈਠ ਜਾਓ, ਤੁਸੀਂ ਹਾਲੇ ਬੋਲਣਾ ਹੈ ਅਤੇ ਕਈ ਵਾਰ ਬੋਲ ਵੀ ਲਏ ਹੋ। Issues ਸਭ ਵਾਸਤੇ important ਹਨ। ਮੇਰੇ ਵਾਸਤੇ ਸਾਰਾ ਹਾਊਸ important ਹੈ। ਜਿਹੜੇ ਸਦਨ ਵਿੱਚ ਨਹੀਂ ਬੋਲਦੇ ਹੁੰਦੇ, ਉਹ ਵੀ ਬੁਲਵਾਉਣੇ ਹੁੰਦੇ ਹਨ।

**ਸ਼੍ਰੀ ਐਨ.ਕੇ. ਸ਼ਰਮਾ:** ਸਪੀਕਰ ਸਾਹਿਬ, ਅਜਨਾਲਾ ਤਹਿਸੀਲ ਦੇ ਇੱਕ ਪਿੰਡ ਬੱਲੜਵਾਲ ਵਿੱਚ ਸੋਹਨ ਸਿੰਘ ਵਾਲਾ ਆਬਾਦੀ ਵਿਖੇ ਕੱਲ੍ਹ ਇਕ ਕਿਸਾਨ ਤਰਸੇਮ ਸਿੰਘ ਦਾ ਕਤਲ ਹੋ ਗਿਆ ਹੈ। ਮਾਈਨਿੰਗ ਮਾਫੀਆ ਨੇ ਉਸ ਦਾ ਕਤਲ ਕਰ ਦਿੱਤਾ। ਉਸ ਦੀ ਭਰਜਾਈ ਹਸਪਤਾਲ ਵਿੱਚ ਜ਼ੇਰੇ-ਇਲਾਜ ਹੈ। ਉਸ ਦਾ ਕਸੂਰ ਸਿਰਫ ਇੰਨਾ ਸੀ ਕਿ ਉਸ ਦੀ ਪਰਸਨਲ ਜ਼ਮੀਨ ਦੇ ਨੇੜੇ illegal mining ਹੁੰਦੀ ਸੀ ਅਤੇ ਉਸ ਨੂੰ ਉਹ ਰੋਕ ਰਿਹਾ ਸੀ। ਇਸੇ ਤਰ੍ਹਾਂ ਇੱਕ ਜੋਗਾ ਸਿੰਘ ਕਿਸਾਨ ਦਾ ਕਤਲ ਹੋਇਆ ਹੈ। ਰਾਜਪੁਰਾ ਦੇ ਵਿੱਚ ਇੱਕ ਇੰਸਪੈਕਟਰ ਬਹੁਤ ਬੁਰੀ ਤਰ੍ਹਾਂ ਕੁੱਟਿਆ ਗਿਆ। ਪੰਜ-ਛੇ ਦਿਨ ਪਹਿਲਾਂ ਮੇਰੇ ਹਲਕੇ ਦੇ ਪਿੰਡ ਭਾਂਖਰਪੁਰ ਵਿੱਚ ਇੱਕ ਕਿਸਾਨ ਹਰਦੀਪ ਸਿੰਘ ਪੁੱਤਰ ਹਾਕਮ ਸਿੰਘ ਦੀ ਜ਼ਮੀਨ ਵਿੱਚੋਂ ਇੱਕ ਪੁਲੀ ਲਗਾ ਕੇ ਰਾਤ ਨੂੰ ਸਾਰਾ ਰੇਤਾ ਅਤੇ ਬਜਰੀ ਪੁੱਟ ਕੇ ਲੈ ਗਏ। ਉਹ ਵਿਚਾਰਾ ਪੁਲਿਸ ਥਾਣੇ ਵੀ ਗਿਆ ਅਤੇ ਕੋਈ ਕਾਰਵਾਈ ਨਹੀਂ ਹੋਈ। ਸਪੀਕਰ ਸਾਹਿਬ, ਮਾਈਨਿੰਗ ਮਾਫੀਆ ਪਹਿਲਾਂ ਤਾਂ ਸ਼ਾਮਲਾਤ ਜ਼ਮੀਨਾਂ ਪੁੱਟਦਾ ਸੀ, ਚਿੜੀਆ ਘਰ ਦੀਆਂ ਜ਼ਮੀਨਾਂ ਪੁੱਟਦਾ ਸੀ, ਹੁਣ ਤਾਂ ਰਾਤ ਨੂੰ ਜ਼ਿਮੀਂਦਾਰਾਂ ਦੀਆਂ ਜ਼ਮੀਨਾਂ ਪੁੱਟਣੀਆਂ ਸ਼ੁਰੂ ਕਰ ਦਿੱਤੀਆਂ ਹਨ। ਜੇ ਕੋਈ ਜ਼ਿਮੀਂਦਾਰ ਬੋਲਦਾ ਹੈ ਤਾਂ ਉਸ ਦਾ ਕਤਲ ਕਰ ਦਿੱਤਾ ਜਾਂਦਾ ਹੈ। ਤਿੰਨ-ਚਾਰ ਕਤਲ ਹੋ ਗਏ ਹਨ। ਮੇਰੇ ਤੋਂ ਪਹਿਲਾਂ ਬੈਂਸ ਸਾਹਿਬ ਅਤੇ ਢਿੱਲੋਂ ਸਾਹਿਬ ਨੇ ਵੀ ਲਾਅ ਐਂਡ ਆਰਡਰ ਦੀ ਪ੍ਰਾਬਲਮ ਦੱਸੀ ਹੈ। ਸੋ, ਲਾਅ ਐਂਡ ਆਰਡਰ ਦੀ ਗੰਭੀਰ ਸਮੱਸਿਆ ਸ਼ੁਰੂ ਹੋਣ ਲੱਗੀ ਹੈ। ਇਹ ਧੰਦਾ ਮਨਿਸਟਰ ਸਾਹਿਬ ਅਤੇ ਹੋਰ ਕਈ ਸਾਰਿਆਂ ਦੀ ਸਰਪ੍ਰਸਤੀ ਵਿੱਚ ਚੱਲ ਰਿਹਾ ਹੈ। ਮੇਰੀ ਬੇਨਤੀ ਹੈ ਕਿ ਜੇ ਕਿਸਾਨ ਮਾਈਨਿੰਗ ਮਾਫੀਆ ਦੇ ਵਿਰੁੱਧ ਸ਼ਿਕਾਇਤ ਕਰਦੇ ਹਨ ਤਾਂ ਉਨ੍ਹਾਂ ਕਿਸਾਨਾਂ ਦੇ ਸ਼ਰ੍ਹੇਆਮ ਕਤਲ ਹੋ ਰਹੇ ਹਨ ਅਤੇ ਉਨ੍ਹਾਂ ਨੂੰ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਸ਼ਰ੍ਹੇਆਮ ਰੇਤਾ-ਬਜਰੀ ਪੁੱਟਿਆ ਜਾ ਰਿਹਾ ਹੈ। ਸੋ, ਇਸ ਤੇ ਕਾਰਵਾਈ ਜ਼ਰੂਰ ਹੋਣੀ ਚਾਹੀਦੀ ਹੈ। ਚਾਰ ਦਿਨ ਰੌਲਾ ਪਾਉਂਦੇ ਨੂੰ ਹੋ ਗਏ ਹਨ, ਕੋਈ ਜਵਾਬ ਹੀ ਨਹੀਂ ਦਿੰਦਾ। ਸਪੀਕਰ ਸਾਹਿਬ, ਇਲਲੀਗਲ ਮਾਈਨਿੰਗ ਤੇ ਗੱਲਾਂ ਕਰਦੇ ਹੋਏ ਚਾਰ ਦਿਨ ਹੋ ਗਏ ਹਨ ਪਰ ਕੋਈ ਆਂਸਰ ਹੀ ਨਹੀਂ ਆਉਂਦਾ, ਕੋਈ ਕਾਰਵਾਈ ਹੀ ਨਹੀਂ ਹੁੰਦੀ।

**ਸਰਦਾਰ ਹਰਪ੍ਰਤਾਪ ਸਿੰਘ :** ਸਪੀਕਰ ਸਾਹਿਬ, ਸ਼ਰਮਾ ਜੀ ਨੇ ਇੱਕ ਅਖਬਾਰ ਨੂੰ ਪੜ੍ਹ ਕੇ ਇੱਕ ਇਸ਼ੂ ਚੁੱਕਿਆ ਹੈ। ਪਿੰਡ ਦਾ ਨਾਂ ਬੱਲੜ੍ਹਵਾਲ ਹੈ, ਆਬਾਦੀ ਦਾ ਨਾਂ ਸੋਹਨ ਸਿੰਘ ਵਾਲਾ ਹੈ। ਜਿਹੜੀ ਇਨ੍ਹਾਂ ਨੇ ਗੱਲ ਕੀਤੀ ਹੈ, ਉੱਥੇ ਪਿਛਲੇ 10 ਸਾਲ ਟੈਂਡਰ ਹੋਣ ਕਾਰਨ ਰੇਤ ਪੁੱਟੀ ਗਈ ਅਤੇ ਪੈਲੀ ਡੂੰਘੀ ਹੋ ਗਈ। ਉੱਥੇ ਨਾਲ ਦੇ ਜ਼ਿਮੀਂਦਾਰ ਨੇ ਸਫੈਦੇ-ਪਾਪੂਲਰ ਲਗਾਏ ਹੋਏ ਸਨ। ਇਹ ਝਗੜਾ ਉਸ ਦੀ ਛਾਂਗ-ਛੰਗਾਈ ਕਾਰਨ ਹੋਇਆ ਹੈ। ਉਹ ਛਾਂਗਣ ਲੱਗ ਗਏ, ਇਸ ਕਿਸਾਨ ਨੇ ਇਤਰਾਜ਼ ਕੀਤਾ। ਸਾਡਾ ਇਹ ਇਲਾਕਾ ਇਹੋ-ਜਿਹਾ ਹੈ ਜਿਥੇ ਲੋਕ ਬੜੀ ਛੇਤੀ ਲੜ ਪੈਂਦੇ ਹਨ, ਹਰ ਬੰਦੇ ਦੇ ਹੱਥ ਵਿੱਚ ਦਾਤਰ ਅਤੇ ਕਿਰਚਾਂ ਹੁੰਦੀਆਂ ਹਨ। ਉਸੇ ਹੀ ਛਾਂਗ-ਛੰਗਾਈ ਤੋਂ ਲੜਾਈ ਹੋਈ ਹੈ, ਇਹ ਮੈਂ ਕਲੈਰੀਫਾਈ ਕਰਨਾ ਚਾਹੁੰਦਾ ਹਾਂ।

**ਸਰਦਾਰ ਬਲਵਿੰਦਰ ਸਿੰਘ ਬੈਂਸ :** ਲਾਅ ਐਂਡ ਆਰਡਰ ਦੀ ਇਹ ਹਾਲਤ ਹੈ ਕਿ ਹਰ ਇੱਕ ਕੋਲ ਹੀ ਹਥਿਆਰ ਹਨ। (ਵਿਘਨ) (ਸ਼ੋਰ)

**ਸਰਦਾਰ ਹਰਪ੍ਰਤਾਪ ਸਿੰਘ :** ਮੈਨੂੰ ਗੱਲ ਪੂਰੀ ਤਾਂ ਕਰ ਲੈਣ ਦਿਉ। ਉਹ ਦਾਤਰ ਦਰੱਖਤ ਛਾਂਗਣ ਲਈ ਹੁੰਦੇ ਹਨ। (ਵਿਘਨ) (ਸ਼ੋਰ) ਫਿਰ ਉਹੀ ਗੱਲ। ਮੈਨੂੰ ਗੱਲ ਪੂਰੀ ਕਰ ਲੈਣ ਦਿਉ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਤੁਹਾਡੀ ਗੱਲ ਆ ਗਈ ਹੈ।

**ਸਰਦਾਰ ਹਰਪ੍ਰਤਾਪ ਸਿੰਘ :** ਮੈਂ ਸ਼ਰਮਾ ਜੀ ਨੂੰ ਇਹੋ ਗੱਲ ਦੱਸਣੀ ਚਾਹੁੰਦਾ ਹਾਂ ਕਿ ਇਹ ਮਾਈਨਿੰਗ ਪਿਛਲੇ 10 ਸਾਲਾਂ ਵਿੱਚ ਹੋਈ ਸੀ। ਹੁਣ ਉੱਥੇ ਨਾ ਕੋਈ ਟੈਂਡਰ ਹੈ ਅਤੇ ਨਾ ਕੋਈ ਮਾਈਨਿੰਗ ਹੋ ਰਹੀ ਹੈ। ਮੈਂ ਇਹੀ ਬਿਆਨ ਕਰਨਾ ਸੀ।

**ਸਰਦਾਰ ਪਿਰਮਲ ਸਿੰਘ ਧੌਲਾ :** ਧੰਨਵਾਦ, ਸਪੀਕਰ ਸਾਹਿਬ। ਮੈਂ ਆਪ ਜੀ ਦੇ ਰਾਹੀਂ ਸਦਨ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਮੇਰੇ ਹਲਕਾ ਭਦੌੜ ਦੇ ਕਸਬਾ ਭਦੌੜ ਦੀ ਮਿਊਂਸਿਪਲ ਕਮੇਟੀ ਦੇ ਸਫਾਈ ਸੇਵਕਾਂ ਨੂੰ ਕੰਮ ਬਦਲੇ ਬਣਦਾ ਮਿਹਨਤਾਨਾ ਠੇਕੇਦਾਰ ਵੱਲੋਂ ਨਹੀਂ ਦਿੱਤਾ ਜਾਂਦਾ ਜਿਸ ਕਰਕੇ ਸਾਰੇ ਹੀ ਸ਼ਹਿਰ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਕਿਉਂਕਿ ਸਫਾਈ ਤੋਂ ਬਿਨਾਂ ਸਾਰੀਆਂ ਸੀਵਰੇਜ ਨਾਲੀਆਂ ਚੋਕ ਹੋ ਜਾਂਦੀਆਂ ਹਨ। ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਸਰਕਾਰ ਨੂੰ ਇਹ ਬੇਨਤੀ ਕਰਦਾ ਹਾਂ ਕਿ ਕੋਈ ਸਿਸਟਮ ਬਣਾਇਆ ਜਾਵੇ। ਉਨ੍ਹਾਂ ਮਜ਼ਦੂਰਾਂ, ਫੋਰਥ ਕਲਾਸ ਸਫਾਈ ਸੇਵਕਾਂ ਨੂੰ ਚਾਰ-ਚਾਰ ਮਹੀਨਿਆਂ ਦੀਆਂ ਤਨਖਾਹਾਂ ਲੈਣ ਵਾਸਤੇ 20-20 ਦਿਨ ਧਰਨੇ ਤੇ ਬੈਠਣਾ ਪੈਂਦਾ ਹੈ ਫਿਰ ਉਨ੍ਹਾਂ ਨੂੰ ਮਹੀਨੇ ਦੀ ਤਨਖਾਹ ਦਿੱਤੀ ਜਾਂਦੀ ਹੈ। ਉਹ ਫਿਰ ਤੋਂ ਕੰਮ ਤੇ ਲੱਗ ਜਾਂਦੇ ਹਨ ਪਰ ਠੇਕੇਦਾਰ ਵੱਲੋਂ ਉਨ੍ਹਾਂ ਨੂੰ ਸਮੇਂ-ਸਿਰ ਤਨਖਾਹਾਂ ਨਹੀਂ ਦਿੱਤੀਆਂ ਜਾਂਦੀਆਂ। ਮੇਰੀ ਬੇਨਤੀ ਹੈ ਕਿ ਉਨ੍ਹਾਂ ਦੀਆਂ ਤਨਖਾਹਾਂ ਸਮੇਂ-ਸਿਰ ਦਿੱਤੀਆਂ ਜਾਣੀਆਂ ਯਕੀਨੀ ਬਣਾਈਆਂ ਜਾਣ।

**ਸ਼੍ਰੀਮਤੀ ਇੰਦੂ ਬਾਲਾ :** ਸਪੀਕਰ ਸਾਹਿਬ, ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ ਮੈਂ ਤੁਹਾਡਾ ਬਹੁਤ-ਬਹੁਤ ਧੰਨਵਾਦ ਕਰਦੀ ਹਾਂ। ਪਹਿਲਾਂ ਤਾਂ ਮੈਂ ਆਪਣੇ ਸਤਿਕਾਰਯੋਗ ਮੁੱਖ ਮੰਤਰੀ ਜੀ ਨੂੰ ਇਸ ਗੱਲ ਦੀ ਵਧਾਈ ਦਿੰਦੀ ਹਾਂ ਕਿ ਉਨ੍ਹਾਂ ਨੂੰ ਆਈਡਲ ਚੀਫ ਮਨਿਸਟਰ ਦਾ ਐਵਾਰਡ ਮਿਲਿਆ ਹੈ। ਇਸ ਨਾਲ ਸਿਰਫ ਉਨ੍ਹਾਂ ਦਾ ਹੀ ਮਾਣ ਨਹੀਂ ਵਧਿਆ ਸਗੋਂ ਸਾਡੇ ਸਾਰੇ ਪੰਜਾਬੀਆਂ ਦਾ ਸਿਰ ਫਖ਼ਰ ਨਾਲ ਉੱਚਾ ਹੋਇਆ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਸਾਡੀ ਚੋਣ ਦੀ ਦੂਸਰਿਆਂ ਨੇ ਵੀ ਪ੍ਰਸੰਸਾ ਕੀਤੀ ਹੈ। ਇਸ ਦੇ ਨਾਲ ਹੀ ਮੈਂ ਮੁੱਖ ਮੰਤਰੀ ਜੀ ਅਤੇ ਵਿੱਤ ਮੰਤਰੀ ਜੀ ਨੂੰ ਬਗੈਰ ਟੈਕਸ ਤੇ ਸਾਰੇ ਵਰਗਾਂ ਦੀ ਭਲਾਈ ਵਾਲਾ ਬਜਟ ਪੇਸ਼ ਕਰਨ ਦੀ ਬਹੁਤ-ਬਹੁਤ ਵਧਾਈ ਦਿੰਦੀ ਹਾਂ। ਉਨ੍ਹਾਂ ਨੂੰ ਤਾਂ ਲੋਕਾਂ ਨੇ ਚੰਗੇ ਬਜਟ ਦੀਆਂ ਵਧਾਈਆਂ ਦਿੱਤੀਆਂ ਹੋਣਗੀਆਂ ਪਰ ਮੈਂ ਉਨ੍ਹਾਂ ਦੀ ਛੋਟੀ ਭੈਣ ਐਮ.ਐਲ.ਏ. ਹੀ ਹਾਂ, ਮੈਨੂੰ ਵੀ ਆਪਣੇ ਹਲਕੇ ਵਿੱਚ ਜਾਣ ਤੇ ਬਹੁਤ ਸਾਰੇ ਲੋਕਾਂ ਨੇ ਸਰਕਾਰ ਵੱਲੋਂ ਵਧੀਆ ਬਜਟ ਲਿਆਉਣ ਲਈ ਵਧਾਈਆਂ ਦਿੱਤੀਆਂ ਹਨ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

**(ਇੱਕ ਆਵਾਜ਼ :** ਕੀ ਬਜਟ ਤੇ ਬਹਿਸ ਸ਼ੁਰੂ ਹੋ ਗਈ ਹੈ?)

**ਮਾਨਯੋਗ ਸਪੀਕਰ :** ਬਹਿਸ ਨਹੀਂ, ਪਹਿਲੀ ਵਾਰ ਬੋਲਣ ਲੱਗੇ ਹਨ, ਬਾਇ-ਇਲੈਕਸ਼ਨ ਜਿੱਤ ਕੇ ਆਏ ਹਨ ਤੁਸੀਂ ਐਪਰੀਸ਼ੀਏਟ ਕਰੋ, ਸਾਰੇ ਐਪਰੀਸ਼ੀਏਟ ਕਰੋ। (ਥੰਪਿੰਗ)

**ਸ਼੍ਰੀਮਤੀ ਇੰਦੂ ਬਾਲਾ :** ਜਿਵੇਂ ਕਿ ਉਨ੍ਹਾਂ ਨੇ ਨੌਜਵਾਨਾਂ ਦੀ ਨੌਕਰੀ ਦਾ ਰਾਹ ਖੋਲ੍ਹਿਆ। ਖੇਤ ਮਜ਼ਦੂਰਾਂ ਦੀ ਕਰਜ਼ ਮੁਆਫੀ ਵਾਸਤੇ 520 ਕਰੋੜ ਰੁਪਏ ਰੱਖੇ ਹਨ ਅਤੇ ਕਰਮਚਾਰੀਆਂ ਦੇ ਡੀ.ਏ. ਦਾ ਪ੍ਰਬੰਧ ਕੀਤਾ ਹੈ।

**ਮਾਨਯੋਗ ਸਪੀਕਰ :** ਬਜਟ ਵਾਲਾ ਛੱਡ ਲਉ।

**ਸ਼੍ਰੀਮਤੀ ਇੰਦੂ ਬਾਲਾ:** ਠੀਕ ਹੈ ਜੀ।

**ਮਾਨਯੋਗ ਸਪੀਕਰ :** ਧੰਨਵਾਦ ਜੀ।

**ਸ਼੍ਰੀਮਤੀ ਇੰਦੂ ਬਾਲਾ:** ਮੈਂ ਅੰਤ ਵਿੱਚ ਬਜਟ ਪਾਸ ਹੋਣ ਮਗਰੋਂ ਇਹ ਬੇਨਤੀ ਕਰਦੀ ਹਾਂ ਕਿ ਇਸ ਨੂੰ ਜਲਦੀ ਤੋਂ ਜਲਦੀ ਲਾਗੂ ਕਰਵਾਉਣ। ਖੇਤ ਮਜ਼ਦੂਰ ਇਸ ਆਸ ਤੇ ਬੈਠੇ ਹਨ ਕਿ ਸਰਕਾਰ ਨੇ ਜੋ ਸਾਡਾ ਕਰਜ਼ਾ ਮੁਆਫ ਕੀਤਾ ਹੈ, ਉਨ੍ਹਾਂ ਤੱਕ ਵੀ ਇਹ ਖੁਸ਼ੀ ਜਿੰਨੀ ਜਲਦੀ ਪਹੁੰਚ ਸਕੇ ਤਾਂ ਚੰਗਾ ਹੋਵੇਗਾ। ਧੰਨਵਾਦ, ਜੈ ਹਿੰਦ।

**ਮਾਨਯੋਗ ਸਪੀਕਰ:** ਬੈਠੋ, ਬੈਠੋ।

---

## OBSERVATION BY THE SPEAKER

**ਮਾਨਯੋਗ ਸਪੀਕਰ:** ਮੇਰੇ ਧਿਆਨ ਵਿੱਚ ਸੰਸਦੀ ਰਾਜ ਮੰਤਰੀ, ਪੰਜਾਬ ਨੇ ਲਿਆਂਦਾ ਹੈ ਕਿ ਸਦਨ ਵਿੱਚ ਜਦੋਂ ਧਿਆਨ ਦਿਵਾਊ ਮਤੇ ਅਤੇ ਪ੍ਰਸ਼ਨ ਪੇਸ਼ ਕੀਤੇ ਜਾਂਦੇ ਹਨ ਤਾਂ ਸਬੰਧਿਤ ਮੈਂਬਰ ਜਾਂ ਤਾਂ ਸਦਨ ਵਿੱਚ ਹਾਜ਼ਰ ਨਹੀਂ ਹੁੰਦੇ ਜਾਂ ਸਦਨ ਤੋਂ ਉੱਠ ਕੇ ਚਲੇ ਜਾਂਦੇ ਹਨ, ਜੋ ਕਿ ਇੱਕ ਚੰਗੀ ਪ੍ਰਥਾ ਨਹੀਂ ਹੈ। ਧਿਆਨ ਦਿਵਾਊ ਮਤਿਆਂ ਅਤੇ ਪ੍ਰਸ਼ਨਾਂ ਦਾ ਸਬੰਧ ਲੋਕਾਂ ਨਾਲ ਜੁੜੇ ਮੁੱਦਿਆਂ ਨਾਲ ਹੁੰਦਾ ਹੈ ਅਤੇ ਇਨ੍ਹਾਂ ਦੀ ਅਹਿਮੀਅਤ ਨੂੰ ਦੇਖਦੇ ਹੋਏ ਸਾਰਾ ਸਰਕਾਰੀ ਅਮਲਾ ਇਨ੍ਹਾਂ ਦਾ ਜਵਾਬ ਸਦਨ ਵਿੱਚ ਦੇਣ ਲਈ ਦਿਨ-ਰਾਤ ਇੱਕ ਕਰ ਦਿੰਦਾ ਹੈ। ਇਸ ਲਈ ਮੇਰੀ ਸਦਨ ਨੂੰ, ਸਾਰੇ ਸਤਿਕਾਰਯੋਗ ਮੈਂਬਰ ਸਾਹਿਬਾਨ ਨੂੰ ਗੁਜ਼ਾਰਿਸ਼ ਹੈ ਕਿ ਜਦੋਂ ਵੀ ਧਿਆਨ ਦਿਵਾਊ ਮਤੇ ਜਾਂ ਪ੍ਰਸ਼ਨ, ਜੋ ਕਿ ਲੋਕਤੰਤਰੀ ਪ੍ਰਣਾਲੀ ਵਿੱਚ ਲੋਕਾਂ ਦੇ ਮੁੱਦਿਆਂ ਨੂੰ ਉਠਾਉਣ ਦਾ ਅਹਿਮ ਜ਼ਰੀਆ ਹੈ, ਸਦਨ ਵਿੱਚ ਟੇਕਅੱਪ ਹੋਣ ਤਾਂ ਸਬੰਧਿਤ ਮੈਂਬਰ ਸਦਨ ਵਿੱਚ ਹਾਜ਼ਰ ਹੋਣਾ ਯਕੀਨੀ ਬਣਾਉਣ ਤਾਂ ਜੋ ਸਦਨ ਅਤੇ ਸਦਨ ਦੇ ਮੈਂਬਰਾਂ ਦੀ ਭੂਮਿਕਾ ਦੀ ਅਹਿਮੀਅਤ ਨੂੰ ਠੇਸ ਨਾ ਪਹੁੰਚੇ।

---

## CALL ATTENTION NOTICES UNDER RULE 66

**(ਕ੍ਰਮ ਨੰ: 45)**

**ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ:** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਅਰਥਾਤ ਪੰਜਾਬ ਵਿੱਚ ਸਰਕਾਰ ਵੱਲੋਂ ਐਸ.ਸੀ./ਐਸ.ਟੀ. ਵਿਦਿਆਰਥੀਆਂ ਦੇ ਪੋਸਟ ਮੈਟ੍ਰਿਕ ਵਜ਼ੀਫੇ ਪਿਛਲੇ ਕਾਫੀ ਲੰਮੇ ਸਮੇਂ ਤੋਂ ਬਕਾਇਆ ਪਏ ਹਨ ਜਿਸ ਕਾਰਨ ਸੂਬੇ ਦੇ ਐਸ.ਸੀ./ਐਸ.ਟੀ. ਵਿਦਿਆਰਥੀਆਂ ਦੀ ਪੜ੍ਹਾਈ ਬਹੁਤ ਪ੍ਰਭਾਵਿਤ ਹੋ ਰਹੀ ਹੈ। ਕਾਲਜਾਂ ਵਿੱਚ ਵਿਦਿਆਰਥੀਆਂ ਦੇ ਰਿਜ਼ਲਟ ਰਾਖਵੇਂ ਰੱਖੇ ਗਏ ਹਨ, ਵਜ਼ੀਫਾ ਜਾਰੀ ਨਾ ਹੋਣ ਕਾਰਨ ਉਨ੍ਹਾਂ ਨੂੰ ਵਿਦਿਅਕ ਸਰਟੀਫਿਕੇਟ ਨਹੀਂ ਦਿੱਤੇ ਜਾ ਰਹੇ। ਐਸ.ਸੀ./ਐਸ.ਟੀ. ਵਿਦਿਆਰਥੀਆਂ ਨੂੰ ਕਾਲਜਾਂ ਵਿੱਚ ਦਾਖਲੇ ਨਹੀਂ ਦਿੱਤੇ ਜਾ ਰਹੇ ਜਿਸ ਨਾਲ ਸੂਬੇ ਦੇ ਵਿਦਿਆਰਥੀਆਂ ਦਾ ਭਵਿੱਖ ਹਨੇਰੇ ਵੱਲ ਜਾ ਰਿਹਾ ਹੈ ਤੇ ਵਿਦਿਆਰਥੀਆਂ ਦੇ ਮਾਪਿਆਂ ਵਿੱਚ ਇਸ ਸਬੰਧੀ ਭਾਰੀ ਨਿਰਾਸ਼ਾ ਪਾਈ ਜਾ ਰਹੀ ਹੈ। ਸੋ, ਮੇਰੀ ਸਰਕਾਰ ਨੂੰ ਇਹ ਬੇਨਤੀ ਹੈ ਕਿ ਰਾਜ ਦੇ ਐਸ.ਸੀ./ਐਸ.ਟੀ. ਵਿਦਿਆਰਥੀਆਂ ਨਾਲ ਇਹੋ-ਜਿਹਾ ਵਿਵਹਾਰ ਨਾ ਕਰਕੇ ਉਨ੍ਹਾਂ ਦੇ ਭਵਿੱਖ ਨੂੰ ਵੇਖਦੇ ਹੋਏ ਸਾਰੇ ਸਰਕਾਰੀ ਅਤੇ ਗੈਰ-ਸਰਕਾਰੀ ਕਾਲਜਾਂ ਨੂੰ ਨਿਰਦੇਸ਼ ਜਾਰੀ ਕਰੇ ਕਿ ਉਹ ਕਿਸੇ ਵੀ ਲਾਭਪਾਤਰੀ ਵਿਦਿਆਰਥੀ ਦੀ ਪੜ੍ਹਾਈ ਪ੍ਰਭਾਵਿਤ ਨਾ ਹੋਵੇ।

[ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ]

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ (ਸਰਦਾਰ ਸਾਧੂ ਸਿੰਘ):** ਜੀ ਸਰ, Post Matric Scholarship to S.C. students scheme ਤਹਿਤ ਭਾਰਤ ਸਰਕਾਰ ਵੱਲੋਂ 303.92 ਕਰੋੜ ਰੁਪਏ ਦੀ ਰਾਸ਼ੀ ਵਿੱਤੀ ਸਾਲ 2018-19 ਦੇ ਅੰਤ ਵਿੱਚ ਪ੍ਰਾਪਤ ਹੋਈ ਸੀ ਅਤੇ ਸਾਲ 2019-20 ਦੌਰਾਨ ਇਹ ਰਾਸ਼ੀ ਖਰਚ ਕਰਨ ਉਪਰੰਤ ਵਰਤੋਂ ਸਰਟੀਫਿਕੇਟ ਭਾਰਤ ਸਰਕਾਰ ਨੂੰ ਭੇਜਿਆ ਜਾ ਚੁੱਕਾ ਹੈ। ਇਸ ਤੋਂ ਇਲਾਵਾ ਪੰਜਾਬ ਰਾਜ ਵਿੱਚ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਪੋਸਟ ਮੈਟ੍ਰਿਕ ਵਜ਼ੀਫਾ ਦੇਣ ਲਈ ਸਾਲ 2016-17 ਤੋਂ ਸਾਲ 2018-19 ਤੱਕ 1374.76 ਕਰੋੜ ਰੁਪਏ ਦੀ ਰਾਸ਼ੀ ਲੋੜੀਂਦੀ ਹੈ, ਜਿਸ ਦੀ ਮੰਗ ਭਾਰਤ ਸਰਕਾਰ ਤੋਂ ਕੀਤੀ ਹੋਈ ਹੈ। ਇਹ ਰਾਸ਼ੀ ਭਾਰਤ ਸਰਕਾਰ ਪਾਸੋਂ ਸਕਾਲਰਸ਼ਿਪ ਦੇ ਫੰਡ ਪ੍ਰਾਪਤ ਹੋਣ ਉਪਰੰਤ ਵਿਦਿਆਰਥੀਆਂ/ ਸੰਸਥਾਵਾਂ ਨੂੰ ਅਦਾ ਕਰ ਦਿੱਤੀ ਜਾਵੇਗੀ।

(ਇਸ ਸਮੇਂ ਭਾਰਤੀ ਜਨਤਾ ਪਾਰਟੀ ਦੇ ਮੈਂਬਰ, ਸ਼੍ਰੀ ਅਰੁਣ ਨਾਰੰਗ ਧਿਆਨ ਦਿਵਾਊ ਮਤੇ ਤੇ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ:** ਇੱਕ ਮਿੰਟ, ਗੱਲ ਸੁਣੋ। ਸਾਰੇ ਹੀ ਹੱਥ ਖੜ੍ਹੇ ਕਰ ਦਿੰਦੇ ਹਨ। ਕਾਲ ਅਟੈਨਸ਼ਨ ਤੇ ਸਿਰਫ ਸਬੰਧਿਤ ਮੈਂਬਰ ਹੀ ਸਵਾਲ ਪੁੱਛ ਸਕਦੇ ਹਨ। ਹੋਰ ਕੋਈ ਸਤਿਕਾਰਯੋਗ ਮੈਂਬਰ ਨਹੀਂ ਪੁੱਛ ਸਕਦਾ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਧੰਨਵਾਦ, ਸਪੀਕਰ ਸਾਹਿਬ। ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਮਸਲਾ ਇਕੱਲੇ ਪੰਜਾਬ ਦਾ ਨਹੀਂ ਹੈ, ਸਾਰੇ ਹਿੰਦੁਸਤਾਨ ਦਾ ਹੈ ਪਰ ਬਹੁਤ ਸਾਰੇ ਇਸ ਤਰ੍ਹਾਂ ਦੇ ਸੂਬੇ ਹਨ ਜਿਵੇਂ ਮਹਾਰਾਸ਼ਟਰ ਹੈ, ਰਾਜਸਥਾਨ ਹੈ, ਉਨ੍ਹਾਂ ਨੇ ਐਸ.ਸੀ./ਐਸ.ਟੀ. ਬੱਚਿਆਂ ਦੇ ਰਹਿੰਦੇ ਪੈਸੇ ਆਪਣੇ ਕੋਲੋਂ ਦਿੱਤੇ ਹਨ ਔਰ ਉਨ੍ਹਾਂ ਸੂਬਿਆਂ ਨੇ ਆਪਣੇ ਬੱਚਿਆਂ ਦੀ ਪੜ੍ਹਾਈ ਖਰਾਬ ਨਹੀਂ ਹੋਣ ਦਿੱਤੀ। ਇਹ ਸਾਡੇ ਪੰਜਾਬ ਲਈ ਬੜੀ ਮੰਦਭਾਗੀ ਗੱਲ ਹੈ ਕਿ ਉਨ੍ਹਾਂ ਬੱਚਿਆਂ ਦੀ ਪੜ੍ਹਾਈ ਖਰਾਬ ਹੋ ਰਹੀ ਹੈ। ਇਸ ਦੇ ਨਾਲ ਹੀ ਸਭ ਤੋਂ ਜ਼ਿਆਦਾ ਐਸ.ਸੀ./ਐਸ.ਟੀ. ਪਾਪੂਲੇਸ਼ਨ ਪੰਜਾਬ ਵਿੱਚ ਹੈ। ਤਕਰੀਬਨ ਸਾਰੇ ਮੰਤਰੀਆਂ ਨੂੰ ਪਤਾ ਹੈ ਕਿ ਪੰਜਾਬ ਵਿੱਚ 33-34% ਐਸ.ਸੀ./ਐਸ.ਟੀ. ਪਾਪੂਲੇਸ਼ਨ ਹੈ। ਮੈਂ ਸਮਝਦਾ ਹਾਂ ਕਿ ਨਾ ਤਾਂ ਉਨ੍ਹਾਂ ਨੂੰ ਪੰਜਾਬ ਦੀ ਕੈਬਨਿਟ ਵਿੱਚ 33% ਹਿੱਸਾ ਮਿਲਿਆ ਹੈ ਤੇ ਅੱਜ ਪੰਜਾਬ ਵਿੱਚ ਐਸ.ਸੀ./ਐਸ.ਟੀ. ਨਾਲ ਸਬੰਧਿਤ ਢਾਈ-ਤਿੰਨ ਲੱਖ ਵਿਦਿਆਰਥੀਆਂ ਦਾ ਫਿਊਚਰ ਪ੍ਰਭਾਵਿਤ ਹੋ ਰਿਹਾ ਹੈ। ਮੰਤਰੀ ਸਾਹਿਬ, ਤੁਸੀਂ ਦੱਸੋ

ਬੱਚਿਆਂ ਦਾ ਕੀ ਕਸੂਰ ਹੈ? ਮੈਂ ਆਪਣੇ ਹਲਕੇ ਵਿੱਚ ਦੋ ਵਾਰੀ ਧਰਨੇ ਲਗਾਏ। ਸਾਡੇ ਇੱਕ ਐਸ.ਡੀ. ਕਾਲਜ ਹੈ ਅਤੇ ਇੱਕ ਜੀ.ਜੀ.ਐਸ. ਕਾਲਜ, ਸੰਘੇੜਾ ਹੈ। ਕਾਲਜ ਵਾਲੇ ਬੱਚਿਆਂ ਨੂੰ ਰੋਲ ਨੰਬਰ ਤੱਕ ਨਹੀਂ ਦੇ ਰਹੇ। ਅਸੀਂ ਧਰਨੇ ਲਗਾ ਕੇ 13 ਬੱਚਿਆਂ ਨੂੰ ਰੋਲ ਨੰਬਰ ਦਿਵਾ ਦਿੱਤੇ। ਜੇ ਅਗਲੇ ਸਾਲ ਦੁਬਾਰਾ ਬੱਚਿਆਂ ਨੇ ਰੋਲ ਨੰਬਰ ਲੈਣੇ ਹਨ ਤਾਂ ਉਹ ਬੱਚਿਆਂ ਨੂੰ ਕਹਿੰਦੇ ਹਨ ਕਿ ਫੀਸ ਜਮ੍ਹਾਂ ਕਰਵਾਓ। ਉਨ੍ਹਾਂ ਬੱਚਿਆਂ ਦੇ ਘਰਾਂ ਦੇ ਨੀਲੇ ਕਾਰਡ ਕੱਟੇ ਹੋਏ ਹਨ, ਉਨ੍ਹਾਂ ਦੇ ਕੋਲ ਆਟਾ ਵੀ ਨਹੀਂ ਹੈ, ਉਹ 10,000-20,000 ਰੁਪਿਆ ਫੀਸਾਂ ਵਾਸਤੇ ਕਿੱਥੋਂ ਭਰਨ? ਸੋ, ਮੇਰੀ ਸਰਕਾਰ ਨੂੰ ** ** ਹੈ ਕਿ ...

**ਮਾਨਯੋਗ ਸਪੀਕਰ:** ** ** ਨਹੀਂ ਦੇ ਸਕਦੇ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਸਰ, ਬੇਨਤੀ ਹੈ ਜੀ। ਇਹ ਮੁੱਦਾ ਬੜਾ ਗੰਭੀਰ ਹੈ। ਮੇਰੇ ਤੋਂ ਤਾਂ ** ** ਨਿਕਲ ਗਿਆ, ਮੈਂ ਵਾਪਸ ਲੈਂਦਾ ਹਾਂ।

**ਮਾਨਯੋਗ ਸਪੀਕਰ:** ** ** ਐਕਸਪੰਜ ਕਰ ਦਿਉ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਹ ਬੜਾ ਗੰਭੀਰ ਮੁੱਦਾ ਹੈ। ਜੇ ਸਰਕਾਰ ਕੋਲ ਪੈਸੇ ਨਹੀਂ ਹਨ, ਉਹ ਤਾਂ ਬਜਟ ਵਿੱਚ ਦਿਖ ਹੀ ਗਿਆ ਹੈ ਕਿਉਂਕਿ ਇੰਨਾ ਗੰਭੀਰ ਮੁੱਦਾ ਹੋਵੇ ਅਤੇ ਲੱਖਾਂ ਬੱਚਿਆਂ ਦੇ ਭਵਿੱਖ ਦਾ ਸਵਾਲ ਹੋਵੇ ਤੇ ਇੱਕ ਵੀ ਰੁਪਿਆ ਸਕਾਲਰਸ਼ਿਪ ਲਈ ਨਹੀਂ ਲੱਗਿਆ।

**ਮਾਨਯੋਗ ਸਪੀਕਰ:** ਤੁਸੀਂ ਕੱਲ੍ਹ ਬਜਟ ਤੇ ਗੱਲ ਕਰ ਲੈਣਾ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਸਰ, ਮੇਰੀ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ...

**ਮਾਨਯੋਗ ਸਪੀਕਰ:** ਪ੍ਰਸ਼ਨ ਕਰੋ ਜੀ, ਪ੍ਰਸ਼ਨ ਕਰੋ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਸਰ, ਮੈਂ ਸਵਾਲ ਵੀ ਕਰਾਂਗਾ।

**ਮਾਨਯੋਗ ਸਪੀਕਰ:** ਤੁਸੀਂ ਸਵਾਲ ਕਰੋ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਸਰ, ਇਹ ਬੜਾ ਗੰਭੀਰ ਮੁੱਦਾ ਹੈ ਅਤੇ ਬੱਚਿਆਂ ਦੇ ਭਵਿੱਖ ਨਾਲ ਸਬੰਧਿਤ ਮੁੱਦਾ ਹੈ, 1600 ਕਾਲਜਾਂ ਦਾ ਵੀ ਮੁੱਦਾ ਹੈ ਕਿਉਂਕਿ ਉੱਥੇ ਟੀਚਰਾਂ ਨੂੰ ਸੈਲਰੀਜ਼ ਨਹੀਂ ਮਿਲ ਰਹੀਆਂ। ਸੋ, ਮੇਰਾ ਸਵਾਲ ਹੈ ਕਿ ਘੱਟੋ-ਘੱਟ ਬਜਟ ਵਿੱਚ ਇਸ ਦੀ ਐਲੋਕੇਸ਼ਨ ਕਰੋ ਜਾਂ ਜਿੰਨਾ ਟਾਈਮ ਸਕਾਲਰਸ਼ਿਪ ਦੀ ਰਾਸ਼ੀ ਨਹੀਂ ਆਉਂਦੀ, ਘੱਟੋ-ਘੱਟ ਉੱਨਾ ਚਿਰ ਮੰਤਰੀ ਸਾਹਿਬ ਕਾਲਜਾਂ ਨੂੰ ਹਦਾਇਤ ਕਰਨ ਕਿ ਕਿਸੇ ਵੀ ਬੱਚੇ ਦੇ ਸਰਟੀਫਿਕੇਟ ਨਹੀਂ ਰੱਖੇ ਜਾਣਗੇ ਅਤੇ ਕਿਸੇ ਵੀ ਬੱਚੇ ਨੂੰ ਪੇਪਰ ਅਤੇ ਰੋਲ ਨੰਬਰ ਦੇਣ ਤੋਂ ਰੋਕਿਆ ਨਹੀਂ ਜਾਵੇਗਾ।

---

** **Expunged as ordered by the Chair.

**ਮੰਤਰੀ:** ਸਰ, ਭਾਰਤ ਸਰਕਾਰ ਦੇ ਪੱਤਰ ਮਿਤੀ 11.7.2018 ਰਾਹੀਂ ਅਤੇ ਰਾਜ ਸਰਕਾਰ ਵੱਲੋਂ ਸਾਰੀਆਂ ਵਿੱਦਿਅਕ ਸੰਸਥਾਵਾਂ ਨੂੰ ਹਦਾਇਤ ਕੀਤੀ ਹੋਈ ਹੈ ਕਿ ਪੋਸਟ ਮੈਟ੍ਰਿਕ ਐਸ.ਸੀ. ਸਕੀਮ ਤਹਿਤ ਵਿਦਿਆਰਥੀਆਂ ਤੋਂ ਉਦੋਂ ਤੱਕ ਫੀਸ ਨਾ ਲਈ ਜਾਵੇ ਜਦੋਂ ਤੱਕ ਫੰਡਜ਼ ਜਾਰੀ ਨਹੀਂ ਹੁੰਦੇ ਅਤੇ ਇਹ ਵੀ ਤਜਵੀਜ਼ ਕੀਤਾ ਹੋਇਆ ਹੈ ਕਿ ਇਸ ਸਬੰਧੀ ਸੰਸਥਾਵਾਂ ਵਿਦਿਆਰਥੀਆਂ ਵੱਲੋਂ ਲਿਖਤੀ ਭਰੋਸਾ ਲੈ ਸਕਦੀਆਂ ਹਨ ਕਿ ਜਦ ਉਨ੍ਹਾਂ ਦੇ ਖਾਤੇ ਵਿੱਚ ਵਜ਼ੀਫੇ ਦੀ ਰਾਸ਼ੀ ਆ ਜਾਵੇਗੀ, ਤੁਰੰਤ ਹੀ ਬਣਦੀਆਂ ਫੀਸਾਂ ਸਬੰਧਿਤ ਵਿਦਿਅਕ ਸੰਸਥਾਵਾਂ ਨੂੰ ਅਦਾ ਕਰ ਦਿੱਤੀਆਂ ਜਾਣਗੀਆਂ। ਇਹ ਹਦਾਇਤ ਕੀਤੀ ਹੋਈ ਹੈ। ਜੇ ਤੁਹਾਡੇ ਧਿਆਨ ਵਿੱਚ ਹੈ ਕਿ ਕੋਈ ਕਿਸੇ ਦਾ ਰਿਜ਼ਲਟ ਰੋਕਦਾ ਹੈ ਤਾਂ ਸਾਡੇ ਧਿਆਨ ਵਿੱਚ ਲਿਆਓ, ਉਨ੍ਹਾਂ ਬੱਚਿਆਂ ਨੂੰ ਬਣਦਾ ਨਿਆਂ ਦਿੱਤਾ ਜਾਵੇਗਾ।

**ਮਾਨਯੋਗ ਸਪੀਕਰ:** ਮੀਤ ਜੀ, ਇਸ ਵਿੱਚ ਇੱਕੋ ਸਪਲੀਮੈਂਟਰੀ ਹੁੰਦੀ ਹੈ।

**ਸਰਦਾਰ ਕੁਲਤਾਰ ਸਿੰਘ ਸੰਧਵਾਂ (ਬੈਠੇ-ਬੈਠੇ):** ਸਪੀਕਰ ਸਾਹਿਬ, ਉਸ ਲੈਟਰ ਦੀ ਕਾਪੀ ਤਾਂ ਮੁਹੱਈਆ ਕਰਵਾ ਦਿਉ।

**ਮਾਨਯੋਗ ਸਪੀਕਰ:** ਸਾਧੂ ਸਿੰਘ ਜੀ, ਉਹ ਕਾਪੀ ਭਿਜਵਾ ਦਿਉ।

**ਮੰਤਰੀ:** ਹਾਂ ਜੀ, ਕਾਪੀ ਮਿਲ ਜਾਵੇਗੀ।

---

**(ਕ੍ਰਮ ਨੰ: 51)**

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਧਿਆਨ ਦਿਵਾਊ ਮਤਾ ਪੇਸ਼ ਨਹੀਂ ਹੋਇਆ।)

---

**(ਕ੍ਰਮ ਨੰ: 52)**

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਅਰਥਾਤ ਰਾਜ ਵਿੱਚ ਖਾਣ-ਪੀਣ ਦੀਆਂ ਵਸਤਾਂ ਜਿਵੇਂ ਕਿ ਦੁੱਧ, ਦਹੀਂ, ਪਨੀਰ, ਮਠਿਆਈਆਂ, ਦਾਲਾਂ, ਫਲਾਂ, ਸਬਜ਼ੀਆਂ ਅਤੇ ਸਬਜ਼ੀਆਂ ਲਈ ਵਰਤੇ ਜਾਂਦੇ ਵੱਖ-ਵੱਖ ਮਸਾਲਿਆਂ ਵਿੱਚ ਕੈਮੀਕਲਜ਼ ਦੀ ਮਿਲਾਵਟ ਹੋਣ ਕਾਰਨ ਸੂਬੇ ਦੇ ਲੋਕਾਂ ਦੀ ਸਿਹਤ ਤੇ ਬਹੁਤ ਮਾੜਾ ਅਸਰ ਪੈ ਰਿਹਾ ਹੈ। ਰਾਜ ਦੇ ਲੋਕਾਂ ਵਿੱਚ ਕੈਂਸਰ ਵਰਗੀਆਂ ਜਾਨਲੇਵਾ ਬਿਮਾਰੀਆਂ ਦਾ ਲਗਾਤਾਰ ਵਾਧਾ ਹੋ ਰਿਹਾ ਹੈ।

ਮਿਲਾਵਟਖੋਰਾਂ ਵੱਲੋਂ ਨਕਲੀ ਸਮਾਨ ਤਿਆਰ ਕਰਨ ਲਈ ਕੈਮੀਕਲ ਮਿਕਸਡ ਰਿਫਾਈਨਡ ਤੇਲ, ਡਿਟਰਜੈਂਟ, ਯੂਰੀਆ, ਤੇਜ਼ਾਬ ਤੱਕ ਵਰਤਿਆ ਜਾਂਦਾ ਹੈ। ਫਲ

ਅਤੇ ਸਬਜ਼ੀਆਂ ਨੂੰ ਜ਼ਹਿਰੀਲੇ ਟੀਕੇ ਲਾ ਕੇ ਪਕਾਇਆ ਜਾਂਦਾ ਹੈ ਫਿਰ ਲੋਕਾਂ ਨੂੰ ਮਹਿੰਗੇ ਭਾਅ ਤੇ ਵੇਚਿਆ ਜਾਂਦਾ ਹੈ। ਅਜਿਹਾ ਕਰਕੇ ਲੋਕਾਂ ਦੀ ਸਿਹਤ ਨਾਲ ਸ਼ਰ੍ਹੇਆਮ ਖਿਲਵਾੜ ਕੀਤਾ ਜਾ ਰਿਹਾ ਹੈ। ਮਿਲਾਵਟਖੋਰਾਂ ਦੀ ਇਸ ਕਾਰਵਾਈ ਨਾਲ ਲੋਕਾਂ ਵਿੱਚ ਦਹਿਸ਼ਤ ਫੈਲੀ ਹੋਈ ਹੈ ਕਿ ਅਸੀਂ ਪਤਾ ਨਹੀਂ ਕਿੰਨੀ ਕੁ ਜ਼ਹਿਰ ਰੋਜ਼ ਖਾ ਰਹੇ ਹਾਂ ਤੇ ਆਪਣੇ ਬੱਚਿਆਂ ਨੂੰ ਖੁਆ ਰਹੇ ਹਾਂ। ਇਸ ਗੰਭੀਰ ਮਾਮਲੇ ਵੱਲ ਸਰਕਾਰ ਵੱਲੋਂ ਕੋਈ ਧਿਆਨ ਨਾ ਦਿੱਤੇ ਜਾਣ ਕਰਕੇ ਲੋਕਾਂ ਵਿੱਚ ਭਾਰੀ ਰੋਸ ਅਤੇ ਮਾਯੂਸੀ ਪਾਈ ਜਾ ਰਹੀ ਹੈ ਅਤੇ ਉਹ ਉਡੀਕ ਵਿੱਚ ਹਨ ਕਿ ਕਦੋਂ ਉਨ੍ਹਾਂ ਨੂੰ ਮਿਲਾਵਟ ਵਾਲੀਆਂ ਵਸਤਾਂ ਤੋਂ ਛੁਟਕਾਰਾ ਮਿਲੇਗਾ? ਸਰਕਾਰ ਦੇ ਇਸ ਗੰਭੀਰ ਮਸਲੇ ਤੇ ਢਿੱਲੇ ਰਵੱਈਏ ਤੋਂ ਰਾਜ ਦੇ ਲੋਕ ਬੜੇ ਰੋਹ ਵਿੱਚ ਅਤੇ ਦੁਖੀ ਹਨ।

ਇਸ ਲੋਕ ਹਿੱਤ ਦੇ ਮਸਲੇ ਤੇ ਗੰਭੀਰਤਾ ਨਾਲ ਸੋਚਣ ਦੀ ਤੇ ਫੌਰੀ ਕਾਰਵਾਈ ਕਰਨ ਦੀ ਸਖਤ ਲੋੜ ਹੈ। ਇਸ ਲਈ ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਇਸ ਮਾਮਲੇ ਵੱਲ ਤੁਰੰਤ ਧਿਆਨ ਦਿੱਤਾ ਜਾਵੇ ਅਤੇ ਲੋਕਾਂ ਦੀ ਸਿਹਤ ਨੂੰ ਭਿਆਨਕ ਖਤਰੇ ਦੇ ਮੱਦੇ-ਨਜ਼ਰ ਮਿਲਾਵਟ ਖੋਰਾਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ ਅਤੇ ਭਵਿੱਖ ਵਿਚ ਮਿਲਾਵਟ ਵਾਲੀਆਂ ਵਸਤਾਂ ਦੀ ਸੌ ਫੀਸਦੀ ਵਿਕਰੀ ਬੰਦ ਕਰਵਾਈ ਜਾਵੇ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ):** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਰਾਜ ਵਿੱਚ ਖਾਣ-ਪੀਣ ਦੀਆਂ ਵਸਤਾਂ ਵਿੱਚ ਮਿਲਾਵਟ ਨੂੰ ਰੋਕਣ ਲਈ ਸਿਹਤ ਵਿਭਾਗ ਦੇ ਫੂਡ ਸੇਫਟੀ ਵਿੰਗ ਵੱਲੋਂ ਅਚਨਚੇਤ ਚੈਕਿੰਗਾਂ ਕਰਕੇ ਖਾਣ-ਪੀਣ ਵਾਲੀਆਂ ਵਸਤਾਂ ਦੀ ਸੈਂਪਲਿੰਗ ਕੀਤੀ ਜਾਂਦੀ ਹੈ ਅਤੇ ਭੋਜਨ ਪਦਾਰਥਾਂ ਵਿੱਚ ਕਿਸੇ ਵੀ ਕਿਸਮ ਵਿੱਚ ਮਿਲਾਵਟ ਕਰਦਾ ਕੋਈ ਵਿਅਕਤੀ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ ਫੂਡ ਸੇਫਟੀ ਤੇ ਸਟੈਂਡਰਡ ਐਕਟ, 2006 ਅਨੁਸਾਰ ਬਣਦੀ ਕਾਰਵਾਈ ਕੀਤੀ ਜਾਂਦੀ ਹੈ। ਭੋਜਨ ਪਦਾਰਥਾਂ ਵਿੱਚ ਮਿਲਾਵਟ ਰੋਕਣ ਸਬੰਧੀ ਸਿਹਤ ਵਿਭਾਗ ਦੇ ਫੂਡ ਸੇਫਟੀ ਵਿੰਗ ਵੱਲੋਂ ਪਿਛਲੇ ਤਿੰਨ ਸਾਲਾਂ ਕੈਲੰਡਰ ਈਅਰ 2017, 2018 ਅਤੇ 2019 ਦੌਰਾਨ ਖਾਣ-ਪੀਣ ਦੀਆਂ ਵਸਤਾਂ ਵਿੱਚ ਮਿਲਾਵਟਖੋਰੀ ਰੋਕਣ ਦੇ ਮਕਸਦ ਨਾਲ ਕ੍ਰਮਵਾਰ 10366, 12536 ਅਤੇ 8687 ਸੈਂਪਲ ਭਰੇ ਗਏ ਹਨ। ਇਨ੍ਹਾਂ ਭਰੇ ਗਏ ਸੈਂਪਲਾਂ ਦੀ ਸਾਲ ਵਾਈਜ਼ ਰਿਪੋਰਟ ਹੇਠ ਦਰਸਾਏ ਅਨੁਸਾਰ ਹੈ:

ਸਾਲ 2017 ਵਿੱਚ 7471 ਸੈਂਪਲ ਸੁਰੱਖਿਅਤ ਪਾਏ ਗਏ, 2754 ਸੈਂਪਲ ਸਬ ਸਟੈਂਡਰਡ ਪਾਏ ਗਏ ਅਤੇ 141 ਸੈਂਪਲ ਅਸੁਰੱਖਿਅਤ ਪਾਏ ਗਏ ਸਨ। ਇਸ ਤੋਂ ਇਲਾਵਾ ਸਾਲ 2018 ਵਿੱਚ 8809 ਸੁਰੱਖਿਅਤ, 3591 ਸਬ ਸਟੈਂਡਰਡ ਅਤੇ

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

136 ਅਸੁਰੱਖਿਅਤ ਪਾਏ ਗਏ। ਸਾਲ 2019 ਵਿੱਚ 6901 ਸੁਰੱਖਿਅਤ, ਸਬ ਸਟੈਂਡਰਡ 1725 ਅਤੇ 71 ਅਸੁਰੱਖਿਅਤ ਪਾਏ ਗਏ।

ਨੰਬਰ 2. ਉਕਤ ਅਨੁਸਾਰ ਭਰੇ ਗਏ ਸੈਂਪਲਾਂ ਵਿੱਚੋਂ ਜੋ ਕਿ ਸਬ ਸਟੈਂਡਰਡ/ਮਿਸ ਲੀਡਿੰਗ ਪਾਏ ਗਏ, ਉਨ੍ਹਾਂ ਕੇਸਾਂ ਦੇ ਵਿੱਚ ਏ.ਡੀ.ਸੀ. (ਲੋਕਲ) ਦੀ ਕੋਰਟ ਵੱਲੋਂ ਜੁਰਮਾਨੇ ਕੀਤੇ ਗਏ ਹਨ, ਉਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ: ਸਾਲ 2017 ਵਿੱਚ 2254 ਕੇਸ ਤੇ ਜੁਰਮਾਨੇ ਦੀ ਰਕਮ 1.39 ਕਰੋੜ ਅਤੇ ਸਾਲ 2018 ਵਿੱਚ 1724 ਕੇਸ ਤੇ ਜੁਰਮਾਨੇ ਦੀ ਰਕਮ 1.25 ਕਰੋੜ ਅਤੇ ਸਾਲ 2019 ਵਿੱਚ 2008 ਕੇਸ ਤੇ 3.30 ਕਰੋੜ ਜੁਰਮਾਨਾ ਕੀਤਾ ਗਿਆ।

ਨੰਬਰ 3. ਪੰਜਾਬ ਰਾਜ ਵਿੱਤੀ ਐਕਟ ਅਨੁਸਾਰ ਦੌਰਾਨ ਖਾਣ-ਪੀਣ ਵਾਲੇ ਸੈਂਪਲਾਂ ਵਿੱਚ ਜੋ ਕੇਸ ਸਿਹਤ ਸਬੰਧੀ ਅਸੁਰੱਖਿਅਤ ਪਾਏ ਗਏ ਹਨ, ਉਨ੍ਹਾਂ ਵਿੱਚੋਂ ਫੂਡ ਸੇਫਟੀ ਸਬ ਸਟੈਂਡਰਡ ਐਕਟ, 2006 ਤਹਿਤ ਮਾਨਯੋਗ ਚੀਫ ਜੁਡੀਸ਼ੀਅਲ ਦੀ ਕੋਰਟ ਵਿੱਚ 348 ਕੇਸ ਦਰਜ ਕੀਤੇ ਗਏ। ਇਸ ਸਮੇਂ ਦੌਰਾਨ 33 ਕੇਸਾਂ ਵਿੱਚ ਕੋਰਟ ਵੱਲੋਂ ਮੁਲਾਜ਼ਮਾਂ ਨੂੰ ਪੰਜ ਮਹੀਨੇ ਤੋਂ ਛੇ ਮਹੀਨੇ ਤੱਕ ਦੀ ਸਜ਼ਾ ਅਤੇ ਜੁਰਮਾਨੇ ਕੀਤੇ ਗਏ। ਪੰਜਾਬ ਰਾਜ ਵਿੱਚ ਦੋ ਮੋਬਾਈਲ ਫੂਡ ਟੈਸਟਿੰਗ ਵੈਨਾਂ ਰਾਹੀਂ ਭੋਜਨ ਪਦਾਰਥਾਂ ਦੀ ਬਰਾਮਦਗੀ ਨੂੰ ਚੈੱਕ ਕਰਨ ਲਈ ਟੈਸਟ ਕੀਤੇ ਜਾਂਦੇ ਹਨ। ਡੇਅਰੀ ਡਿਵੈੱਲਪਮੈਂਟ ਵਿਭਾਗ ਵੱਲੋਂ 8 ਮੋਬਾਈਲ ਮਿਲਕ ਟੈਸਟਿੰਗ ਵੈਨਾਂ ਰਾਹੀਂ ਦੁੱਧ ਦੀ ਚੈੱਕਿੰਗ ਲਈ ਕੈਂਪ ਲਗਾਏ ਜਾਂਦੇ ਹਨ। ਇਨ੍ਹਾਂ ਮੋਬਾਈਲ ਮਿਲਕ ਵੈਨਾਂ ਰਾਹੀਂ ਸਾਲ 2019 ਵਿੱਚ ਕੁੱਲ 18848 ਦੁੱਧ ਦੇ ਸੈਂਪਲ ਲਏ ਗਏ ਔਰ ਜਿਨ੍ਹਾਂ ਵਿੱਚੋਂ 10345 ਸੈਂਪਲ ਪਾਸ ਪਾਏ ਗਏ ਅਤੇ 8520 ਦੁੱਧ ਦੇ ਸੈਂਪਲਾਂ ਵਿੱਚ ਪਾਣੀ ਦੀ ਮਾਤਰਾ ਪਾਈ ਗਈ। ਸਾਲ 2019 ਦੌਰਾਨ ਪੰਜਾਬ ਭਰ ਵਿੱਚ 22315 ਫੂਡ ਬਿਜ਼ਨਸ ਸਪਰੈਡਰਾਂ ਨੂੰ ਆਪਣੇ ਅਦਾਰਿਆਂ ਨੂੰ ਸਾਫ-ਸੁਥਰਾ ਰੱਖਣ ਅਤੇ ਗ੍ਰਾਹਕਾਂ ਨੂੰ ਸਾਫ-ਸੁਥਰਾ ਪੌਸ਼ਟਿਕ ਆਹਾਰ ਮੁਹੱਈਆ ਕਰਵਾਉਣ ਸਬੰਧੀ ਟ੍ਰੇਨਿੰਗਾਂ ਕਰਵਾਈਆਂ ਗਈਆਂ।ਪੰਜਾਬ ਰਾਜ ਵਿੱਚ ਫਲਾਂ ਨੂੰ ਕੈਲਸ਼ੀਅਮ ਕਾਰਬੋਹਾਈਡਰੇਟ ਰਾਹੀਂ ਪਕਾਉਣ ਤੋਂ ਸਖਤੀ ਨਾਲ ਰੋਕਿਆ ਗਿਆ ਤਾਂ ਜੋ ਲੋਕਾਂ ਨੂੰ ਸਾਫ-ਸੁਥਰੀਆਂ ਸਬਜ਼ੀਆਂ ਅਤੇ ਫਲ ਮਿਲ ਸਕਣ। ਪੰਜਾਬ ਰਾਜ ਵਿੱਚ ਫੂਡ ਸੇਫਟੀ ਵਿਭਾਗ ਵੱਲੋਂ ਮੰਡੀ ਬੋਰਡ ਦੇ ਬਾਗਬਾਨੀ ਵਿਭਾਗ ਨਾਲ ਤਾਲਮੇਲ ਕਰਕੇ ਟੀਮਾਂ ਗਠਿਤ ਕਰਕੇ ਫਲਾਂ ਦੀਆਂ ਮੰਡੀਆਂ ਵਿੱਚ ਹਰੇਕ ਮਹੀਨੇ ਅਚਨਚੇਤ ਚੈਕਿੰਗ ਕੀਤੀ ਜਾਵੇਗੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕਿਸੇ ਮੰਡੀ ਵਿੱਚ ਕੋਈ ਫਲ/ਸਬਜ਼ੀ ਗਲੀ-ਸੜੀ ਨਾ ਵਿਕੇ ਅਤੇ ਨਾ ਹੀ

ਕੋਈ ਫਲ ਕੈਲਸ਼ੀਅਮ ਕਾਰਬੋਹਾਈਡਰੇਟ ਨਾਲ ਪਕਾਇਆ ਹੋਵੇ। ਕਾਨੂੰਨ ਅਨੁਸਾਰ ਦੇਸੀ ਘਿਓ ਵਿੱਚ ਕਿਸੇ ਕਿਸਮ ਦਾ ਤੇਲ ਨਹੀਂ ਮਿਲਾਇਆ ਜਾ ਸਕਦਾ ਪਰੰਤੂ ਕੁਝ ਕੰਪਨੀਆਂ ਕਾਨੂੰਨ ਵਿਚਲੀ ਚੋਰ ਮੋਰੀ ਦਾ ਫਾਇਦਾ ਉਠਾ ਕੇ ਦੇਸੀ ਘਿਓ ਵਿੱਚ ਤੇਲ ਮਿਲਾ ਕੇ ਕੁਕਿੰਗ ਮੀਡੀਅਮ ਦੇ ਤੌਰ ਤੇ ਵੇਚ ਰਹੀਆਂ ਸਨ। ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਹੁਕਮਾਂ ਅਨੁਸਾਰ ਤੇ ਕੁਕਿੰਗ ਮੀਡੀਅਮ ਬਣਾਉਣ, ਵੇਚਣ /ਸਟੋਰ ਕਰਨ ਤੇ ਪੂਰਨ ਰੂਪ ਵਿੱਚ ਪਾਬੰਦੀ ਲਗਾਈ ਗਈ ਹੈ। ਆਨਲਾਈਨ ਫੂਡ ਐਗਰੀਗੇਟਰ ਜਿਵੇਂ ਕਿ ਜਮੈਟੋ, ਸਵੀਗੀ ਅਤੇ ਫੂਡ ਪਾਂਡਾ ਆਦਿ ਖਪਤਕਾਰਾਂ ਨੂੰ ਬਕਾਇਦਾ ਫੂਡ ਸਪਲਾਈ ਕਰ ਰਹੇ ਹਨ, ਪੰਜਾਬ ਸਰਕਾਰ ਵੱਲੋਂ ਸਮੂਹ ਐਗਰੀਗੇਟਰ ਕੰਪਨੀਆਂ ਨਾਲ ਜੁੜੇ ਖਾਣਾ ਬਣਾਉਣ ਵਾਲਿਆਂ ਨੂੰ ਸਫਾਈ ਅਤੇ ਦਰਜਾਬੰਦੀ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ। ਗਲਾਈਫੋਸੇਟ ਹਰਬੀਸਾਈਡ ਜਿਸ ਨੂੰ ਆਮ ਤੌਰ ਤੇ ਰਾਊਂਡਅੱਪ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਇਸ ਸਬੰਧੀ ਕਾਫੀ ਸਟੱਡੀਜ਼ ਸਾਹਮਣੇ ਆਈਆਂ ਹਨ ਕਿ ਰਾਊਂਡਅੱਪ ਲੋਕਾਂ ਦੀ ਸਿਹਤ ਤੇ ਉਲਟਾ ਪ੍ਰਭਾਵ ਪਾ ਰਿਹਾ ਹੈ, ਇਸ ਲਈ ਇਸ ਦੀ ਵਰਤੋਂ ਤੇ ਪੂਰਨ ਤੌਰ ਤੇ ਪਾਬੰਦੀ ਕੀਤੀ ਗਈ ਹੈ। ਗੁੜ ਦੀ ਗੁਣਵੱਤਾ ਵਿੱਚ ਸੁਧਾਰ ਲਿਆਉਣ ਲਈ ਘਲਾੜੀ ਦੇ ਮਾਲਕਾਂ/ਸਟਾਫ ਨੂੰ ਟ੍ਰੇਨਿੰਗ ਦਿੱਤੀ ਜਾ ਰਹੀ ਹੈ ਅਤੇ ਲਗਾਤਾਰ ਚੈਕਿੰਗ ਕੀਤੀ ਜਾ ਰਹੀ ਹੈ। ਸਬਜ਼ੀਆਂ ਦਾ ਸਾਈਜ਼ ਵੱਡਾ ਕਰਨ ਅਤੇ ਇਨ੍ਹਾਂ ਤੇ ਇੰਜੈਕਸ਼ਨ ਲਗਾਉਣ ਬਾਰੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਰਿਪੋਰਟ ਮੰਗਵਾਈ ਗਈ ਹੈ। ਜਿਸ ਵਿੱਚ ਸਪੱਸ਼ਟ ਤੌਰ ਤੇ ਦੱਸਿਆ ਗਿਆ ਹੈ ਕਿ ਸਬਜ਼ੀਆਂ ਅਤੇ ਫਲਾਂ ਤੇ ਇੰਜੈਕਸ਼ਨ ਲਗਾ ਕੇ ਸਿੱਧੇ ਤੌਰ ਤੇ ਸਬਜ਼ੀਆਂ ਦਾ ਸਾਈਜ਼ ਵਧਾਉਣਾ ਕੇਵਲ ਅਫਵਾਹ ਹੈ ਕਿਉਂਕਿ ਤਕਨੀਕੀ ਤੌਰ ਤੇ ਸਬਜ਼ੀਆਂ ਤੇ ਇੰਜੈਕਸ਼ਨ ਲਗਾਇਆ ਹੀ ਨਹੀਂ ਜਾ ਸਕਦਾ ਅਤੇ ਨਾ ਹੀ ਇਸ ਤਰ੍ਹਾਂ ਸਬਜ਼ੀਆਂ ਦਾ ਸਾਈਜ਼ ਵੱਡਾ ਹੁੰਦਾ ਹੈ। ਪੰਜਾਬ ਦੀ ਫੂਡ ਸੇਫਟੀ ਲੈਬਾਰਟਰੀ ਤੇ ਲਗਭਗ 15 ਕਰੋੜ ਰੁਪਏ ਖਰਚ ਕਰਕੇ ਇਸ ਨੂੰ ਅਪਗਰੇਡ ਕੀਤਾ ਗਿਆ ਹੈ। ਇਸ ਤਰ੍ਹਾਂ ਪੰਜਾਬ ਸਰਕਾਰ ਰਾਜ ਦੇ ਲੋਕਾਂ ਨੂੰ ਸਾਫ-ਸੁਥਰਾ ਭੋਜਨ ਉਪਲਬਧ ਕਰਵਾਉਣ ਲਈ ਵਚਨਬੱਧ ਹੈ। ਇਸ ਮੰਤਵ ਦੀ ਪੂਰਤੀ ਲਈ 'ਮਿਸ਼ਨ ਤੰਦਰੁਸਤ ਪੰਜਾਬ' ਵੀ ਚਲਾਇਆ ਗਿਆ ਹੈ। ਜਿਸ ਅਧੀਨ ਵੱਖ-ਵੱਖ ਵਿਭਾਗਾਂ ਵੱਲੋਂ ਸ਼ੁੱਧ ਭੋਜਨ, ਸਾਫ ਪਾਣੀ ਅਤੇ ਚੰਗਾ ਵਾਤਾਵਰਣ ਮੁਹੱਈਆ ਕਰਵਾਉਣ ਲਈ ਉਪਰਾਲੇ ਕੀਤੇ ਜਾਂਦੇ ਹਨ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਸਪੀਕਰ ਸਾਹਿਬ, ਮਿਲਾਵਟਖੋਰੀ ਦਾ ਮੁੱਦਾ ਬਹੁਤ ਹੀ ਅਹਿਮ ਮੁੱਦਾ ਹੈ। ਮੈਂ ਉਸ ਦਿਨ ਗਵਰਨਰ ਐਡਰੈਸ ਤੇ ਵੀ ਗੱਲ ਕੀਤੀ ਸੀ ਅਤੇ ਮੈਨੂੰ ਉਮੀਦ ਸੀ ਕਿ ਮੁੱਖ ਮੰਤਰੀ ਸਾਹਿਬ ਇਸ ਤੇ ਆਪਣੀ ਗੱਲ ਰੱਖਣਗੇ। ਸਰ, ਜਿੰਨੀ ਦੇਰ ਤੱਕ ਸਰਕਾਰ ਦੇ ਅੰਕੜੇ ਸਹੀ ਨਹੀਂ ਹੋਣਗੇ ਓਨੀ ਦੇਰ ਤੱਕ ਤੁਸੀਂ ਸਹੀ ਡਾਇਰੈਕਸ਼ਨ ਵਿੱਚ ਕਿਵੇਂ ਕੰਮ ਕਰੋਗੇ? ਗਊਆਂ ਅਤੇ ਮੱਝਾਂ ਦੋਵੇਂ ਮਿਲਾ ਕੇ 75 ਲੱਖ ਪਸ਼ੂ ਸਨ। Latest census ਅਨੁਸਾਰ ਇਹ 65 ਲੱਖ ਰਹਿ ਗਏ ਹਨ, 10 ਲੱਖ ਘੱਟ ਗਏ ਹਨ। ਇਹ Animal Husbandry ਵਿਭਾਗ ਦਾ ਡਾਟਾ ਹੈ। ਆਪਾਂ ਸਾਰੇ ਤਕਰੀਬਨ ਪਿੰਡਾਂ ਵਿੱਚੋਂ ਹੀ ਆਉਂਦੇ ਹਾਂ। ਸਾਨੂੰ ਸਭ ਨੂੰ ਹੀ ਪਤਾ ਹੈ ਕਿ ਪਿੰਡ ਦਾ ਹੀ ਦੁੱਧ ਪੂਰਾ ਨਹੀਂ ਹੋ ਰਿਹਾ। ਜੇਕਰ ਮੈਂ ਪਟਿਆਲੇ ਦੀ ਗੱਲ ਕਰਾਂ ਤਾਂ ਪਟਿਆਲੇ ਸ਼ਹਿਰ ਵਿੱਚ 2 ਲੱਖ ਲਿਟਰ ਦੁੱਧ ਦੀ ਲੋੜ ਹੁੰਦੀ ਹੈ। ਇਹ ਸਾਰਾ ਦੁੱਧ ਕਿੱਥੋਂ ਆਉਂਦਾ ਹੈ? ਸਰ, ਮੇਰੇ ਕਹਿਣ ਦਾ ਭਾਵ ਕਿ ਪਸ਼ੂ ਘੱਟ ਗਏ ਹਨ ਅਤੇ ਦੁੱਧ ਦੀ ਕਨਜ਼ੰਪਸ਼ਨ ਸਰਕਾਰੀ ਰਿਕਾਰਡ ਦੇ ਮੁਤਾਬਕ ਵੱਧ ਗਈ ਹੈ। ਇਹ ਦੁੱਧ ਕਿੱਥੋਂ ਆਉਂਦਾ ਹੈ? ਮਿਲਾਵਟਖ਼ੋਰੀ ਦਾ ਧੰਦਾ ਜ਼ੋਰਾਂ ਤੇ ਚੱਲ ਰਿਹਾ ਹੈ। ਸਾਨੂੰ ਰਾਜਨੀਤਕ ਦਾਇਰੇ ਵਿੱਚੋਂ ਬਾਹਰ ਨਿਕਲ ਕੇ ਇਸ ਗੱਲ ਤੇ ਚਰਚਾ ਕਰਨ ਦੀ ਲੋੜ ਹੈ ਕਿ ਇਸ ਵਿੱਚ ਵੱਡੇ ਪੱਧਰ ਉੱਤੇ ਸਿਹਤ ਵਿਭਾਗ ਦੀ ਮਿਲੀਭੁਗਤ ਹੈ। ਉਸ ਦੇ ਨਾਲ ਹੀ ਸਭ ਕੁਝ ਹੋ ਰਿਹਾ ਹੈ। ਮੈਂ ਤੱਥਾਂ ਦੇ ਆਧਾਰ ਤੇ ਇਸ ਤੇ ਗੱਲ ਕਰਨ ਲੱਗਿਆ ਹਾਂ। ਮੈਂ ਅਤੇ ਅਮਨ ਅਰੋੜਾ ਜੀ ਇੱਕ ਧਿਆਨ ਦਿਵਾਊ ਮਤਾ ਪਿਛਲੀ ਵਾਰੀ ਵੀ ਲੈ ਕੇ ਆਏ ਸੀ। ਪਟਿਆਲੇ ਦੇ ਵਿੱਚ ਮੁੱਖ ਮੰਤਰੀ ਸਾਹਿਬ ਦੇ ਜ਼ਿਲ੍ਹੇ ਵਿੱਚ ਔਰ ਮੇਰੇ ਹਲਕੇ ਦੇਵੀਗੜ੍ਹ ਦੇ ਵਿੱਚ ਇੱਕ ਸਿੰਗਲਾ ਚਿਲਿੰਗ ਸੈਂਟਰ ਫੈਕਟਰੀ ਫੜੀ ਗਈ ਸੀ। ਸਰਦਾਰ ਮਨਦੀਪ ਸਿੰਘ ਸਿੱਧੂ ਜਿਹੜੇ ਇੱਥੇ ਐਸ.ਐਸ.ਪੀ. ਸਨ, ਉਨ੍ਹਾਂ ਨੇ ਖੁਲਾਸਾ ਕੀਤਾ ਸੀ, ਉਦੋਂ ਸਿਹਤ ਵਿਭਾਗ ਦੇ ਅਧਿਕਾਰੀ ਵੀ ਨਾਲ ਸੀ। ਖੁਲਾਸਾ ਹੋਇਆ ਕਿ ਉਹ ਵਿਅਕਤੀ 5500/- ਰੁਪਿਆ....

**ਮਾਨਯੋਗ ਸਪੀਕਰ:** ਸਵਾਲ ਪੁੱਛੋ, ਸਵਾਲ ਪੁੱਛੋ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਸਰ, ਇਹ ਮੁੱਦਾ ਮਿਲਾਵਟਖੋਰੀ ਦਾ ਹੈ। ਇਸ ਲਈ ਮੈਂ ਸਮਝਦਾ ਹਾਂ ਕਿ ਇਹ ਲੋਕਾਂ ਦੀ ਜਾਨ ਨਾਲ ਜੁੜਿਆ ਹੋਇਆ ਮਸਲਾ ਹੈ। ਉਹ ਵਿਅਕਤੀ 5500/- ਰੁਪਿਆ ਪਟਿਆਲਾ ਲੈਬੋਰੇਟਰੀ ਨੂੰ ਅਤੇ 11 ਹਜ਼ਾਰ ਰੁਪਿਆ ਖਰੜ ਦੀ ਲੈਬੋਰੇਟਰੀ ਨੂੰ ਦਿੰਦਾ ਹੈ ਪਰ ਸਿਹਤ ਵਿਭਾਗ ਦਾ ਕੋਈ ਕਲਰਕ ਤੱਕ ਨਹੀਂ ਬਦਲਿਆ ਗਿਆ। ਪਟਿਆਲੇ ਜ਼ਿਲ੍ਹੇ ਦੇ ਵਿੱਚ ਕੇਵਲ ਇੱਕ ਫੂਡ ਇੰਸਪੈਕਟਰ ਹੈ। ਸੀ.ਐਮ. ਸਾਹਿਬ ਦੇ ਆਪਣੇ ਜ਼ਿਲ੍ਹੇ ਵਿੱਚ ਕੇਵਲ ਇੱਕ ਫੂਡ ਸੇਫਟੀ ਇੰਸਪੈਕਟਰ ਹੋਵੇ ਤਾਂ ਬਾਕੀ ਪੰਜਾਬ ਦਾ ਅੰਦਾਜ਼ਾ ਤੁਸੀਂ ਇਸ ਗੱਲ ਤੋਂ ਲਗਾ ਸਕਦੇ ਹੋ। ਉਹ ਫੈਕਟਰੀ ਕੁਝ ਸਮੇਂ ਬਾਅਦ ਫਿਰ ਦੁਬਾਰਾ ਚੱਲ ਪਈ। ਫਿਰ ਉਸੇ ਸਿੰਗਲਾ ਚਿਲਿੰਗ ਸੈਂਟਰ ਦਾ

ਮੈਟੀਰੀਅਲ ਪੰਜਾਬ ਪੁਲਿਸ ਸਮੇਤ ਸਿਹਤ ਵਿਭਾਗ ਵੱਲੋਂ ਰਾਜਪੁਰੇ ਵਿਖੇ ਫੜਿਆ ਗਿਆ ਸੀ ਜਿਸ ਸਬੰਧੀ ਪ੍ਰੈੱਸ ਰਿਲੀਜ਼ ਵਿੱਚ ਸਭ ਖੁਲਾਸੇ ਹੋਏ। ਅਮੋਨੀਆ ਵਰਗਾ ਮੈਟੀਰੀਅਲ ਵੀ ਫੜਿਆ ਗਿਆ ਹੈ।

**ਮਾਨਯੋਗ ਸਪੀਕਰ:** ਸਵਾਲ ਪੁੱਛੋ ਜੀ, ਸਵਾਲ ਪੁੱਛੋ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਸਵਾਲ ਵੀ ਇਸ ਦੇ ਵਿੱਚੋਂ ਹੀ ਆਵੇਗਾ।

**ਮਾਨਯੋਗ ਸਪੀਕਰ:** ਨਹੀਂ ਜੀ, ਸਵਾਲ ਇਸ ਦੇ ਵਿੱਚ ਨਹੀਂ ਹੈ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਠੀਕ ਹੈ ਜੀ, ਮੈਂ ਸਵਾਲ ਤੇ ਹੀ ਆਉਂਦਾ ਹਾਂ। ਜਦੋਂ ਮੈਟੀਰੀਅਲ ਫੜਿਆ ਗਿਆ ਤਾਂ ਉਸ ਤੋਂ ਬਾਅਦ ਸੈਂਪਲ ਖਰੜ ਲੈਬੋਰੇਟਰੀ ਵਿੱਚ ਭੇਜੇ ਗਏ। ਖਰੜ ਲੈਬੋਰੇਟਰੀ ਦੇ ਖੁਲਾਸੇ ਦੇ ਆਧਾਰ ਤੇ ਧਾਰਾ 307 ਦਾ ਵਾਧਾ ਕੀਤਾ ਗਿਆ। ਅੱਗੇ ਸੁਣਨ ਵਾਲੀ ਗੱਲ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਮਾਰਫਤ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿੰਨੇ ਵੀ ਵੱਡੇ ਬੰਦੇ ਪਟਿਆਲੇ ਵਿੱਚ ਫੜੇ ਗਏ ਉਨ੍ਹਾਂ ਦੇ ਸੈਂਟਰ ਸਾਰੇ ਦੁਬਾਰਾ ਫਿਰ ਚੱਲ ਪਏ। ਜਦੋਂ ਖਰੜ ਵਿਖੇ ਸੈਂਪਲ ਫੇਲ੍ਹ ਹੋ ਗਿਆ ਤਾਂ ਉਹੀ ਵਿਅਕਤੀ ਫਿਰ ਸੈਂਪਲ ਲਿਜਾ ਕੇ ਗਾਜ਼ੀਆਬਾਦ ਤੋਂ ਪਾਸ ਕਰਵਾਉਂਦਾ ਹੈ। ਮੰਤਰੀ ਜੀ ਨੂੰ ਮੇਰਾ ਸਵਾਲ ਇਹ ਹੈ ਕਿ ਖਰੜ ਵਾਲੀ ਲੈਬੋਰੇਟਰੀ ਦਾ ਸੈਂਪਲ ਸਹੀ ਸੀ ਜਾਂ ਸਿਹਤ ਵਿਭਾਗ ਦੀ ਕੋਈ ਮਿਲੀ ਭੁਗਤ ਹੈ? ਗਾਜ਼ੀਆਬਾਦ ਤੋਂ ਸੈਂਪਲ ਕਿਸ ਤਰੀਕੇ ਨਾਲ ਪਾਸ ਹੋਏ ਹਨ? ਜਿਹੜੀ ਅੰਕੜਿਆਂ ਮਾਰਫਤ ਮੈਂ ਗੱਲ ਕੀਤੀ ਹੈ....

**Mr. Speaker:** Just listen, listen,listen. ਕਾਨੂੰਨ ਇਜਾਜ਼ਤ ਦਿੰਦਾ ਹੈ ਕਿ ਜੇਕਰ ਇੱਕ ਲੈਬੋਰੇਟਰੀ finding ਆਵੇ ਤਾਂ ਮੁਲਜ਼ਿਮ ਇਸ ਨੂੰ ਚੈਲੰਜ ਕਰ ਸਕਦਾ ਹੈ ਅਤੇ ਦੂਜੀ ਥਾਂ ਤੋਂ ਕਰਵਾ ਸਕਦਾ ਹੈ। ਇਸ ਵਿੱਚ ਵਜ਼ੀਰ ਸਾਹਿਬ ਨੇ ਕੁਝ ਨਹੀਂ ਕਰਨਾ, ਇਹ ਕਾਨੂੰਨ ਇਜਾਜ਼ਤ ਦਿੰਦਾ ਹੈ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਸਰ, ਮੈਂ ਇਹੀ ਗੱਲ ਕਹਿ ਰਿਹਾ ਹਾਂ ਕਿ ਪੰਜਾਬ ਪੁਲਿਸ ਅਤੇ ਸਿਹਤ ਵਿਭਾਗ ਦੇ ਅਧਿਕਾਰੀ ਵੀ ਨਾਲ ਸਨ।

**ਮਾਨਯੋਗ ਸਪੀਕਰ:** ਬਹਿਸ ਕਰ ਲਓ, ਬਹਿਸ ਕਰ ਲਓ। ਜੇਕਰ ਤੁਸੀਂ ਕੋਈ ਸਵਾਲ ਪੁੱਛਣਾ ਹੈ ਤਾਂ ਪੁੱਛ ਲਵੋ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਸਰ, ਇਹ ਸਵਾਲ ਹੀ ਹੈ ਕਿ ਕੀ ਖਰੜ ਲੈਬੋਰੇਟਰੀ ਦਾ ਸੈਂਪਲ ਸਹੀ ਸੀ? ਜੇਕਰ ਸਹੀ ਸੀ ਤਾਂ ਸਾਰੇ ਸੈਂਪਲ ਕਿੱਥੋਂ ਕੁਲੈਕਟ ਕੀਤੇ ਗਏ? ਉਨ੍ਹਾਂ ਸੈਂਪਲਾਂ ਨੂੰ ਖਰੜ ਲੈਬੋਰੇਟਰੀ ਫੇਲ੍ਹ ਕਰਦੀ ਹੈ। ਮੈਂ ਕਹਿੰਦਾ ਹਾਂ ਕਿ ਸਿੱਧੇ ਤੌਰ ਤੇ ਤੁਹਾਡੇ ਡਿਪਾਰਟਮੈਂਟ ਦੀ ਕਿਤੇ ਨਾ ਕਿਤੇ ਮਿਲੀਭੁਗਤ ਹੈ ਕਿਉਂਕਿ ਉਹ ਸੈਂਪਲ ਗਾਜ਼ੀਆਬਾਦ ਜਾ ਕੇ ਠੀਕ ਹੋ ਜਾਂਦੇ ਹਨ। ਇਹ ਰੂਟੀਨ ਹੀ ਹੈ। ਜਿੰਨੇ ਵੀ ਚਿਲਿੰਗ ਸੈਂਟਰ ਫੜੇ ਜਾਂਦੇ ਹਨ, ਉਨ੍ਹਾਂ ਵਿੱਚ ਇਸੇ ਤਰ੍ਹਾਂ ਦਾ ਰੂਟੀਨ ਹੈ। ਮਿਲਾਵਟਖੋਰੀ ਦਾ ਧੰਦਾ ਅੱਜ ਸਾਰੇ ਪਾਸੇ ਹੀ ਚੱਲ ਰਿਹਾ ਹੈ, ਦੇਵੀਗੜ੍ਹ ਵਾਲਾ ਵੀ ਉਵੇਂ ਹੀ ਚੱਲ ਰਿਹਾ ਹੈ। ਮੈਂ ਸਮਝਦਾ ਹਾਂ ਕਿ ਸਰਕਾਰ ਕੋਲ ਗਲਤ ਅੰਕੜੇ ਹਨ, ਇਹ ਗੈਰ ਸੰਜੀਦਗੀ ਹੈ।

**Mr. Speaker:** Thank you, thank you.

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਸਰ, ਮੇਰੀ ਗੱਲ ਤਾਂ ਸੁਣ ਲਓ।

**ਮਾਨਯੋਗ ਸਪੀਕਰ:** ਤੁਸੀਂ ਤਾਂ ਗੱਲ ਤੇ ਆਉਣਾ ਹੀ ਨਹੀਂ ਹੈ। (ਵਿਘਨ) ਤੁਸੀਂ ਤਾਂ ਗੱਲ ਤੇ ਆਉਣਾ ਹੀ ਨਹੀਂ ਹੈ.... ਤੁਸੀਂ ਗੱਲ ਤੇ ਆ ਹੀ ਨਹੀਂ ਰਹੇ.... ਮੰਤਰੀ ਜੀ, ਜਵਾਬ ਦੇ ਦਿਓ ਜੀ।

**ਮੰਤਰੀ :** ਸਪੀਕਰ ਸਾਹਿਬ, ਮੈਂ ਆਪਣੇ ਇਸ ਸਾਥੀ ਨੂੰ ਕੁਝ ਦੱਸਣਾ ਚਾਹੁੰਦਾ ਹਾਂ। (ਵਿਘਨ) ਇਨ੍ਹਾਂ ਦੀ ਉਮਰ ਬਹੁਤ ਛੋਟੀ ਹੈ ਅਤੇ ਇਨ੍ਹਾਂ ਦੀ hearing power ਬੜੀ ਸਟਰੌਂਗ ਹੋਣੀ ਚਾਹੀਦੀ ਹੈ। ਤੁਸੀਂ ਦੇਵੀਗੜ੍ਹ ਦੀ ਗੱਲ ਕੀਤੀ ਹੈ, throughout Punjab ਜਿੱਥੇ ਕਿਤੇ ਵੀ ਤੁਹਾਨੂੰ ਲਗਦਾ ਹੈ, ਤੁਸੀਂ ਮੈਨੂੰ ਦੱਸੋ, ਉਹ ਸਵੇਰ ਨੂੰ ਸਾਰੇ ਹੀ ਫੜ੍ਹੇ ਜਾਣਗੇ ਅਤੇ ਅੰਦਰ ਦਿੱਤੇ ਜਾਣਗੇ। ਜਿਹੜੀ ਗੱਲ ਤੁਸੀਂ ਸੈਂਪਲਾਂ ਸਬੰਧੀ ਕੀਤੀ ਹੈ, ਇਹ ਬੰਦੇ ਦਾ ਪ੍ਰੈਰੋਗੇਟਿਵ ਹੈ, ਰਾਈਟ ਹੈ ਕਿ ਉਹ ਜਿੱਥੇ ਮਰਜ਼ੀ ਜਾ ਕੇ ਸੈਂਪਲ ਚੈੱਕ ਕਰਵਾ ਸਕਦਾ ਹੈ। ਕਈ ਵਾਰੀ ਖਾਰਜ ਸੈਂਪਲ ਵੀ ਅੱਗੇ ਜਾ ਕੇ ਪਾਸ ਹੋ ਜਾਂਦੇ ਹਨ। ਇਹ ਕੋਈ ਜ਼ਰੂਰੀ ਨਹੀਂ ਹੈ ਕਿ same finding ਆਵੇ। ਹਰ ਇੱਕ ਦਾ ਤਰੀਕਾ ਆਪੋ-ਆਪਣਾ ਹੈ। ਜਿਹੜੇ ਦੋਸ਼ੀ ਹਨ, ਉਨ੍ਹਾਂ ਦੋਸ਼ੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ।

---

## THE PUNJAB LEGISLATIVE ASSEMBLY (DISQUALIFICATION OF MEMBERS ON GROUND OF DEFECTION) RULES, 2020, LAID ON THE TABLE OF THE HOUSE BY THE SECRETARY

**ਮਾਨਯੋਗ ਸਪੀਕਰ :** ਹੁਣ ਸਕੱਤਰ ਸਦਨ ਦੀ ਮੇਜ਼ ਤੇ ਕਾਗਜ਼-ਪੱਤਰ ਰੱਖਣਗੇ।

**ਸਕੱਤਰ:** ਸ਼੍ਰੀਮਾਨ ਜੀ, ਮੈਂ ਪੰਜਾਬ ਵਿਧਾਨ ਸਭਾ (ਦਲ ਬਦਲੀ ਦੇ ਆਧਾਰ ਤੇ ਮੈਂਬਰਾਂ ਦੀ ਆਯੋਗਤਾ) ਨਿਯਮ, 2020 ਜੋ ਕਿ ਭਾਰਤ ਦੇ ਸੰਵਿਧਾਨ ਦੀ ਦਸਵੀਂ ਅਨੁਸੂਚੀ ਦੇ ਪੈਰ੍ਹਾ 8 ਦੁਆਰਾ ਪ੍ਰਦਾਨ ਕੀਤੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਮਾਨਯੋਗ ਸਪੀਕਰ, ਪੰਜਾਬ ਵਿਧਾਨ ਸਭਾ ਦੁਆਰਾ ਫਰੇਮ ਕੀਤੇ ਗਏ ਹਨ, ਸਦਨ ਦੀ ਮੇਜ਼ ਤੇ ਰੱਖਦੀ ਹਾਂ, ਜਿਵੇਂ ਕਿ ਪੈਰਾ 8 ਦੇ ਉਪ-ਪੈਰ੍ਹਾ (2) ਅਧੀਨ ਲੋੜੀਂਦਾ ਹੈ।

**Mr. Speaker:** I am to inform the House that the Punjab Legislative Assembly (Disqualification of Members on Ground of Defection) Rules, 2020 have been laid on the Table of the House today, which have been framed as per the provisions of the Rule 8(1) of the

Tenth Schedule to the Constitution of India. Regarding this, there is a provision in sub-para 2 of the Rule 8 of the said Schedule, which is as under:-

> "8 Rules-(2) the Rules made by the Chairman or the Speaker of a House under sub-paragraph 1 of this paragraph shall be laid as soon as may be after they are made before the House for a total period of thirty days which may be comprised in one session or in two or more successive sessions and shall take effect upon the expiry of the said period of thirty days unless they are sooner approved with or without modifications or disapproved by the House and where they are so approved, they shall take effect on such approval in the form in which they were laid or in such modified form, as the case may be, and where they are so disapproved, they shall be of no effect."

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਪੀਕਰ ਸਾਹਿਬ, ਸਮਝ ਨਹੀਂ ਆਉਂਦਾ ਜੀ, ਪੰਜਾਬੀ ਵਿੱਚ ਬੋਲੋ ਜੀ।

**ਮਾਨਯੋਗ ਸਪੀਕਰ :** ਤੁਸੀਂ ਬਿਲ ਤੇ ਬੋਲਣਾ ਹੈ, ਬਿਲ ਤੇ ਬੋਲ ਲੈਣਾ। ਮੈਂਬਰ ਸਾਹਿਬ, ਇਹ ਰੂਲ ਅੰਗਰੇਜ਼ੀ ਵਿੱਚ ਹਨ, ਇਸੇ ਕਾਰਨ ਅੰਗਰੇਜ਼ੀ ਵਿੱਚ ਬੋਲੇ ਹਨ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸਪੀਕਰ ਸਾਹਿਬ, ਤੁਹਾਡਾ ਇਹ ਬੜਾ ਸ਼ਲਾਘਾਯੋਗ ਕਦਮ ਹੈ, ਜਿਹੜਾ ਤੁਸੀਂ 30-35 ਸਾਲ ਤੋਂ ਬਾਅਦ ਵਿਧਾਨ ਸਭਾ ਦੇ ਇਹ ਰੂਲਜ਼ ਲਿਆ ਰਹੇ ਹੋ। ਇਹ ਬੜੀ ਹੀ ਅੱਛੀ ਗੱਲ ਹੈ। ਮੈਂ ਇਸ ਨੂੰ Welcome ਕਰਦਾ ਹਾਂ। ਇਸ ਦੇ ਨਾਲ-ਨਾਲ ਮੇਰੀ ਇੱਕ ਰਿਕੁਐਸਟ ਹੈ ਕਿ ਇਸ ਨੂੰ laid ਹੀ ਰਹਿਣ ਦਿਓ ਤਾਂ ਜੋ ਸਾਰੇ ਹਾਊਸ ਨੂੰ ਇਸ ਦੀ ਸਟੱਡੀ ਕਰਨ ਦਾ ਮੌਕਾ ਦਿੱਤਾ ਜਾਵੇ। Thank you.

## PAPERS RE-LAID / LAID ON THE TABLE OF THE HOUSE

**ਮਾਨਯੋਗ ਸਪੀਕਰ :** ਅਗਲੀ ਆਈਟਮ । ਸਦਨ ਦੀ ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ ) :** ਸ਼੍ਰੀਮਾਨ ਜੀ, ਮੈਂ ਅੱਜ ਦੀ ਕਾਰਜ-ਸੂਚੀ ਦੇ ਲੜੀ ਨੰ: IV ਅਧੀਨ ਦਰਸਾਏ ਗਏ ਲੜੀ ਨੰ: 1 ਤੋਂ 7 ਤੱਕ ਦੇ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ :-

1. ਮੈਂ ਪੰਜਾਬ ਵਸਤੂਆਂ ਅਤੇ ਸੇਵਾਵਾਂ ਕਰ ਨਿਯਮ, 2017 ਮੇਜ਼ ਤੇ ਮੁੜ ਰੱਖਦਾ ਹਾਂ, ਜਿਵੇਂ ਕਿ ਪੰਜਾਬ ਵਸਤੂਆਂ ਅਤੇ ਸੇਵਾਵਾਂ ਕਰ ਐਕਟ, 2017 ਦੀ ਧਾਰਾ 166 ਅਧੀਨ ਲੋੜੀਂਦਾ ਹੈ।
2. ਮੈਂ ਦਿ ਰੀਅਲ ਐਸਟੇਟ ਐਪੀਲੇਟ ਟ੍ਰਿਬਿਊਨਲ, ਪੰਜਾਬ ਨੂੰ ਸਥਾਪਤ ਕਰਨ ਸਬੰਧੀ ਅਧਿਸੂਚਨਾ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਰੀਅਲ ਅਸਟੇਟ (ਵਿਨਿਯਮ ਅਤੇ ਵਿਕਾਸ) ਐਕਟ, 2016 ਦੀ ਧਾਰਾ 78 (2) ਅਧੀਨ ਲੋੜੀਂਦਾ ਹੈ।
3. ਸਾਲ 2017-18 ਲਈ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਵਿੱਤ ਕਾਰਪੋਰੇਸ਼ਨ, ਚੰਡੀਗੜ੍ਹ ਦੀ ਬੈਲੰਸਸ਼ੀਟ ਅਤੇ ਲਾਭ ਅਤੇ ਹਾਨੀਆਂ ਦੇ ਲੇਖੇ ਮੇਜ਼ ਤੇ ਰੱਖਦਾ ਹਾਂ , ਜਿਵੇਂ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਐਕਟ, 1970 ਦੀ ਧਾਰਾ 27(5) ਅਧੀਨ ਲੋੜੀਂਦਾ ਹੈ।
4. ਸਾਲ 2017 ਲਈ ਪੰਜਾਬ ਰਾਜ ਸੂਚਨਾ ਕਮਿਸ਼ਨ ਦੀ ਸਾਲਾਨਾ ਰਿਪੋਰਟ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਸੂਚਨਾ ਦਾ ਅਧਿਕਾਰ ਐਕਟ, 2005 ਦੀ ਧਾਰਾ 25(4) ਅਧੀਨ ਲੋੜੀਂਦਾ ਹੈ।
5. ਸਾਲ 2017-18 ਲਈ ਅੰਮ੍ਰਿਤਸਰ ਡਿਵੈਲਪਮੈਂਟ ਅਥਾਰਟੀ ਦੀ ਸਾਲਾਨਾ ਰਿਪੋਰਟ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੀ ਧਾਰਾ 54(2) ਅਧੀਨ ਲੋੜੀਂਦਾ ਹੈ।
6. ਸਾਲ 2017-18 ਲਈ ਰੀਅਲ ਐਸਟੇਟ ਰੈਗੂਲੇਟਰੀ ਅਥਾਰਟੀ, ਪੰਜਾਬ ਦੇ ਸਾਲਾਨਾ ਲੇਖੇ ਤੇ ਵੱਖਰੀ ਆਡਿਟ ਰਿਪੋਰਟ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਰੀਅਲ ਐਸਟੇਟ (ਵਿਨਿਯਮ ਅਤੇ ਵਿਕਾਸ) ਐਕਟ, 2016 ਦੀ ਧਾਰਾ 78 (2) ਅਧੀਨ ਲੋੜੀਂਦਾ ਹੈ।
7. ਸਾਲਾਂ 2012-13, 2013-14, 2014-15 ਅਤੇ 2015-16 ਲਈ ਪੰਜਾਬ ਖਾਦੀ ਅਤੇ ਪੇਂਡੂ ਉਦਯੋਗ ਬੋਰਡ ਦੇ ਸਾਲਾਨਾ ਲੇਖਿਆਂ ਤੇ 30ਵੀਂ, 31ਵੀਂ, 32ਵੀਂ ਅਤੇ 33ਵੀਂ ਰਿਪੋਰਟ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਪੰਜਾਬ ਖਾਦੀ ਅਤੇ ਪੇਂਡੂ ਉਦਯੋਗ ਬੋਰਡ ਐਕਟ, 1955 ਦੀ ਧਾਰਾ 28 ਅਧੀਨ ਲੋੜੀਂਦਾ ਹੈ।

---

## PRESENTATION OF REPORTS OF THE COMMITTEES

**ਮਾਨਯੋਗ ਸਪੀਕਰ :** ਸਰਦਾਰ ਹਰਪ੍ਰਤਾਪ ਸਿੰਘ ਅਜਨਾਲਾ, ਚੇਅਰਮੈਨ, ਪੰਜਾਬੀਆਂ ਵਲੋਂ ਆਜ਼ਾਦੀ ਸੰਘਰਸ਼ ਲਈ ਅੰਡੇਮਾਨ ਅਤੇ ਨਿਕੋਬਾਰ ਦੀਪ ਸਮੂਹ ਵਿੱਚ ਦਿੱਤੀਆਂ ਕੁਰਬਾਨੀਆਂ ਅਤੇ ਹੋਰ ਤੱਥਾਂ ਸਬੰਧੀ ਕਮੇਟੀ ਦੀ ਰਿਪੋਰਟ ਪੇਸ਼ ਕਰਨਗੇ।

**ਸਰਦਾਰ ਹਰਪ੍ਰਤਾਪ ਸਿੰਘ :** ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ। ਤੁਸੀਂ ਸਾਡੀ ਕਮੇਟੀ ਨੂੰ ਬਹੁਤ ਵਧੀਆ ਸਲਾਹਾਂ ਦਿੱਤੀਆਂ ਹਨ, ਤੁਹਾਡੀ ਪ੍ਰੇਰਨਾ ਸਦਕਾ ਅਤੇ ਤੁਹਾਡੀ ਗਾਈਡੈਂਸ ਤਹਿਤ ਸਾਡੀ ਕਮੇਟੀ ਨੇ ਅੰਡੇਮਾਨ ਨਿਕੋਬਾਰ, ਜਿਸ ਨੂੰ ਕਾਲਾ ਪਾਣੀ ਕਿਹਾ ਜਾਂਦਾ ਹੈ, ਉੱਥੇ ਵਿਜ਼ਿਟ ਕੀਤਾ। ਤੁਹਾਡੇ ਨਾਲ ਹੋਈ ਮੀਟਿੰਗ ਵਿੱਚ ਤੁਹਾਡੇ ਵਿਚਾਰ ਸੁਣ ਕੇ ਸਾਡੇ ਸਾਰੇ ਮੈਂਬਰ ਸਾਹਿਬਾਨਾਂ ਦੇ ਦਿਲ ਵਿੱਚ ਇੱਕ ਜਜ਼ਬਾਤ ਉੱਠਿਆ ਕਿ ਅਸੀਂ ਉਨ੍ਹਾਂ ਸ਼ਹੀਦਾਂ ਦੀਆਂ ਯਾਦਗਾਰਾਂ ਨੂੰ ਦੇਖ ਕੇ ਆਈਏ। ਜਿੱਥੇ ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਦਿੱਤੀਆਂ ਸਨ। ਹੁਕਮਰਾਨ ਸਰਕਾਰ ਅੰਗਰੇਜ਼ਾਂ ਦੀ ਸੀ ਅਤੇ ਉਨ੍ਹਾਂ ਤੇ ਤਸ਼ਦੱਦ ਕਰਦੀ ਸੀ।ਜਦੋਂ ਉਹ ਸਜ਼ਾ ਦਿੰਦੀ ਸੀ ਤਾਂ ਉਹ ਚਾਹੁੰਦੇ ਸੀ ਕਿ ਇਹੋ ਜਿਹੀ ਸਜ਼ਾ ਦਿੱਤੀ ਜਾਵੇ ਕਿ ..

**ਮਾਨਯੋਗ ਸਪੀਕਰ:** ਪਹਿਲਾਂ ਰਿਪੋਰਟ ਪੇਸ਼ ਕਰ ਲਈ ਜਾਵੇ, ਫਿਰ ਤੁਸੀਂ ਬੋਲਣਾ ਹੈ।

**ਸਭਾਪਤੀ, ਪੰਜਾਬੀਆਂ ਵਲੋਂ ਆਜ਼ਾਦੀ ਸੰਘਰਸ਼ ਲਈ ਅੰਡੇਮਾਨ ਅਤੇ ਨਿਕੋਬਾਰ ਦੀਪ ਸਮੂਹ ਵਿੱਚ ਦਿੱਤੀਆਂ ਕੁਰਬਾਨੀਆਂ ਅਤੇ ਹੋਰ ਤੱਥਾਂ ਸਬੰਧੀ ਕਮੇਟੀ (ਸਰਦਾਰ ਹਰਪ੍ਰਤਾਪ ਸਿੰਘ) :** ਸ਼੍ਰੀਮਾਨ ਜੀ, ਮੈਂ ਪੰਜਾਬੀਆਂ ਵੱਲੋਂ ਆਜ਼ਾਦੀ ਸੰਘਰਸ਼ ਲਈ ਅੰਡੇਮਾਨ ਅਤੇ ਨਿਕੋਬਾਰ ਦੀਪ ਸਮੂਹ ਵਿੱਚ ਦਿੱਤੀਆਂ ਕੁਰਬਾਨੀਆਂ ਅਤੇ ਹੋਰ ਤੱਥਾਂ ਸਬੰਧੀ ਕਮੇਟੀ ਦੀ ਰਿਪੋਰਟ ਪੇਸ਼ ਕਰਦਾ ਹਾਂ।

ਸਪੀਕਰ ਸਾਹਿਬ, ਕਮੇਟੀ ਨੇ ਅੰਡੇਮਾਨ ਨਿਕੋਬਾਰ ਦੀਪ ਸਮੂਹ ਦੇ ਦੌਰੇ ਦੌਰਾਨ ਦੇਖਿਆ ਹੈ ਕਿ ਇਸ ਦੀਪ ਸਮੂਹ ਤੇ ਪੰਜਾਬੀ ਆਜ਼ਾਦੀ ਘੁਲਾਟੀਆਂ ਨੂੰ ਵੱਡੀ ਗਿਣਤੀ ਵਿੱਚ ਭੇਜਿਆ ਗਿਆ ਸੀ ਜਿਨ੍ਹਾਂ ਦਾ ਅਜ਼ਾਦੀ ਦੀ ਲਹਿਰ ਵਿੱਚ ਬਹੁਤ ਵੱਡਾ ਯੋਗਦਾਨ ਹੈ ਪਰ ਇਸ ਯੋਗਦਾਨ ਦਾ ਸੈਲੂਲਰ ਜੇਲ੍ਹ ਵਿਚ ਵਿਖਾਏ ਜਾਂਦੇ ਲਾਈਟ ਐਂਡ ਸਾਊਂਡ ਪ੍ਰੋਗਰਾਮ ਵਿੱਚ ਜ਼ਿਆਦਾ ਵਰਣਨ ਨਹੀਂ ਕੀਤਾ ਗਿਆ। ਇਸ ਤੋਂ ਇਲਾਵਾ ਕਿਸੇ ਚੌਂਕ, ਸੜਕ ਜਾਂ ਕਿਸੇ ਟਾਪੂ ਦਾ ਨਾਂ ਵੀ ਪੰਜਾਬੀਆਂ ਨਾਲ ਸਬੰਧਿਤ ਨਹੀਂ ਹੈ। ਸਪੀਕਰ ਸਾਹਿਬ, ਪੰਜਾਬੀਆਂ ਨੂੰ ਬਣਦਾ ਮਾਣ-ਸਤਿਕਾਰ ਦੇਣ ਲਈ ਕਮੇਟੀ ਨੇ ਜੋ ਸਿਫਾਰਸ਼ਾਂ ਕੀਤੀਆਂ ਹਨ, ਉਹ ਇਸ ਪ੍ਰਕਾਰ ਹਨ:-

1. ਪੰਜਾਬ ਸਰਕਾਰ ਵੱਲੋਂ ਖੋਜ ਕਰਕੇ ਅੰਡੇਮਾਨ ਨਿਕੋਬਾਰ ਦੀਪ ਸਮੂਹ ਭੇਜੇ ਗਏ ਅਜ਼ਾਦੀਆਂ ਘੁਲਾਟੀਆਂ ਸਬੰਧੀ ਇੱਕ ਲਾਈਟ ਐਂਡ ਸਾਊਂਡ ਲੇਜ਼ਰ ਸ਼ੋਅ ਪ੍ਰੋਗਰਾਮ ਤਿਆਰ ਕੀਤਾ ਜਾਵੇ ਅਤੇ ਇਸ ਸ਼ੋਅ ਨੂੰ ਜੰਗ-ਏ-ਆਜ਼ਾਦੀ ਮੈਮੋਰੀਅਲ, ਕਰਤਾਰਪੁਰ ਵਿਖੇ ਵੱਖਰੀ ਜਗ੍ਹਾ ਅਲਾਟ ਕੀਤੀ ਜਾਵੇ ਜਿਸ ਵਿੱਚ ਅੰਡੇਮਾਨ ਭੇਜੇ ਗਏ ਸਾਰੇ ਅਜ਼ਾਦੀ ਘੁਲਾਟੀਆਂ, ਸ਼ਹੀਦਾਂ ਦੇ ਨਾਮ ਸਮੇਤ ਸੰਖੇਪ ਜੀਵਨ ਅਤੇ ਫੋਟੋਆਂ ਵਿਖਾਈਆਂ ਜਾਣ। ਇਨ੍ਹਾਂ ਸਾਰੇ ਅਜ਼ਾਦੀ ਘੁਲਾਟੀਆਂ, ਸ਼ਹੀਦਾਂ ਦੇ ਨਾਂ ਉਤੇ ਇੱਕ ਗੈਲਰੀ ਵੀ ਬਣਾਈ ਜਾਵੇ ਜਿਸ ਦਾ ਨਾਂ ਅੰਡੇਮਾਨ ਨਿਕੋਬਾਰ ਦੀਪ ਸਮੂਹ (ਕਾਲਾਪਾਣੀ ਦੇ ਟਾਪੂ) ਦੇ ਅਜ਼ਾਦੀ ਘੁਲਾਟੀਏ ਸ਼ਹੀਦ ਗੈਲਰੀ ਰੱਖਿਆ ਜਾਵੇ।

2. ਪੰਜਾਬ ਸਰਕਾਰ ਅੰਡੇਮਾਨ ਨਿਕੋਬਾਰ ਦੀਪ ਸਮੂਹ ਦੇ ਪ੍ਰਸ਼ਾਸਨ ਨਾਲ ਸੰਪਰਕ ਕਰੇ ਤਾਂ ਜੋ ਸੈਲੂਲਰ ਜੇਲ੍ਹ ਵਿੱਚ ਕੈਦ ਰਹੇ ਪੰਜਾਬੀ ਅਜ਼ਾਦੀ ਘੁਲਾਟੀਆਂ, ਸ਼ਹੀਦਾਂ ਦੇ ਨਾਂ ਚੁਣ ਕੇ ਉਨ੍ਹਾਂ ਦੇ ਬੁੱਤ ਸੈਲੂਲਰ ਜੇਲ੍ਹ ਦੇ ਬਾਹਰ ਲਗਾਏ ਜਾਣ।

3. ਪੰਜਾਬ ਸਰਕਾਰ ਵੱਲੋਂ ਅੰਡੇਮਾਨ ਤੇ ਨਿਕੋਬਾਰ ਦੀਪ ਸਮੂਹ ਦੇ ਪ੍ਰਸ਼ਾਸਨ ਨਾਲ ਸੰਪਰਕ ਕਰਕੇ ਇਹ ਅਧਿਸੂਚਿਤ ਕੀਤਾ ਜਾਵੇ ਕਿ ਸੈਲੂਲਰ ਜੇਲ੍ਹ ਪੋਰਟ ਬਲੇਅਰ ਵਿੱਚ ਵਿਖਾਏ ਜਾਂਦੇ ਲਾਈਟ ਐਂਡ ਸਾਊਂਡ ਸ਼ੋਅ ਵਿੱਚ ਪੰਜਾਬੀ ਅਜ਼ਾਦੀ ਘੁਲਾਟੀਆਂ, ਸ਼ਹੀਦਾਂ ਦੇ ਪਾਏ ਗਏ ਯੋਗਦਾਨ ਨੂੰ ਦਰਸਾਉਣ ਲਈ ਉਨ੍ਹਾਂ ਦੇ ਨਾਮ, ਫੋਟੋ ਅਤੇ ਉਨ੍ਹਾਂ ਨੇ ਜਿਸ ਲਹਿਰ ਵਿਚ ਸ਼ਾਮਲ ਹੋ ਕੇ ਅਜ਼ਾਦੀ ਲਈ ਸੰਘਰਸ਼ ਕੀਤਾ, ਉਸ ਲਹਿਰ ਦਾ ਨਾਂ ਵੀ ਬੋਲਿਆ ਜਾਵੇ।

4. ਪੰਜਾਬ ਸਰਕਾਰ ਵੱਲੋਂ ਕੇਂਦਰ ਸਰਕਾਰ ਅਤੇ ਅੰਡੇਮਾਨ ਨਿਕੋਬਾਰ ਦੀਪ ਸਮੂਹ ਦੇ ਪ੍ਰਸ਼ਾਸਨ ਨਾਲ ਸੰਪਰਕ ਕਰਕੇ ਕੈਂਪਬੈੱਲ ਬੇਅ ਟਾਪੂ ਦਾ ਨਾਂ ਬਦਲ ਕੇ 'ਪੰਜਾਬੀ ਟਾਪੂ' ਰੱਖਿਆ ਜਾਵੇ ।

5. ਕੇਂਦਰ ਸਰਕਾਰ ਤੱਕ ਪਹੁੰਚ ਕਰਕੇ ਅੰਡੇਮਾਨ ਅਤੇ ਨਿਕੋਬਾਰ ਦੀਪ ਸਮੂਹ ਵਿੱਚ ਵੱਸਦੇ ਪੰਜਾਬੀਆਂ ਨੂੰ ਘੱਟ ਗਿਣਤੀਆਂ ਦਾ ਸਟੇਟਸ ਦਿਵਾਇਆ ਜਾਵੇ ।

6. ਸਰਦਾਰ ਸੋਹਣ ਸਿੰਘ ਭਕਨਾ ਜੀ ਦਾ ਬੁੱਤ ਪਿੰਡ ਭਕਨਾ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਲਗਾਇਆ ਜਾਵੇ ।

ਇਸ ਤੋਂ ਇਲਾਵਾ ਕਮੇਟੀ ਇਹ ਵੀ ਸਿਫਾਰਸ਼ ਕਰਦੀ ਹੈ ਕਿ ਪੰਜਾਬ ਸਰਕਾਰ ਵਲੋਂ ਕੇਂਦਰ ਸਰਕਾਰ ਨੂੰ ਕਮੇਟੀ ਵਲੋਂ ਕੀਤੀਆਂ ਗਈਆਂ ਸਿਫਾਰਸ਼ਾਂ ਦੀ ਇੱਕ ਕਾਪੀ ਭੇਜੀ ਜਾਵੇ ਤਾਂ ਜੋ ਇਹ ਕੰਮ ਬਿਨਾਂ ਕਿਸੇ ਦੇਰੀ ਤੋਂ ਨੇਪਰੇ ਚੜ੍ਹ ਸਕੇ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਵਿਧਾਨ ਸਭਾ ਦੇ ਸਮੂਹ ਮੈਂਬਰ ਸਾਹਿਬਾਨ ਸਰਬਸੰਮਤੀ ਨਾਲ ਪ੍ਰਵਾਨ ਕਰਨ।

ਮੈਂ ਇਹ ਵੀ ਬੇਨਤੀ ਕਰਦਾ ਹਾਂ ਕਿ ਇਹ ਸਦਨ ਪੰਜਾਬੀਆਂ ਵੱਲੋਂ ਅਜ਼ਾਦੀ

ਸੰਘਰਸ਼ ਲਈ ਅੰਡੇਮਾਨ ਅਤੇ ਨਿਕੋਬਾਰ ਦੀਪ ਸਮੂਹ ਵਿੱਚ ਦਿੱਤੀਆਂ ਕੁਰਬਾਨੀਆਂ ਅਤੇ ਹੋਰ ਤੱਥਾਂ ਸਬੰਧੀ ਰਿਪੋਰਟ ਦੇਣ ਲਈ ਗਠਿਤ ਕਮੇਟੀ ਦੀ ਰਿਪੋਰਟ ਨੂੰ ਸਰਬਸੰਮਤੀ ਨਾਲ ਪ੍ਰਵਾਨ ਕਰੇ ਤੇ ਅਪਣਾਏ।

ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ ਹੈ ਕਿ ਇਸ ਖੋਜ ਲਈ ਤੁਸੀਂ ਮੈਂਬਰ ਸਾਹਿਬਾਨ ਦੀ ਕਮੇਟੀ ਗਠਿਤ ਕੀਤੀ ਸੀ, ਉਸ ਕਮੇਟੀ ਨੇ ਬਹੁਤ ਮਿਹਨਤ ਕੀਤੀ, ਉਨ੍ਹਾਂ ਨੇ ਬਹੁਤ ਯਤਨ ਕਰਕੇ ਰਿਸਰਚ ਕੀਤੀ ਔਰ ਇਹ ਸਾਰੀ ਰਿਪੋਰਟ ਤਿਆਰ ਕੀਤੀ ਹੈ। ਇਥੇ ਸਾਥੀ ਮੈਂਬਰ ਸਾਹਿਬਾਨ ਬੈਠੇ ਹਨ, ਅੱਜ ਜੇ ਅਸੀਂ ਇਸ ਸਦਨ ਵਿੱਚ ਐਮ.ਐਲ.ਏ. ਦੇ ਤੌਰ ਤੇ ਬੈਠੇ ਹਾਂ ਤਾਂ ਇਹ ਉਨ੍ਹਾਂ ਅਜ਼ਾਦੀ ਘੁਲਾਟੀਆਂ ਦੀ ਦੇਣ ਹੈ, ਜਿਨ੍ਹਾਂ ਨੇ ਆਪਣੇ ਜੀਵਨ ਦਾ ਬਲੀਦਾਨ ਦਿੱਤਾ ਅਤੇ ਜਾਨ ਦੀ ਪ੍ਰਵਾਹ ਨਹੀਂ ਕੀਤੀ। ਉਨ੍ਹਾਂ ਨੂੰ ਪਤਾ ਸੀ ਕਿ ਜਿਸ ਅਜ਼ਾਦੀ ਦੇ ਰਾਹ ਤੇ ਅਸੀਂ ਜਾ ਰਹੇ ਹਾਂ, ਉਸ ਦਾ ਅੰਤ ਕੀ ਹੋਣਾ ਹੈ। ਇਹ ਉਨ੍ਹਾਂ ਨੂੰ ਪਤਾ ਸੀ ਕਿ ਕਾਲਾ ਪਾਣੀ ਕਿਸ ਨੂੰ ਕਿਹਾ ਜਾਂਦਾ ਸੀ। ਉਸ ਕਾਲਾ ਪਾਣੀ ਦਾ ਅਸਲ ਮਤਲਬ ਕੀ ਹੈ? ਉਸ ਦਾ ਮਤਲਬ ਹੈ ਅਕਾਲ ਪਾਣੀ, ਅੰਤ ਤੱਕ, ਕਿਉਂਕਿ ਜਿਹੜਾ ਉਥੇ ਜਾਂਦਾ ਸੀ, ਉਸ ਨੂੰ ਇਹ ਪਤਾ ਹੁੰਦਾ ਸੀ ਕਿ ਮੈਂ ਵਾਪਸ ਨਹੀਂ ਆਉਣਾ, ਮੈਂ ਉਥੇ ਹੀ ਖਤਮ ਹੋ ਜਾਣਾ ਹੈ। ਸਪੀਕਰ ਸਾਹਿਬ, ਅਸੀਂ ਤੁਹਾਡੇ ਕਹਿਣ ਉਤੇ ਉੱਥੇ ਗਏ। ਤੁਸੀਂ ਸਾਨੂੰ ਬਹੁਤ ਗਾਈਡ ਕੀਤਾ ਹੈ। ਤੁਸੀਂ ਹਮੇਸ਼ਾ ਹੀ ਗਾਈਡ ਕਰਦੇ ਹੋ। ਜਿਹੜਾ ਵੀ ਤੁਹਾਡੇ ਕੋਲ ਆਉਂਦਾ ਹੈ, ਤੁਸੀਂ ਉਸ ਨੂੰ ਹਮੇਸ਼ਾ ਗਾਈਡ ਕਰਦੇ ਹੋ। ਜਦੋਂ ਅਸੀਂ ਉਥੇ ਸੈਲੂਲਰ ਜੇਲ੍ਹ ਦੇਖੀ, ਉਨ੍ਹਾਂ ਦੇ ਸੈੱਲ ਦੇਖੇ, ਉਨ੍ਹਾਂ ਦੀ ਐਡਮਨਿਸਟ੍ਰੇਸ਼ਨ ਬਾਰੇ ਅਸੀਂ ਸੁਣਿਆ, ਪੰਜਾਬੀ ਦਾ ਲਫਜ਼ ਹੈ - ਸਾਡੇ ਲੂੰ ਕੰਡੇ ਖੜ੍ਹੇ ਹੋ ਗਏ - ਅਸੀਂ ਮਾਝੇ ਦੇ ਰਹਿਣ ਵਾਲੇ ਹਾਂ। ਕਿਸੇ ਵੇਲੇ ਬੋਲੀ ਇਵੇਂ ਦੀ ਕਹਿੰਦੇ ਹਾਂ। ਸਾਨੂੰ ਦੇਖ ਕੇ ਦੁੱਖ ਆਇਆ ਕਿ ਕੈਦੀਆਂ ਤੇ ਇੰਨਾ ਤਸ਼ੱਦਦ ਹੋਇਆ ਸੀ, ਉਨ੍ਹਾਂ ਕੈਦੀਆਂ ਨੂੰ ਜੀਵਨ ਵਿੱਚ ਇਨ੍ਹਾਂ ਮੁਸ਼ਕਿਲਾਂ ਵਿਚੋਂ ਲੰਘਣਾ ਪਿਆ। ਇੰਨੀ ਸਖਤੀ ਸੀ, ਉਥੋਂ ਦਾ ਜੇਲ੍ਹ ਸੁਪਰਡੰਟ ਆਪਣੇ ਤਸ਼ੱਦਦ ਲਈ ਮਸ਼ਹੂਰ ਸੀ ਅਤੇ ਤਸ਼ੱਦਦ ਇਸ ਕਰਕੇ ਕੀਤਾ ਜਾਂਦਾ ਸੀ ਤਾਂ ਕਿ ਇਨ੍ਹਾਂ ਲੋਕਾਂ ਨੂੰ ਸਬਕ ਸਿਖਾਇਆ ਜਾਵੇ। ਜਿਹੜੇ ਲੋਕ ਇਸ ਰਾਹ ਤੇ ਚੱਲ ਰਹੇ ਹਨ, ਉਨ੍ਹਾਂ ਨੂੰ ਪਤਾ ਲੱਗ ਜਾਵੇ ਕਿ ਸਜ਼ਾ ਬਹੁਤ ਔਖੀ ਹੈ ਅਤੇ ਇਹ ਲੋਕ ਇਸ ਰਾਹ ਤੋਂ ਹੱਟ ਜਾਣ ਪਰੰਤੂ ਸਾਡੇ ਪੰਜਾਬੀਆਂ ਦੇ ਖੂਨ ਵਿੱਚ ਇੱਕ ਜ਼ਜ਼ਬਾਤ ਹਮੇਸ਼ਾ ਹੁੰਦਾ ਹੈ। ਜਦੋਂ ਉਨ੍ਹਾਂ ਨੂੰ ਕੋਈ ਨੱਪਦਾ ਹੈ ਤਾਂ ਉਹ ਹਮੇਸ਼ਾ ਉੱਭਰ ਕੇ ਆਉਂਦੇ ਹਨ, ਬਗਾਵਤ ਕਰਦੇ ਹਨ ਅਤੇ ਇਸੇ ਬਗਾਵਤ ਨਾਲ ਉਹ ਹਮੇਸ਼ਾ ਆਪਣੇ ਜਿਊਂਦਾ ਰੱਖੇ ਨਾਅਰੇ ਮਾਰ-ਮਾਰ ਕੇ ਉਥੇ ਗਏ। ਉਨ੍ਹਾਂ ਵਿੱਚ ਇੰਨਾ ਜ਼ਜ਼ਬਾ ਸੀ, ਇੱਕ ਬੈਚ ਉਥੇ ਗਿਆ ਜਿਸ ਵਿੱਚ 48 ਪੰਜਾਬੀ ਸਨ। ਉਨ੍ਹਾਂ ਨੂੰ ਸਜ਼ਾ ਹੋਈ ਪਰ ਉਥੇ ਉਨ੍ਹਾਂ ਨੇ ਐਡਮਨਿਸਟ੍ਰੇਸ਼ਨ ਲਈ, ਅੰਗਰੇਜ਼ਾਂ ਲਈ ਇੰਨੀਆਂ

ਮੁਸ਼ਕਿਲਾਂ ਖੜ੍ਹੀਆਂ ਕੀਤੀਆਂ ਜਿਸ ਕਾਰਨ ਜੇਲ੍ਹ ਪ੍ਰਸ਼ਾਸਨ ਨੇ ਸਿਫਾਰਸ਼ ਕੀਤੀ ਕਿ ਮੁੜ ਅਜਿਹੇ ਕੈਦੀਆਂ ਨੂੰ ਸੈਲੂਲਰ ਜੇਲ੍ਹ ਵਿੱਚ ਨਾ ਭੇਜਿਆ ਜਾਵੇ, ਅਸੀਂ ਇਨ੍ਹਾਂ ਨੂੰ ਕੰਟਰੋਲ ਨਹੀਂ ਕਰ ਸਕਦੇ। ਫਿਰ ਅਗਲੇ ਬੈਚ ਵਾਸਤੇ ਸਾਰਿਆਂ ਨੂੰ ਸਵਾਲ ਪਾਏ ਗਏ, ਸਾਰੀਆਂ ਜੇਲ੍ਹਾਂ ਨੇ ਨਾਂਹ ਕਰ ਦਿੱਤੀ, ਅਖੀਰ ਵਿੱਚ ਉਨ੍ਹਾਂ ਨੂੰ ਪਟਨਾ ਜੇਲ੍ਹ ਵਿੱਚ ਭੇਜਿਆ ਗਿਆ। ਇਹ ਉਹ ਪੰਜਾਬੀ ਸਨ ਜਿਨ੍ਹਾਂ ਨੇ ਆਪਣੀ ਜਾਨ ਦੀ ਪਰਵਾਹ ਨਹੀਂ ਕੀਤੀ ਪਰੰਤੂ ਅਜ਼ਾਦੀ ਲਈ ਆਪਣੀਆਂ ਜਾਨਾਂ ਦਿੱਤੀਆਂ। ਇਹ ਬਹੁਤ ਵੱਡੀ ਡਿਟੇਲਡ ਰਿਪੋਰਟ ਹੈ, ਮੈਂ ਸਾਰੇ ਸਦਨ ਨੂੰ ਬੇਨਤੀ ਕਰਾਂਗਾ ਕਿ ਇਹ ਤੁਸੀਂ ਜ਼ਰੂਰ ਪੜ੍ਹਿਓ। ਮੈਨੂੰ ਯਕੀਨ ਹੈ ਕਿ ਜਦੋਂ ਤੁਸੀਂ ਇਸ ਨੂੰ ਪੜ੍ਹੋਗੇ ਤਾਂ ਉਨ੍ਹਾਂ ਸ਼ਹੀਦਾਂ ਨੂੰ ਯਾਦ ਕਰੋਗੇ ਜਿਨ੍ਹਾਂ ਨੇ ਅਜ਼ਾਦੀ ਦਿਵਾਈ ਅਤੇ ਜੇਕਰ ਇਸ ਸਦਨ ਵਿੱਚ ਅਸੀਂ ਐਮ.ਐਲ.ਏ. ਬਣ ਕੇ ਬੈਠੇ ਹਾਂ ਤਾਂ ਉਨ੍ਹਾਂ ਦੀ ਬਦੌਲਤ ਬਣੇ ਹਾਂ। ਸਪੀਕਰ ਸਾਹਿਬ, ਤੁਸੀਂ ਬਹੁਤ ਅੱਛੇ ਗਾਈਡ ਹੋ, ਹਿਸਟੋਰੀਅਨ ਹੋ, ਪੜ੍ਹਦੇ ਵੀ ਹੋ, lawyer ਵੀ ਹੋ, ਤੁਹਾਨੂੰ ਬਹੁਤ ਨਾਲੇਜ ਵੀ ਹੈ। ਸਾਰੀ ਕਮੇਟੀ ਦੇ behalf ਤੇ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ, ਸ਼ੁਕਰੀਆ ਅਦਾ ਕਰਦਾ ਹਾਂ ਕਿ ਤੁਸੀਂ ਸਾਨੂੰ ਇਹ ਰਿਪੋਰਟ ਪੇਸ਼ ਕਰਨ ਦਾ ਮੌਕਾ ਦਿੱਤਾ। ਬਹੁਤ-ਬਹੁਤ ਧੰਨਵਾਦ।(ਥੰਪਿੰਗ) ਮੈਂ ਇਕ ਵਾਰ ਫਿਰ ਅਪੀਲ ਕਰਾਂਗਾ ਕਿ ਮੈਂ ਜਿਹੜੀਆਂ ਬੇਨਤੀਆਂ ਕੀਤੀਆਂ ਹਨ, ਇਹ ਜ਼ਰੂਰ ਪ੍ਰਵਾਨ ਹੋਣ, ਸਰਕਾਰ ਇਸ ਗੱਲ ਨੂੰ ਜ਼ਰੂਰ importance ਦੇ ਕੇ ਇਨ੍ਹਾਂ ਨੂੰ ਪਹਿਲ ਦੇ ਆਧਾਰ ਤੇ ਮੰਨੇ। ਇਨ੍ਹਾਂ ਸ਼ਬਦਾਂ ਨਾਲ ਤੁਹਾਡਾ ਬਹੁਤ-ਬਹੁਤ ਧੰਨਵਾਦ। (ਥੰਪਿੰਗ)

**ਮਾਨਯੋਗ ਸਪੀਕਰ :** ਮੈਂ ਮਹਿਸੂਸ ਕਰਦਾ ਸੀ ਕਿ ਅੰਡੇਮਾਨ ਦੀ ਮਿੱਟੀ ਦਾ ਜ਼ੱਰਾ ਜ਼ੱਰਾ, ਜਿਸ ਵਿਚੋਂ ਕੁਰਬਾਨੀ, ਦੇਸ਼ ਭਗਤੀ ਅਤੇ ਸਿਦਕ ਦੀ ਖੁਸ਼ਬੂ ਆਉਂਦੀ ਹੈ ਅਤੇ ਜਿਸ ਵਿੱਚ ਪੰਜਾਬੀਆਂ ਦੇ ਰੋਲ ਨੂੰ ਇੰਨਾ ਉਘਾੜਿਆ ਨਹੀਂ ਗਿਆ ਸੀ, ਜਿੰਨਾ ਕੁ ਬਣਦਾ ਸੀ, ਇਸ ਕਰਕੇ ਅਸੀਂ ਇਕ ਕਮੇਟੀ ਬਣਾਈ ਸੀ। ਮੈਂ ਸਾਰੇ ਹਾਊਸ ਵੱਲੋਂ ਕਮੇਟੀ ਦੇ ਪ੍ਰਧਾਨ, ਕਮੇਟੀ ਦੇ ਸਾਰੇ ਮਾਨਯੋਗ ਮੈਂਬਰ ਸਾਹਿਬਾਨ ਨੂੰ ਵਧਾਈ ਦਿੰਦਾ ਹਾਂ ਕਿ ਤੁਸੀਂ ਬੜੀ ਸ਼ਿੱਦਤ ਅਤੇ ਬੜੀ ਮਿਹਨਤ ਨਾਲ ਇਹ ਰਿਪੋਰਟ ਤਿਆਰ ਕੀਤੀ ਹੈ, ਜੋ ਸਾਰੇ ਹਾਊਸ ਨੂੰ ਅੱਛੀ ਲੱਗੇਗੀ। ਇਸ ਗੱਲ ਦੀ ਵੀ ਖੁਸ਼ੀ ਹੈ ਕਿ ਸਾਡੇ ਬਹੁਤ ਸਾਰੇ ਸਤਿਕਾਰਯੋਗ ਮੈਂਬਰ ਪਿਛਲੇ ਸਮੇਂ ਵਿੱਚ ਅੰਡੇਮਾਨ ਜਾ ਕੇ ਆਏ ਹਨ। ਮੈਂ ਆਪ ਪ੍ਰੇਰਣਾ ਕਰਦਾ ਹਾਂ ਕਿ ਜਿਹੜੇ ਨਹੀਂ ਗਏ, ਉਹ ਵੀ ਆਉਣ ਵਾਲੇ ਸਮੇਂ ਵਿੱਚ ਜ਼ਰੂਰ ਜਾ ਕੇ ਆਉਣ। ਮੈਂ ਫਾਈਨਾਂਸ ਮਨਿਸਟਰ ਸਾਹਿਬ ਤੋਂ ਵੀ ਇਸ ਗੱਲ ਦੀ ਇਜਾਜ਼ਤ ਲਈ ਸੀ ਕਿ ਥੋੜ੍ਹਾ ਖਰਚਾ ਹੋਵੇਗਾ ਪਰ ਐਫ.ਐਮ. ਸਾਹਿਬ ਨੇ ਵੀ ਮੈਨੂੰ ਇਹ ਗੱਲ ਉਚੇਚੇ ਤੌਰ ਤੇ ਕਹੀ ਸੀ ਕਿ ਜਿੱਥੇ ਵਤਨਪ੍ਰਸਤੀ ਦਾ ਸਵਾਲ ਹੈ, ਜਿੱਥੇ ਪੰਜਾਬੀਆਂ ਦੇ ਰੋਲ ਦਾ ਸਵਾਲ ਹੈ, ਜਿੱਥੇ ਅੰਡੇਮਾਨ ਦਾ ਸਵਾਲ ਹੈ, ਉਥੇ ਸਾਡੇ ਮੈਂਬਰ ਜ਼ਿਆਦਾ ਤੋਂ

ਜ਼ਿਆਦਾ ਜਾ ਕੇ ਆਉਣ। ਉਸ ਦਾ ਸਮੁੱਚੇ ਪੰਜਾਬੀਆਂ ਨੂੰ ਲਾਭ ਹੋਵੇਗਾ ਅਤੇ ਆਉਣ ਵਾਲੀਆਂ ਨਸਲਾਂ ਇਸ ਬਾਰੇ ਜਾਣਕਾਰੀ ਹਾਸਲ ਕਰ ਸਕਣਗੀਆਂ। ਸੋ, ਮੈਂ ਤੁਹਾਡਾ ਬਹੁਤ-ਬਹੁਤ ਸ਼ੁਕਰਗੁਜ਼ਾਰ ਹਾਂ ਕਿ ਤੁਸੀਂ ਬੜੀ ਮਿਹਨਤ ਨਾਲ ਇਹ ਰਿਪੋਰਟ ਤਿਆਰ ਕੀਤੀ ਹੈ। Once again, I am thankful to you.*(thumping)*

**ਸਰਦਾਰ ਮਨਪ੍ਰੀਤ ਸਿੰਘ ਇਆਲੀ :** ਸਪੀਕਰ ਸਾਹਿਬ....

**ਮਾਨਯੋਗ ਸਪੀਕਰ :** ਨਹੀਂ ਜੀ, ਹਾਲੇ ਰਿਪੋਰਟਾਂ ਚੱਲ ਰਹੀਆਂ ਹਨ।

**ਸਰਦਾਰ ਮਨਪ੍ਰੀਤ ਸਿੰਘ ਇਆਲੀ :** ਸਪੀਕਰ ਸਾਹਿਬ, ਇਕ ਸਲਾਹ ਦੇਣੀ ਹੈ।

**ਮਾਨਯੋਗ ਸਪੀਕਰ :** ਹਾਂ, ਸਲਾਹ ਦੇ ਦਿਓ।

**ਸਰਦਾਰ ਮਨਪ੍ਰੀਤ ਸਿੰਘ ਇਆਲੀ :** ਸਰ, ਪਿਛਲੇ ਸਮੇਂ ਵਿੱਚ ਜਿਨ੍ਹਾਂ ਨੇ ਅਜ਼ਾਦੀ ਲਈ ਸੰਘਰਸ਼ ਕੀਤਾ, ਜਿਨ੍ਹਾਂ ਨੂੰ ਅੰਡੇਮਾਨ ਨਿਕੋਬਾਰ ਵਿੱਚ ਭੇਜਿਆ ਗਿਆ, ਮੈਂ ਵੀ ਇਸ ਤੇ ਕੰਮ ਕਰ ਰਿਹਾ ਹਾਂ। ਸਾਡੇ ਬਿਲਕੁਲ ਨਾਲ ਲਗਦਾ ਪਿੰਡ ਬਾਰਨਹਾੜਾ ਹੈ, ਉਥੋਂ ਦੇ ਰਾਜਾ ਰਣਮਹੇਸ਼ ਸਿੰਘ ਹੋਏ ਹਨ। ਸਾਡੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੀ ਨੇ ਇੱਕ ਕਿਤਾਬ ਲਿਖੀ ਹੈ, ਜਿਸ ਵਿਚ ਉਨ੍ਹਾਂ ਨੇ ਜ਼ਿਕਰ ਕੀਤਾ ਹੈ ਕਿ ਆਲੀਵਾਲ ਵਿਖੇ ਜਿਹੜੀ ਐਂਗਲੋ-ਸਿੱਖ ਵਾਰ ਹੋਈ, ਜਿਸ ਵਿਚ ਰਣਜੋਧ ਸਿੰਘ ਮਜੀਠੀਆ ਯੁੱਧ ਦੀ ਅਗਵਾਈ ਕਰ ਰਹੇ ਸੀ, ਉਹ ਇੱਕ ਦਿਨ ਪਹਿਲਾਂ ਬਾਰਨਹਾੜੇ ਪਿੰਡ ਵਿੱਚ ਰੁਕੇ ਸਨ ਅਤੇ ਜਿਥੋਂ ਦੇ ਰਾਜਾ ਰਣਮਹੇਸ਼ ਸਿੰਘ ਨੇ ਉਨ੍ਹਾਂ ਦਾ ਸਾਥ ਦਿੱਤਾ। ਆਲੀਵਾਲ ਦੇ ਉਸ ਯੁੱਧ ਵਿੱਚ, ਜਿਹੜਾ ਅੰਗਰੇਜ਼ਾਂ ਵੱਲੋਂ ਸੈਨਾਪਤੀ ਅਗਵਾਈ ਕਰ ਰਿਹਾ ਸੀ, ਉਸ ਦੀ ਅੱਖ ਵਿੱਚ ਰਾਜਾ ਰਣਮਹੇਸ਼ ਸਿੰਘ ਨੇ ਗੋਲੀ ਮਾਰੀ ਸੀ। ਇਹ ਪਤਾ ਲੱਗਣ ਤੇ ਰਾਜਾ ਰਣਮਹੇਸ਼ ਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ, ਉਸ ਵਕਤ ਉਸ ਸਾਰੇ ਏਰੀਏ ਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ। ਰਾਜਾ ਰਣਮਹੇਸ਼ ਸਿੰਘ ਨੂੰ ਗ੍ਰਿਫਤਾਰ ਕਰਕੇ ਅੰਡੇਮਾਨ ਨਿਕੋਬਾਰ ਵਿਖੇ ਭੇਜ ਦਿੱਤਾ ਗਿਆ। ਮੈਂ ਜਿਥੇ ਕਿਲ੍ਹਾ ਸੀ, ਉਸ 'ਤੇ ਕੰਮ ਕਰ ਰਿਹਾ ਸੀ ਕਿਉਂਕਿ ਉਨ੍ਹਾਂ ਦੀ ਵਾਈਫ ਨੇ ਸਾਡੇ ਵੱਡੇ-ਵਡੇਰਿਆਂ ਨੂੰ ਸੰਨ 1848 ਵਿਚ ਜ਼ਮੀਨ ਦਿੱਤੀ ਸੀ ਅਤੇ ਇਯਾਲੀ ਖੁਰਦ ਪਿੰਡ ਬੰਨ੍ਹਿਆ ਸੀ । ਉਹ ਜ਼ਮੀਨ ਬੇਆਬਾਦ ਸੀ, ਉਦੋਂ ਸਾਡੇ ਬਜ਼ੁਰਗਾਂ ਨੇ ਤਿੰਨ ਹਿੱਸੇ ਜ਼ਮੀਨ ਲੋਕਾਂ ਨੂੰ ਦੇ ਕੇ ਇਯਾਲੀ ਖੁਰਦ ਪਿੰਡ ਬੰਨਿਆ ਸੀ। ਮੈਂ ਉਸ 'ਤੇ ਸਾਰਾ ਕੰਮ ਕਰ ਰਿਹਾ ਹਾਂ। ਅਸੀਂ ਆਲੀਵਾਲ ਯੁੱਧ ਦੀ ਪੌਣੇ ਦੋ ਸੌ ਸਾਲ ਬਾਅਦ ਹੁਣ ਯਾਦਗਾਰ ਬਣਾਈ ਹੈ। ਅੰਗਰੇਜ਼ਾਂ ਨੇ ਵੀ ਪੌਣੇ ਦੋ ਸੌ ਸਾਲ ਪਹਿਲਾਂ ਬਣਾਈ ਸੀ। ਅਸੀਂ ਉਥੇ ਲਾਇਬ੍ਰੇਰੀ ਵੀ ਬਣਾਈ ਹੈ, ਅਸੀਂ ਉਸ ਸਬੰਧੀ ਸਾਰਾ ਕੰਮ ਕਰ ਰਹੇ ਹਾਂ ਲੇਕਿਨ ਮੈਂ ਰਿਕਾਰਡ ਵਿਚ ਦੇਖਿਆ ਕਿ ਬਹੁਤ ਸਾਰੇ ਸਾਡੇ ਇਹੋ-ਜਿਹੇ ਯੋਧੇ ਸੂਰਬੀਰ ਸਨ, ਜਿਨ੍ਹਾਂ ਨੇ ਜੰਗ ਲੜੀ ਸੀ ਉਨ੍ਹਾਂ ਦਾ ਕਿਤੇ ਵੀ ਰਿਕਾਰਡ ਨਹੀਂ ਲੱਭ ਰਿਹਾ। ਉਸ ਤੇ ਥੋੜ੍ਹੀ ਜਿਹੀ ਹੋਰ ਸਰਚ ਹੋ ਜਾਵੇ ਤਾਂ ਠੀਕ ਰਹੇਗਾ ਕਿਉਂਕਿ ਮੈਂ ਕਾਫੀ ਨਾਮ ਅਜਿਹੇ ਦੇਖੇ ਹਨ। ਮੈਂ ਆਪ ਵੀ ਅੰਡੇਮਾਨ ਨਿਕੋਬਾਰ ਵਿਖੇ ਜਾਣਾ ਚਾਹੁੰਦਾ ਹਾਂ। ਸਾਡੇ ਕਾਫ਼ੀ ਵਿਅਕਤੀ ਜਿਹੜੇ ਉਥੇ ਹੀ ਸ਼ਹੀਦ ਹੋ ਗਏ, ਜਿਨ੍ਹਾਂ ਦੀ ਉਥੇ ਹੀ ਮੌਤ ਹੋ ਗਈ ਸੀ, ਉਨ੍ਹਾਂ ਦਾ ਬਹੁਤ ਸਾਰਾ ਰਿਕਾਰਡ ਅੰਗਰੇਜ਼ਾਂ ਵੱਲੋਂ ਕਿਤੇ ਨਾ ਕਿਤੇ ਖੁਰਦ-ਬੁਰਦ ਕਰ ਦਿੱਤਾ ਗਿਆ। ਆਪਾਂ ਉਸ ਸਬੰਧ ਵਿਚ ਹੋਰ ਕੰਮ ਕਰੀਏ...

**ਮਾਨਯੋਗ ਸਪੀਕਰ:** ਇਨ੍ਹਾਂ ਨੇ ਕਾਫ਼ੀ ਕੰਮ ਕੀਤਾ ਹੈ ਅਤੇ ਤੁਸੀਂ ਹੋਰ ਕਰ ਲਵੋ।

**ਸਰਦਾਰ ਮਨਪ੍ਰੀਤ ਸਿੰਘ ਇਆਲੀ:** ਹਾਂ ਜੀ, ਹੋਰ ਕੰਮ ਕਰਨ ਦੀ ਲੋੜ ਹੈ ਜੀ। ਧੰਨਵਾਦ ਜੀ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਸਪੀਕਰ ਸਾਹਿਬ, ਜਿਹੜੀ ਇਨ੍ਹਾਂ ਨੇ ਅੰਡੇਮਾਨ ਵਾਲੀ ਰਿਪੋਰਟ ਪੇਸ਼ ਕੀਤੀ ਹੈ, ਜੇ ਤੁਹਾਡੀ ਇਜਾਜ਼ਤ ਹੋਵੇ ਤਾਂ ਮੈਂ ਥੋੜ੍ਹਾ ਜਿਹਾ ਉਸ ਸਬੰਧੀ ਕਹਿਣਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ:** ਕਹਿ ਲਵੋ ਜੀ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਸਪੀਕਰ ਸਾਹਿਬ, ਧੰਨਵਾਦ ਜੀ। ਇਨ੍ਹਾਂ ਨੇ ਇਹ ਬੜਾ ਵੱਡਾ ਕੰਮ ਕੀਤਾ ਹੈ ਜੀ। ਸਾਡੇ ਪੰਜਾਬ ਕੋਲ ਹਿਸਟਰੀ ਹੀ ਹੈ ਕਿਉਂਕਿ ਸਾਡੇ ਕੋਲ ਖਜ਼ਾਨਾ ਤਾਂ ਬਚਿਆ ਨਹੀਂ ਹੈ। ਸਾਡੀ ਹਿਸਟਰੀ ਨੂੰ ਅਸੀਂ ਬਚਾ ਲਈਏ। ਉਸ ਵਿੱਚ ਇੱਕ ਸਿਫਾਰਸ਼ ਕੀਤੀ ਗਈ ਹੈ, ਮੈਂ ਉਸ ਵਿੱਚ ਸੋਧਨਾ ਦਾ ਪ੍ਰਸਤਾਵ ਕਰਦਾ ਹਾਂ ਕਿ ਉਸ ਨੂੰ 'ਪੰਜਾਬੀ ਟਾਪੂ' ਦੀ ਜਗ੍ਹਾ 'ਤੇ ਜਿਹੜੇ ਉਥੇ ਸਾਡੇ ਕੈਦੀ ਸ਼ਹੀਦ ਹੋਏ ਹਨ, ਟਾਪੂ ਦਾ ਨਾਮ ਉਨ੍ਹਾਂ ਸ਼ਹੀਦ ਕੈਦੀਆਂ ਦੇ ਨਾਮ ਤੇ ਰੱਖਿਆ ਜਾਵੇ ਜੀ। ਮੇਰੀ ਇਹ ਗੁਜ਼ਾਰਿਸ਼ ਹੈ।

ਹੁਣ ਮੈਂ ਲੋਕ ਲੇਖਾ ਕਮੇਟੀ ਦੀ ਰਿਪੋਰਟ ਪੇਸ਼ ਕਰਦਾ ਹਾਂ।

**ਸਭਾਪਤੀ, ਲੋਕ ਲੇਖਾ ਕਮੇਟੀ (ਸਰਦਾਰ ਕੁਲਤਾਰ ਸਿੰਘ ਸੰਧਵਾਂ) :** ਸ਼੍ਰੀਮਾਨ ਜੀ, ਮੈਂ-

(i) ਸਾਲਾਂ 2012-13 ਅਤੇ 2013-14 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖਿਆਂ ਤੇ ਲੋਕ ਲੇਖਾ ਕਮੇਟੀ ਦੀ 209ਵੀਂ ਰਿਪੋਰਟ ਅਤੇ ਸਾਲਾਂ 2012-13 ਅਤੇ 2013-14 ਲਈ ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ ਨਾਲ ਸਬੰਧਤ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਮਾਲੀਆ ਪ੍ਰਾਪਤੀਆਂ); ਅਤੇ

(ii) ਸਾਲ 2019-20 ਦੇ ਦੌਰਾਨ ਲੋਕ ਲੇਖਾ ਕਮੇਟੀ ਦੁਆਰਾ ਕੀਤੇ ਗਏ ਕੰਮ ਉੱਤੇ, ਸੀ.ਏ.ਜੀ. ਦੀਆਂ ਰਿਪੋਰਟਾਂ (ਸਿਵਲ ਅਤੇ ਮਾਲੀਆ ਪ੍ਰਾਪਤੀਆਂ) ਵਿਚ ਦਰਜ ਆਡਿਟ ਪੈਰਿਆਂ ਤੇ ਵੱਖ-ਵੱਖ ਵਿਭਾਗਾਂ ਤੋਂ ਪ੍ਰਾਪਤ ਹੋਏ ਉੱਤਰਾਂ ਤੇ ਇੱਕ ਸੰਖੇਪ ਪੇਸ਼ ਕਰਦਾ ਹਾਂ।

ਸਪੀਕਰ ਸਾਹਿਬ, ਮੈਂ ਦੋ ਕੁ ਗੱਲਾਂ ਇਸ ਸਬੰਧ ਵਿਚ ਹੋਰ ਕਹਿਣੀਆਂ ਚਾਹੁੰਦਾ ਹਾਂ। ਮਾਨਯੋਗ ਸਪੀਕਰ ਸਾਹਿਬ, ਤੁਸੀਂ ਮੈਨੂੰ ਲੋਕ ਲੇਖਾ ਕਮੇਟੀ ਦੀ ਜ਼ਿੰਮੇਵਾਰੀ ਬਖ਼ਸ਼ੀ। ਮੈਂ ਉਸ ਬਾਰੇ ਮਾਨਯੋਗ ਫਾਈਨਾਂਸ ਮਨਿਸਟਰ ਸਾਹਿਬ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਸਾਡੇ ਪੰਜਾਬ ਦੇ ਸੀ.ਏ.ਜੀ. ਵਿਭਾਗ ਨੇ ਬੜੀ ਮਿਹਨਤ ਕਰਕੇ ਕੁਝ ਕੁ ਤਹਿਸੀਲਾਂ ਦਾ ਇੰਟਰਨਲ ਆਡਿਟ ਕਰਵਾਇਆ, ਜਿਹੜਾ ਕਿ ਕਮੇਟੀ ਦੇ ਧਿਆਨ ਵਿੱਚ ਆਇਆ ਹੈ। ਜਿਵੇਂ ਕਿ ਖਰੜ ਤਹਿਸੀਲ ਹੈ ਜੀ, 'ਪੰਜਾਬੀ

ਟ੍ਰਿਬਿਊਨ' ਅਖਬਾਰ ਦੀ 21 ਫਰਵਰੀ ਦੀ ਨਿਊਜ਼ ਹੈ ਕਿ ਅਸੀਂ ਸਿਰਫ ਇੱਕ ਸਬ ਡਵੀਜ਼ਨ ਦਾ ਇੰਟਰਨਲ ਆਡਿਟ ਕੀਤਾ ਸੀ ਅਤੇ ਉਹ ਵੀ ਕੁਝ ਕੇਸ ਹੀ ਕੀਤੇ ਸਨ। ਮੈਂ ਇੰਟਰਨਲ ਆਡਿਟ ਦੀ ਗੱਲ ਕਰਨਾ ਚਾਹੁੰਦਾ ਹਾਂ ਕਿ ਜੇ ਆਪਾਂ ਇੰਟਰਨਲ ਆਡਿਟ ਨੂੰ ਇੰਨਾ ਸਟਰੌਂਗ ਕਰ ਲਈਏ ਤਾਂ ਪੀ.ਏ.ਸੀ. ਦੇ ਕਹਿਣ ਤੇ ਤਿੰਨ ਕਰੋੜ ਰੁਪਏ ਦੀ ਸਿਰਫ ਦੋ ਮਹੀਨਿਆਂ ਵਿੱਚ ਰਿਕਵਰੀ ਹੋ ਸਕਦੀ ਹੈ। ਫਿਰ ਮੇਰਾ ਖਿਆਲ ਹੈ ਕਿ ਆਪਾਂ ਪੰਜਾਬ ਦੇ ਖਜ਼ਾਨੇ ਨੂੰ ਕਾਫ਼ੀ ਹੱਦ ਤੱਕ ਸਿਹਤਮੰਦ ਕਰ ਲਵਾਂਗੇ ਜਿਹੜਾ ਕਿ ਬਿਮਾਰ ਹੋਇਆ ਪਿਆ ਹੈ। ਰੈਵੇਨਿਊ ਡਿਪਾਰਟਮੈਂਟ ਇਹੋ ਜਿਹਾ ਵਿਭਾਗ ਹੈ, ਜਿਥੇ ਬਹੁਤ ਸਾਰਾ ਰੈਵੇਨਿਊ ਜੈਨਰੇਟ ਹੁੰਦਾ ਹੈ ਅਤੇ ਸੀ.ਏ.ਜੀ. ਸਬੰਧਿਤ ਵਿਭਾਗਾਂ ਦਾ ਆਡਿਟ ਕਰਦਾ ਹੈ ਜੋ ਕਿ ਬਹੁਤ ਹੀ ਲਿਮਟਿਡ ਕੇਸਾਂ ਦਾ ਹੁੰਦਾ ਹੈ ਜੀ। ਉਸ ਵਿੱਚ ਕਰੋੜਾਂ ਰੁਪਏ ਦੇ ਮਾਮਲੇ ਫੜੇ ਜਾਂਦੇ ਹਨ ਪਰ ਐਫ.ਐਮ. ਸਾਹਿਬ, ਜੇ ਸਮੁੱਚੇ ਤੌਰ ਤੇ ਦੇਖਿਆ ਜਾਵੇ ਤਾਂ ਇਹ ਰਕਮ ਸੈਂਕੜੇ-ਕਰੋੜਾਂ ਵਿੱਚ ਹੋ ਸਕਦੀ ਹੈ। ਮਿਸਾਲ ਦੇ ਤੌਰ ਤੇ ਸਾਲ 2012-13 ਦੌਰਾਨ ਆਡਿਟ ਵਲੋਂ ਅਸ਼ਟਾਮ ਡਿਊਟੀ ਤੇ ਰਜਿਸਟ੍ਰੇਸ਼ਨ ਫੀਸ ਨਾਲ ਸਬੰਧਿਤ 109 ਯੂਨਿਟਾਂ ਦੇ ਰਿਕਾਰਡ ਦੀ ਨਮੂਨਾ ਜਾਂਚ ਵਿੱਚ 1674 ਕੇਸਾਂ ਵਿੱਚ 32 ਕਰੋੜ ਰੁਪਏ ਦੀ ਗੜਬੜੀ ਪਾਈ ਗਈ ਸੀ ਅਤੇ ਤਿੰਨ ਕਰੋੜ ਦੀ ਰਿਕਵਰੀ ਹੋਈ ਹੈ ਤੇ ਵਿਭਾਗ ਕੋਲ ਬਾਕੀ ਰਿਕਾਰਡ ਹੀ ਗੁੰਮ ਹੈ। ਵਿੱਤ ਮੰਤਰੀ ਜੀ, ਆਪਾਂ ਇਸ ਗੱਲ ਦਾ ਧਿਆਨ ਰੱਖੀਏ ਜੀ। ਕਈ ਕੇਸਾਂ ਵਿੱਚ ਮਸਲਾ ਇੰਡੀਅਨ ਸਟੈਂਪ ਐਕਟ ਦੇ ਸੈਕਸ਼ਨ 47-ਏ ਤਹਿਤ 7-8 ਸਾਲ ਤੋਂ ਲੰਬਿਤ ਪਿਆ ਹੈ। ਕਮੇਟੀ ਨੇ ਸਿਫਾਰਸ਼ ਕੀਤੀ ਹੈ ਕਿ ਇਸ ਨੂੰ ਸਮਾਂਬੱਧ ਕੀਤਾ ਜਾਵੇ। ਇਸ ਵਾਸਤੇ ਵਿੱਤ ਮੰਤਰੀ ਜੀ, ਰੂਲਾਂ ਵਿੱਚ ਵੀ ਅਮੈਂਡਮੈਂਟ ਦੀ ਲੋੜ ਹੈ। ਕਈ ਕੇਸਾਂ ਵਿੱਚ ਮਸਲਾ ਕੁਲੈਕਟਰ ਕੋਲ ਭੇਜਿਆ ਦਰਸਾਇਆ ਗਿਆ ਹੈ ਪ੍ਰੰਤੂ ਅਜਿਹੀ ਸਥਿਤੀ ਵੀ ਦੇਖੀ ਗਈ ਹੈ ਕਿ ਇਹ ਕੇਸ ਸਬੰਧਿਤ ਕੁਲੈਕਟਰ ਤੱਕ ਪਹੁੰਚਿਆ ਹੀ ਨਹੀਂ। ਕਮੇਟੀ ਨੇ ਅਜਿਹੀ ਰਿਪੋਰਟ ਵੀ ਵਿਭਾਗ ਤੋਂ ਇਕ ਮਹੀਨੇ ਦੇ ਅੰਦਰ ਅੰਦਰ ਮੰਗੀ ਹੈ। ਵਿੱਤ ਮੰਤਰੀ ਜੀ, ਇਸ ਤੇ ਤੁਹਾਡਾ ਦਖਲ ਦੇਣਾ ਬਣਦਾ ਹੈ। ਕਈ ਕੇਸਾਂ ਵਿੱਚ ਫੀਸ ਪੁਰਾਣੇ ਰੇਟਾਂ ਤੇ ਲਗਾਈ ਗਈ ਹੈ ਕਿਉਂਕਿ ਸਰਕਾਰ ਦੀਆਂ ਹਦਾਇਤਾਂ ਦਫ਼ਤਰਾਂ ਵਿਚ ਸਮੇਂ-ਸਿਰ ਪ੍ਰਾਪਤ ਨਹੀਂ ਹੁੰਦੀਆਂ, ਜਿਸ ਕਰਕੇ ਉਨ੍ਹਾਂ ਦੀ ਰਿਕਵਰੀ ਪੈਂਡਿੰਗ ਹੈ। ਇਸ ਸਬੰਧੀ ਸਰਕਾਰ ਨੂੰ ਕੋਈ ਮੈਕੇਨਿਜ਼ਮ ਬਣਾਉਣ ਦੀ ਲੋੜ ਹੈ ਕਿ ਜਿਹੜੀਆਂ ਵੀ ਵਿਭਾਗ ਦੁਆਰਾ ਇੰਸਟਰੱਕਸ਼ਨਜ਼ ਜਾਰੀ ਕੀਤੀਆਂ ਜਾਂਦੀਆਂ ਹਨ, ਉਹ ਤੁਰੰਤ ਹੇਠਲੇ ਦਫ਼ਤਰ ਤੱਕ ਪਹੁੰਚਣੀਆਂ ਚਾਹੀਦੀਆਂ ਹਨ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਦਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਦੇ ਰੈਵੀਨਿਊ ਅਰਨਿੰਗ ਡਿਪਾਰਟਮੈਂਟਾਂ ਵਿੱਚ ਸਟਾਫ ਦੀ ਕਮੀ ਹੈ। ਜਿਥੋਂ ਸਾਨੂੰ ਕਮਾਈ ਆਉਣੀ ਹੈ, ਜੇਕਰ ਉੱਥੇ ਸਟਾਫ

ਨਹੀਂ ਹੋਵੇਗਾ ਤਾਂ ਫਿਰ ਆਪਣਾ ਖਜ਼ਾਨਾ ਤਾਂ ਖਾਲੀ ਹੋਣਾ ਹੀ ਹੈ। ਸਪੀਕਰ ਸਾਹਿਬ, ਸਾਨੂੰ ਆਪਣਾ ਇੰਟਰਨਲ ਆਡਿਟ ਵੀ ਮਜ਼ਬੂਤ ਕਰਨਾ ਚਾਹੀਦਾ ਹੈ। ਕਮੇਟੀ ਨੇ ਮਹਿਸੂਸ ਕੀਤਾ ਹੈ ਕਿ ਅਜਿਹੀਆਂ ਇਰਰੈਗੂਲੈਰਟੀਜ਼ ਵਿਭਾਗਾਂ ਵਿਚ ਇੰਟਰਨਲ ਆਡਿਟ ਮੈਕੇਨਿਜ਼ਮ ਦੀ ਘਾਟ ਕਾਰਨ ਹੁੰਦੀਆਂ ਹਨ ਜੇਕਰ ਇੰਟਰਨਲ ਆਡਿਟ ਸਹੀ ਤਰੀਕੇ ਨਾਲ ਕੰਮ ਕਰੇ ਤਾਂ ਕਾਫੀ ਹੱਦ ਤੱਕ ਅਜਿਹੀਆਂ ਇਰਰੈਗੂਲੈਰਟੀਜ਼ ਨੂੰ ਟਾਲਿਆ ਜਾ ਸਕਦਾ ਹੈ ਅਤੇ ਸਰਕਾਰ ਦੇ ਵਿੱਤੀ ਨੁਕਸਾਨ ਨੂੰ ਵੀ ਰੋਕਿਆ ਜਾ ਸਕਦਾ ਹੈ। ਇਸ ਕਰਕੇ ਇੰਟਰਨਲ ਆਡਿਟ ਮੈਕੇਨਿਜ਼ਮ ਮਜ਼ਬੂਤ ਕੀਤਾ ਜਾਵੇ ਜੀ। ਬਹੁਤ-ਬਹੁਤ ਧੰਨਵਾਦ।

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ):** ਸਪੀਕਰ ਸਾਹਿਬ, can I make one observation for the House?

**Mr. Speaker:** Why not?

**ਵਿੱਤ ਮੰਤਰੀ:** ਸਪੀਕਰ ਸਾਹਿਬ, ਚੇਅਰਮੈਨ ਸਾਹਿਬ ਦਾ ਧੰਨਵਾਦ ਕਿ ਇਨ੍ਹਾਂ ਨੇ ਰਿਪੋਰਟਾਂ ਪੇਸ਼ ਕੀਤੀਆਂ ਹਨ। ਮੈਂ ਖੁਦ ਪੀ.ਏ.ਸੀ. ਦਾ ਦੋ ਮਰਤਬਾ ਚੇਅਰਮੈਨ ਰਿਹਾ ਹਾਂ। ਸਪੀਕਰ ਸਾਹਿਬ, ਮੈਨੂੰ ਇਸ ਗੱਲ ਦਾ ਫਿਕਰ ਤੇ ਖਦਸ਼ਾ ਹੈ ਕਿ ਸੰਵਿਧਾਨ ਵਿੱਚ ਇਕ ਤਰੀਕੇਕਾਰ ਹੈ; ਆਡੀਟਰ ਜਨਰਲ ਨੇ ਆਡਿਟ ਦੇ ਪੈਰੇ ਬਣਾ ਦਿੱਤੇ, ਹੁਣ ਉਨ੍ਹਾਂ ਆਡਿਟ ਪੈਰਿਆਂ ਤੇ ਐਕਸ਼ਨ ਪੀ.ਏ.ਸੀ. ਨੇ ਲੈਣਾ ਹੈ, ਵਿਧਾਨ ਸਭਾ ਨੇ ਲੈਣਾ ਹੈ। ਆਪਾਂ ਅੱਜ ਸਾਲ 2012-13 ਦੀਆਂ ਰਿਪੋਰਟਾਂ ਦੀ ਗੱਲ ਕਰ ਰਹੇ ਹਾਂ।ਇਸ ਵਿੱਚ ਕੁਝ ਪੈਰੇ ਸੈਟਲ ਹੋ ਜਾਂਦੇ ਹਨ ਪਰ ਕੁਝ grave offences ਵੀ ਆਉਂਦੇ ਹਨ। ਤੁਸੀਂ 2012-13 ਦੇ offences ਦੇਖ ਰਹੇ ਹੋ, ਜਿਹੜੇ ਅਫਸਰਾਂ ਨੇ ਕੀਤੇ ਹਨ, ਉਹ ਰਿਟਾਇਰ ਹੋ ਗਏ ਹਨ। ਸਪੀਕਰ ਸਾਹਿਬ, ਹੁਣ ਵਿਧਾਨ ਸਭਾ ਦੀ ਪੀ.ਏ.ਸੀ. ਤੁਹਾਡੀ ਰਹਿਨੁਮਾਈ ਹੇਠ ਕੋਈ ਯੋਗ/ਵਧੀਆ ਤਰੀਕਾਕਾਰ ਬਣਾਵੇ। ਜਿਸ ਵੇਲੇ ਮੈਂ ਪੀ.ਏ.ਸੀ. ਦਾ ਚੇਅਰਮੈਨ ਸੀ ਤਾਂ ਮੈਨੂੰ ਕਿਹਾ ਗਿਆ ਕਿ ਏਜੰਡੇ ਵਿੱਚ 20 ਪੈਰਿਆਂ ਤੋਂ ਵੱਧ Vidhan Sabha cannot handle ਪਰ ਜੇਕਰ ਕੋਈ ਕਹੇ ਕਿ ਮੈਂ 40 ਪੈਰੇ ਸੈਟਲ ਕਰਨੇ ਹਨ? ਸੋ, ਸਪੀਕਰ ਸਾਹਿਬ, ਤੁਹਾਡੀ ਮਾਰਫਤ ਕਮੇਟੀ ਨੂੰ ਮੇਰੀ ਗੁਜਾਰਿਸ਼ ਹੈ ਕਿ ਕਿਵੇਂ ਨਾ ਕਿਵੇਂ ਆਪਾਂ ਦੁੱਗਣੀ-ਚੌਗਣੀ ਮਿਹਨਤ ਕਰੀਏ ਔਰ ਜਿਹੜਾ 2012-13 ਤੋਂ ਬੈਕਲਾਗ ਚੱਲਿਆ ਆ ਰਿਹਾ ਹੈ, ਉਸ ਨੂੰ ਕਰੰਟ ਤੇ ਲਿਆਈਏ। So we must be current. ਇਸ ਵਾਸਤੇ I don't know ਜਾਂ ਤਾਂ ਕਮੇਟੀ ਦੇ ਮੈਂਬਰ ਵਧਾ ਦਿਓ ਪਰ ਕਿਵੇਂ ਨਾ ਕਿਵੇਂ ਇਹ 7-8 ਸਾਲ ਦਾ ਜਿਹੜਾ ਖਸਾਰਾ ਹੈ, ਇਸ ਨੂੰ ਤੁਸੀਂ ਕਰੰਟ ਤੇ ਲੈ ਕੇ ਆਓ। ਬਹੁਤ ਬਹੁਤ ਧੰਨਵਾਦ।

**Mr. Speaker:** Only then we can catch up.

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਸਪੀਕਰ ਸਾਹਿਬ, ਬਿਲਕੁਲ ਠੀਕ ਹੈ। ਕਮੇਟੀ ਵੱਲੋਂ ਮੇਰੀ ਗੁਜ਼ਾਰਿਸ਼ ਹੈ ਕਿ ਤੁਸੀਂ ਇਸ ਵਿਚ ਪਰਸਨਲੀ ਦਖਲ ਦਿਓ ਤਾਂ ਜੋ ਆਪਾਂ ਇਸ ਬੈਕਲਾਗ ਨੂੰ ਕਰੰਟ ਤੇ ਲਿਆ ਸਕੀਏ।

**ਮਾਨਯੋਗ ਸਪੀਕਰ:** ਇਸ ਤੇ ਵਿਚਾਰ ਕਰਾਂਗੇ।

-----

## OFFICIAL RESOLUTION REGARDING PROMOTION OF PUNJABI LANGUAGE

**ਮਾਨਯੋਗ ਸਪੀਕਰ:** ਸਰਦਾਰ ਚਰਨਜੀਤ ਸਿੰਘ ਚੰਨੀ, ਤਕਨੀਕੀ ਸਿੱਖਿਆ ਮੰਤਰੀ ਸਰਕਾਰੀ ਮਤਾ ਪੇਸ਼ ਕਰਨਗੇ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ (ਸਰਦਾਰ ਚਰਨਜੀਤ ਸਿੰਘ ਚੰਨੀ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

"ਕਿ ਇਹ ਸਦਨ ਪੰਜਾਬ ਦੀ ਮਾਤ-ਭਾਸ਼ਾ ਪੰਜਾਬੀ ਨੂੰ ਪ੍ਰਫੁੱਲਤ ਕਰਨ ਲਈ ਰਾਜ ਸਰਕਾਰ ਵਲੋਂ ਚੁੱਕੇ ਹਰ ਸਾਰਥਕ ਕਦਮ ਦਾ ਸਵਾਗਤ ਕਰਦਾ ਹੈ ਅਤੇ ਲੋਕ ਮਹੱਤਤਾ ਦੀ ਹਰ ਜਗ੍ਹਾ ਤੇ ਜਾਣਕਾਰੀ ਲਈ ਲਿਖੀਆਂ ਜਾਣ ਵਾਲੀਆਂ ਭਾਸ਼ਾਵਾਂ ਵਿਚੋਂ ਪੰਜਾਬੀ ਭਾਸ਼ਾ ਨੂੰ ਪਹਿਲਾ ਸਥਾਨ ਦੇਣ ਲਈ ਜਾਰੀ ਕੀਤੀ ਅਧਿਸੂਚਨਾ ਲਈ ਰਾਜ ਸਰਕਾਰ ਦੀ ਸ਼ਲਾਘਾ ਕਰਦਾ ਹੈ।

ਇਹ ਸਦਨ ਇਹ ਵੀ ਸਿਫਾਰਸ਼ ਕਰਦਾ ਹੈ ਕਿ ਰਾਜ ਸਰਕਾਰ ਕਿਸੇ ਵੀ ਵਿਅਕਤੀ ਜਾਂ ਅਦਾਰੇ ਵਲੋਂ ਪੰਜਾਬੀ ਭਾਸ਼ਾ ਦੇ ਪਸਾਰ ਵਿਰੁੱਧ ਕੀਤੇ ਜਾਣ ਵਾਲੇ ਕਿਸੇ ਤਰ੍ਹਾਂ ਦੇ ਕੰਮਾਂ ਜਾਂ ਕਦਮਾਂ ਨੂੰ ਰੋਕਣ ਲਈ ਲੋੜੀਂਦੇ ਕਾਨੂੰਨ ਸਮੇਤ ਯੋਗ ਪ੍ਰਬੰਧ ਕਰੇ।

ਇਹ ਸਦਨ ਇਹ ਵੀ ਸਿਫਾਰਸ਼ ਕਰਦਾ ਹੈ ਕਿ ਰਾਜ ਸਰਕਾਰ ਰਾਜ ਦੇ ਸਾਰੇ ਸਰਕਾਰੀ ਅਤੇ ਗੈਰ-ਸਰਕਾਰੀ ਵਿਦਿਅਕ ਅਦਾਰਿਆਂ ਵਿੱਚ ਪੰਜਾਬੀ ਭਾਸ਼ਾ ਨੂੰ ਦਸਵੀਂ ਜਮਾਤ ਤੱਕ ਜ਼ਰੂਰੀ ਵਿਸ਼ੇ ਵਜੋਂ ਪੜ੍ਹਾਉਣ ਲਈ ਜ਼ਰੂਰੀ ਕਦਮ ਚੁੱਕੇ।"

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

" ਕਿ ਇਹ ਸਦਨ ਪੰਜਾਬ ਦੀ ਮਾਤ-ਭਾਸ਼ਾ ਪੰਜਾਬੀ ਨੂੰ ਪ੍ਰਫੁੱਲਤ ਕਰਨ ਲਈ ਰਾਜ ਸਰਕਾਰ ਵਲੋਂ ਚੁੱਕੇ ਹਰ ਸਾਰਥਕ ਕਦਮ ਦਾ ਸਵਾਗਤ ਕਰਦਾ ਹੈ ਅਤੇ ਲੋਕ ਮਹੱਤਤਾ ਦੀ ਹਰ ਜਗ੍ਹਾ ਤੇ ਜਾਣਕਾਰੀ ਲਈ ਲਿਖੀਆਂ ਜਾਣ ਵਾਲੀਆਂ ਭਾਸ਼ਾਵਾਂ ਵਿਚੋਂ ਪੰਜਾਬੀ ਭਾਸ਼ਾ ਨੂੰ ਪਹਿਲਾ ਸਥਾਨ ਦੇਣ ਲਈ ਜਾਰੀ

[ਮਾਨਯੋਗ ਸਪੀਕਰ]

ਕੀਤੀ ਅਧਿਸੂਚਨਾ ਲਈ ਰਾਜ ਸਰਕਾਰ ਦੀ ਸ਼ਲਾਘਾ ਕਰਦਾ ਹੈ।

ਇਹ ਸਦਨ ਇਹ ਵੀ ਸਿਫਾਰਸ਼ ਕਰਦਾ ਹੈ ਕਿ ਰਾਜ ਸਰਕਾਰ ਕਿਸੇ ਵੀ ਵਿਅਕਤੀ ਜਾਂ ਅਦਾਰੇ ਵਲੋਂ ਪੰਜਾਬੀ ਭਾਸ਼ਾ ਦੇ ਪਸਾਰ ਵਿਰੁੱਧ ਕੀਤੇ ਜਾਣ ਵਾਲੇ ਕਿਸੇ ਤਰ੍ਹਾਂ ਦੇ ਕੰਮਾਂ ਜਾਂ ਕਦਮਾਂ ਨੂੰ ਰੋਕਣ ਲਈ ਲੋੜੀਂਦੇ ਕਾਨੂੰਨ ਸਮੇਤ ਯੋਗ ਪ੍ਰਬੰਧ ਕਰੇ।

ਇਹ ਸਦਨ ਇਹ ਵੀ ਸਿਫਾਰਸ਼ ਕਰਦਾ ਹੈ ਕਿ ਰਾਜ ਸਰਕਾਰ ਰਾਜ ਦੇ ਸਾਰੇ ਸਰਕਾਰੀ ਅਤੇ ਗੈਰ-ਸਰਕਾਰੀ ਵਿਦਿਅਕ ਅਦਾਰਿਆਂ ਵਿੱਚ ਪੰਜਾਬੀ ਭਾਸ਼ਾ ਨੂੰ ਦਸਵੀਂ ਜਮਾਤ ਤੱਕ ਜ਼ਰੂਰੀ ਵਿਸ਼ੇ ਵਜੋਂ ਪੜ੍ਹਾਉਣ ਲਈ ਜ਼ਰੂਰੀ ਕਦਮ ਚੁੱਕੇ।"

**ਮਾਨਯੋਗ ਸਪੀਕਰ:** ਬਹਿਸ। ਹਾਂ ਜੀ, ਚੰਨੀ ਜੀ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ (ਸਰਦਾਰ ਚਰਨਜੀਤ ਸਿੰਘ ਚੰਨੀ):** ਸਪੀਕਰ ਸਾਹਿਬ, ਮੈਂ ਧੰਨਵਾਦੀ ਹਾਂ ਕਿ ਤੁਸੀਂ ਪੰਜਾਬੀ ਭਾਸ਼ਾ ਦੇ ਪਸਾਰ ਲਈ ਅਤੇ ਇਸ ਭਾਸ਼ਾ ਦਾ ਪਸਾਰ ਨਾ ਰੁਕੇ, ਉਸ ਦੀ ਰਾਖੀ ਲਈ ਇਹ ਮਤਾ ਪੇਸ਼ ਕਰਨ ਦਾ ਮੌਕਾ ਦਿੱਤਾ ਹੈ। ਕਹਿੰਦੇ ਹਨ "ੳ,ਅ,ੲ,ਸ,ਹ ਬੋਲਣਾ, ਕਦੇ ਨਾ ਡੋਲਣਾ, 'ੳ' ਨਾਲ ਓਂਕਾਰ, 'ਅ' ਨਾਲ ਅੱਲ੍ਹਾ, 'ੲ' ਨਾਲ ਈਸ਼ਵਰ ਸਦਾ ਹੀ ਬੋਲਣਾ।" ਪੰਜਾਬੀ ਜ਼ਿੰਦਾ ਰਹੇਗੀ ਤਾਂ ਪੰਜਾਬੀ ਜ਼ਿੰਦਾ ਰਹਿਣਗੇ। ਸਪੀਕਰ ਸਾਹਿਬ, ਇਹ ਮਤਾ ਇਸ ਕਰਕੇ ਲਿਆਂਦਾ ਗਿਆ ਹੈ ਤਾਂ ਕਿ ਸਦਨ ਵਿੱਚ ਇਕਮਤ ਹੋ ਕੇ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਤ ਕਰਨ ਲਈ ਯੋਗ ਕਦਮ ਚੁੱਕੇ ਜਾਣ ਅਤੇ ਸਰਕਾਰ ਹੋਰ ਜ਼ੋਰ ਦੇ ਨਾਲ ਪੰਜਾਬੀ ਭਾਸ਼ਾ ਨੂੰ ਲਾਗੂ ਕਰਨ ਵਿੱਚ ਸਾਰਥਕ ਕਦਮ ਚੁੱਕੇ। ਸਪੀਕਰ ਸਾਹਿਬ, ਪੂਰੀ ਦੁਨੀਆ ਦੇ ਵਿੱਚ ਲਗਭਗ 7000 ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਪੰਜਾਬੀ ਬੋਲੀ ਦਾ ਸਥਾਨ 7000 ਬੋਲੀਆਂ ਵਿੱਚੋਂ 10ਵਾਂ ਹੈ। ਅਸੀਂ ਪੰਜਾਬੀ ਬੋਲਣ ਵਾਲੇ ਦੁਨੀਆ ਦੇ ਵਿੱਚ ਬਹੁਤ ਵੱਡਾ ਸਥਾਨ ਰੱਖਦੇ ਹਾਂ। ਯੂ.ਐਨ.ਓ. ਦੀ ਰਿਪੋਰਟ ਦੇ ਮੁਤਾਬਿਕ ਦੁਨੀਆ ਵਿੱਚ ਪੰਜਾਬੀ ਬੋਲਣ ਵਾਲੇ ਲੋਕਾਂ ਦੀ ਗਿਣਤੀ 12ਵੇਂ ਨੰਬਰ ਤੇ ਹੈ। (ਥੰਪਿੰਗ)16 ਕਰੋੜ ਲੋਕ ਪੰਜਾਬੀ ਬੋਲਦੇ ਹਨ। 150 ਦੇਸ਼ਾਂ ਦੇ ਵਿੱਚ ਪੰਜਾਬੀ ਬੈਠੇ ਹਨ, ਜਿੱਥੇ ਉਹ ਪੰਜਾਬੀ ਬੋਲਦੇ ਹਨ। ਸਪੀਕਰ ਸਾਹਿਬ, ਪੰਜਾਬੀ ਨੂੰ ਦੋ ਵੱਡੀਆਂ ਮਾਰਾਂ ਪੈ ਗਈਆਂ। ਇੱਕ ਤਾਂ ਦੇਸ਼ ਦੀ ਵੰਡ ਹੋਈ ਅਤੇ ਇਕ ਪੰਜਾਬ ਵੱਖਰਾ ਹੋ ਗਿਆ, ਪੰਜਾਬੀ ਵੰਡੀ ਗਈ। ਉਸ ਤੋਂ ਬਾਅਦ ਸੂਬੇ ਦੀ ਵੰਡ ਹੋਈ। ਪੰਜਾਬੀ ਬੋਲਦੇ ਇਲਾਕੇ ਦੀ ਡਿਮਾਂਡ ਆ ਗਈ। ਉਸ ਦੇ ਨਾਲ ਵੀ ਪੰਜਾਬੀ ਬੋਲੀ ਵੰਡੀ ਗਈ। ਹਰਿਆਣਾ, ਹਿਮਾਚਲ ਅਤੇ ਚੰਡੀਗੜ੍ਹ ਵਿੱਚ ਵੀ ਹਾਲਾਂਕਿ ਪੰਜਾਬੀ ਬੋਲੀ ਜਾਂਦੀ ਸੀ, ਪੰਜਾਬ ਹੀ ਸੀ ਲੇਕਿਨ ਇਥੇ ਬੜੀ ਮਾਰ ਪਈ ਜਿਸ ਦੇ ਨਾਲ ਪੰਜਾਬੀ ਦਾ ਨੁਕਸਾਨ ਹੋਇਆ।

* 4.07 ਵਜੇ ਬਾਅਦ ਦੁਪਹਿਰ (*ਇਸ ਸਮੇਂ ਸਰਦਾਰ ਹਰਪ੍ਰਤਾਪ ਸਿੰਘ, ਮੈਂਬਰ, ਪੈਨਲ ਆਫ ਚੇਅਰਮੈਨ ਨੇ ਸਦਨ ਦੀ ਕੁਰਸੀ ਸੰਭਾਲੀ।)

ਮਾਨਯੋਗ ਚੇਅਰਮੈਨ ਸਾਹਿਬ, ਮੈਂ ਮਾਂ-ਬੋਲੀ ਸਬੰਧੀ ਕੁਝ ਸਤਰਾਂ ਕਹਿਣੀਆਂ ਚਾਹੁੰਦਾ ਹਾਂ:-

*''ਮਾਂ ਬੋਲੀ ਦਾ ਰਿਸ਼ਤਾ ਗੂੜਾ, ਮਿੱਠੜਾ ਬੇਹਿਸਾਬੀ,*
*ਪੰਜਾਬ ਮੇਰੇ ਦੀ ਰਾਣੀ ਬੋਲੀ ਵੱਖਰੇ ਠਾਠ ਨਵਾਬੀ,*
*ਇਹ ਤਾਂ ਸਾਰੀ ਰੂਹ ਦੀ ਭਾਸ਼ਾ ਕੋਈ ਨਹੀਂ*
*ਕਿਤਾਬੀ, ਜੋ ਮਾਂ ਬੋਲੀ ਨੂੰ ਮਾਣ ਨਾ ਦਿੰਦਾ,*
*ਕਾਹਦਾ ਉਹ ਪੰਜਾਬੀ।''*

ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਮਾਂ ਬੋਲੀ ਨੂੰ ਪੂਰਾ ਮਾਣ-ਸਤਿਕਾਰ ਦੇਈਏ ਤੇ ਸਾਡੀ ਸਦੀਵੀ ਇਹੀ ਬੋਲੀ ਰਹੇ। ਇਹ ਸਾਡੇ ਗੁਰੂ ਜੀ ਦੀ ਵੀ ਬੋਲੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਣੀ ਪੰਜਾਬੀ ਵਿੱਚ ਉਚਾਰੀ। ਬਾਬਾ ਫਰੀਦ ਜੀ ਦੀ ਬਾਣੀ ਪੰਜਾਬੀ ਦੇ ਵਿੱਚ ਹੈ। ਭਗਤਾਂ, ਗੁਰੂਆਂ, ਪੀਰਾਂ, ਫਕੀਰਾਂ ਦੀ ਬਾਣੀ ਪੰਜਾਬੀ ਦੇ ਵਿੱਚ ਹੈ, ਇਹ ਸਾਡੇ ਗੁਰੂ ਜੀ ਦੀ ਬਾਣੀ ਵੀ ਹੈ। ਜੇ ਅਸੀਂ ਪੰਜਾਬੀ ਨੂੰ ਵਿਸਾਰ ਦਿਆਂਗੇ, ਪੰਜਾਬੀ ਨੂੰ ਭੁੱਲ ਜਾਵਾਂਗੇ ਤਾਂ ਜਿਸ ਤਰ੍ਹਾਂ ਦਾ ਮਾਹੌਲ ਅੱਜ ਬਣਦਾ ਜਾ ਰਿਹਾ ਹੈ, ਯੂ.ਐਨ.ਓ. ਦੀ ਰਿਪੋਰਟ ਹੈ ਕਿ 7000 ਵਿੱਚੋਂ 2000 ਭਾਸ਼ਾਵਾਂ ਅਜਿਹੀਆਂ ਹਨ ਜਿਹੜੀਆਂ ਆਉਣ ਵਾਲੇ 100 ਸਾਲ ਦੇ ਵਿੱਚ ਖਤਮ ਹੋ ਜਾਣਗੀਆਂ। ਉਨ੍ਹਾਂ ਦੇ ਵਿੱਚ ਬਦਕਿਸਮਤੀ ਦੇ ਨਾਲ ਪੰਜਾਬੀ ਵੀ ਆ ਰਹੀ ਹੈ। ਜੇ ਪਰਿਵਾਰਾਂ ਦੇ ਵਿੱਚ ਪੰਜਾਬੀ ਭਾਸ਼ਾ ਨੂੰ ਛੱਡਣ ਵਾਲੀ ਸਾਡੀ ਇਹੀ ਰਫਤਾਰ ਰਹੀ ਤਾਂ ਆਉਣ ਵਾਲੇ ਸਮੇਂ ਵਿੱਚ ਪੰਜਾਬੀ ਭਾਸ਼ਾ ਖਤਮ ਹੋ ਜਾਏਗੀ। ਚੇਅਰਮੈਨ ਸਾਹਿਬ, ਪਿਛਲੇ ਦਿਨਾਂ ਵਿੱਚ ਕਈ ਲੋਕਾਂ ਨੇ ਮੈਨੂੰ ਕਿਹਾ ਕਿ ਅੰਗਰੇਜ਼ੀ ਤੋਂ ਬਿਨਾਂ ਤਾਂ ਕੁਝ ਨਹੀਂ ਹੋ ਸਕਦਾ। ਮੈਂ ਕਹਿੰਦਾ ਹਾਂ ਕਿ ਅੰਗਰੇਜ਼ੀ ਵੀ ਸਿੱਖੋ, ਹਰ ਬੋਲੀ ਸਿੱਖਣੀ ਚਾਹੀਦੀ ਹੈ ਪਰ ਪੱਕੀ ਵੇਖ ਕੇ ਕੱਚੀ ਨਹੀਂ ਢਾਹੀਦੀ। ਮੈਂ ਪਿਛੇ ਜਿਹੇ ਸਾਊਥ ਕੋਰੀਆ ਗਿਆ ਸੀ, ਤੁਸੀਂ ਹੈਰਾਨ ਹੋਵੋਗੇ ਕਿ ਉਥੇ ਕੋਈ ਅੰਗਰੇਜ਼ੀ ਹੀ ਨਹੀਂ ਬੋਲਦਾ।

*4.10 ਵਜੇ ਬਾਅਦ ਦੁਪਹਿਰ) (*ਇਸ ਸਮੇਂ ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਅਸੀਂ ਇੱਥੇ ਜਿੰਨੇ ਵੀ ਲੋਕ ਵਿਧਾਨ ਸਭਾ ਵਿੱਚ ਬੈਠੇ ਹਾਂ, ਸਾਰਿਆਂ ਦੇ ਹੱਥ ਵਿੱਚ ਸਾਊਥ ਕੋਰੀਆ ਦੇ ਬਣੇ ਹੋਏ ਮੋਬਾਈਲ ਹਨ। ਸਾਡੇ ਵਿੱਚੋਂ ਜ਼ਿਆਦਾਤਰ ਲੋਕ ਇੱਥੇ ਤੱਕ ਸਾਊਥ ਕੋਰੀਆ ਦੀਆਂ ਗੱਡੀਆਂ ਵਿੱਚ ਆਏ ਹਨ। ਜ਼ਿਆਦਾਤਰ ਦੇ ਘਰ ਟੀ.ਵੀ., ਫਰਿੱਜ ਸਾਊਥ ਕੋਰੀਆ ਦੇ ਬਣੇ ਹੋਏ ਹਨ। ਇਸ ਦੇਸ਼ ਨੇ ਬਿਨਾ ਅੰਗਰੇਜ਼ੀ

ਤੋਂ ਇੰਨੀ ਉਨੱਤੀ ਕੀਤੀ ਹੈ। ਮੈਂ ਉੱਥੇ 10 ਦਿਨ ਰਹਿ ਕੇ ਆਇਆ ਹਾਂ, ਮੈਂ ਜਦੋਂ ਕਿਸੇ ਦੁਕਾਨ ਤੇ ਜਾ ਕੇ ਅੰਗਰੇਜ਼ੀ ਵਿੱਚ ਬੋਲਦਾ ਸੀ ਤਾਂ ਉਹ ਮੇਰੇ ਵੱਲ ਘਿਰਣਾ ਨਾਲ ਦੇਖਦੇ ਸਨ ਪਰ ਗੱਲ ਕਰਨ ਦਾ ਹੋਰ ਕੋਈ ਮਾਧਿਅਮ ਨਹੀਂ ਸੀ। ਉੱਥੇ 10 ਕੁ ਦਿਨਾਂ ਵਿੱਚ ਮੈਂ ਹਮਸਾ ਹਮੀਰਾ ਕਹਿਣਾ ਸਿੱਖਿਆ, ਉਨ੍ਹਾਂ ਦੀਆਂ ਕੁਝ ਗੱਲਾਂ ਸਿੱਖੀਆਂ ਲੇਕਿਨ ਇੰਨੀ ਬੋਲੀ ਤਾਂ ਸਿੱਖ ਨਹੀਂ ਸੀ ਸਕਦਾ। ਮੇਰੇ ਪਾਸ ਇੰਪਲਾਇਮੈਂਟ ਜੈਨਰੇਸ਼ਨ ਦਾ ਵਿਭਾਗ ਹੈ। ਮੇਰੇ ਕੋਲ ਸਾਊਥ ਕੋਰੀਆ ਦੇ ਬੰਦੇ ਆਏ, ਉਹ ਕਹਿੰਦੇ ਕਿ ਸਾਨੂੰ 10,000 ਨੌਕਰ ਚਾਹੀਦੇ ਹਨ, ਇੱਥੋਂ ਨੌਕਰੀ ਵਾਸਤੇ ਮੁੰਡੇ ਲੈ ਕੇ ਜਾਣੇ ਹਨ। ਮੈਂ ਕਿਹਾ ਕਿ ਬਹੁਤ ਖੁਸ਼ੀ ਦੀ ਗੱਲ ਹੈ, ਲੈ ਜਾਉ, ਅਸੀਂ ਤੁਹਾਨੂੰ ਆਪ ਪ੍ਰੋਵਾਈਡ ਕਰ ਦੇਵਾਂਗੇ। ਉਹ ਕਹਿੰਦੇ ਕਿ ਸਾਡੀ ਪਹਿਲੀ ਕੰਡੀਸ਼ਨ ਇਹ ਹੈ ਕਿ ਉਨ੍ਹਾਂ ਨੂੰ ਸਾਡੀ ਬੋਲੀ ਆਉਣੀ ਚਾਹੀਦੀ ਹੈ। ਅਸੀਂ ਉਨ੍ਹਾਂ ਨੂੰ ਪਹਿਲਾਂ 6 ਮਹੀਨੇ ਆਪਣੀ ਬੋਲੀ ਸਿਖਾਵਾਂਗੇ, ਫਿਰ ਲੈ ਕੇ ਜਾਵਾਂਗੇ। ਅਸੀਂ ਕਹਿੰਦੇ ਹਾਂ ਕਿ ਅੰਗਰੇਜ਼ੀ ਸਿੱਖ ਲਉ, ਪੰਜਾਬੀ ਛੱਡੋ, ਫਿਰ ਸਾਡਾ ਮੁੰਡਾ ਬਾਹਰ ਜਾਵੇਗਾ। ਮੈਂ ਕਹਿੰਦਾ ਹਾਂ ਕਿ ਹਰ ਬੋਲੀ ਸਿੱਖਣੀ ਚਾਹੀਦੀ ਹੈ, ਹਰ ਬੋਲੀ ਵਿੱਚ ਮੁਹਾਰਤ ਹੋਵੇ ਲੇਕਿਨ ਪੰਜਾਬੀ ਨਹੀਂ ਛੱਡਣੀ ਚਾਹੀਦੀ। 21 ਤਰੀਕ ਨੂੰ ਇੰਟਰਨੈਸ਼ਨਲ ਲੈਂਗੂਏਜ ਡੇਅ ਮਨਾਇਆ ਗਿਆ। ਸਾਲ 1999 ਵਿੱਚ ਯੂ.ਐਨ.ਓ. ਨੇ ਇੱਕ ਪ੍ਰੋਗਰਾਮ ਸ਼ੁਰੂ ਕੀਤਾ ਸੀ ਤਾਂ ਕਿ ਕਿਸੇ ਦੀ ਮਦਰ ਲੈਂਗੂਏਜ ਨਾ ਮਰ ਜਾਵੇ, ਲੈਂਗੂਏਜ ਦੀ ਪ੍ਰਫੁੱਲਤਾ ਅਤੇ ਸੱਭਿਆਚਾਰ ਦੀ ਪ੍ਰਫੁੱਲਤਾ ਲਈ ਇਹ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਸੀ। ਬੰਗਾਲੀ ਬੋਲੀ ਵਾਲਿਆਂ ਨੇ ਇਹ ਐਜੀਟੇਸ਼ਨ ਸ਼ੁਰੂ ਕੀਤਾ ਸੀ। ਜਦੋਂ ਇਸ ਵਾਰ ਇਹ ਦਿਨ ਆਇਆ, ਮੇਰੇ ਪਾਸ ਸੱਭਿਆਚਾਰਕ ਮਾਮਲੇ ਵਿਭਾਗ ਹੈ, ਮੈਂ ਸਰਦਾਰ ਤ੍ਰਿਪਤਰਜਿੰਦਰ ਸਿੰਘ ਬਾਜਵਾ ਜੀ ਨਾਲ ਵੀ ਗੱਲ ਕੀਤੀ, ਖਾਸ ਤੌਰ ਤੇ ਮੁੱਖ ਮੰਤਰੀ ਜੀ ਨੇ ਇੱਛਾ ਜ਼ਾਹਰ ਕੀਤੀ ਕਿ ਪੰਜਾਬੀ ਵਾਸਤੇ ਕੰਮ ਕੀਤਾ ਜਾਵੇ। ਅਸੀਂ ਹੁਣ ਇੱਕ ਹਫਤਾ ਪੰਜਾਬੀ ਬੋਲੀ ਦਾ ਦਿਵਸ ਮਨਾ ਕੇ ਹਟੇ ਹਾਂ। ਪਟਿਆਲਾ ਵਿੱਚ ਵੱਡੇ ਪ੍ਰੋਗਰਾਮ ਹੋਏ। ਪੰਜਾਬੀ ਦੇ ਕੰਮ ਕਰਨ ਵਾਲਿਆਂ ਨੂੰ ਸਨਮਾਨਤ ਕੀਤਾ ਹੈ। ਚੰਡੀਗੜ੍ਹ ਵਿੱਚ ਵੀ ਪ੍ਰੋਗਰਾਮ ਹੋਏ ਹਨ। ਜਲੰਧਰ ਵਿੱਚ ਪ੍ਰੋਗਰਾਮ ਹੋਏ ਹਨ, ਅੰਮ੍ਰਿਤਸਰ ਵਿੱਚ ਸੈਮੀਨਾਰ ਹੋਇਆ ਹੈ। ਹੁਣ ਅਸੀਂ 17-18 ਮਾਰਚ ਨੂੰ ਇੱਕ ਪੰਜਾਬੀ ਫਿਲਮ ਫੈਸਟੀਵਲ ਕਰਵਾਉਣ ਜਾ ਰਹੇ ਹਾਂ, ਜਿਸ ਨਾਲ ਪੰਜਾਬੀ ਫਿਲਮਾਂ ਵੀ ਪ੍ਰੋਮੋਟ ਹੋਣਗੀਆਂ। ਹੁਣ ਕਾਫੀ ਵੱਡੇ ਲੈਵਲ ਸਬੰਧੀ ਪੰਜਾਬੀ ਫਿਲਮਾਂ ਆ ਰਹੀਆਂ ਹਨ ਅਤੇ ਅਸੀਂ ਉਸ ਵਿੱਚ ਪੰਜਾਬੀ ਬੋਲੀ ਸਬੰਧੀ ਫਿਲਮਾਂ ਲੈ ਕੇ ਆ ਰਹੇ ਹਾਂ। ਪੰਜਾਬੀ ਵਿੱਚ ਬਹੁਤ ਵੱਡੇ-ਵੱਡੇ ਸ਼ਾਇਰ ਹੋਏ ਹਨ। ਬਾਬਾ ਫਰੀਦ ਜੀ ਨੇ 11ਵੀਂ ਸਦੀ ਵਿੱਚ, ਉਸ ਤੋਂ ਬਾਅਦ ਸ੍ਰੀ ਗੁਰੂ ਨਾਨਕ ਸਾਹਿਬ ਨੇ, ਸ੍ਰੀ ਗੁਰੂ ਅਮਰਦਾਸ ਜੀ ਨੇ, ਸ੍ਰੀ ਗੁਰੂ ਰਾਮਦਾਸ ਜੀ ਨੇ, ਸ੍ਰੀ ਗੁਰੂ ਅਰਜਨ ਦੇਵ ਜੀ ਨੇ, ਭਾਈ ਗੁਰਦਾਸ ਜੀ ਨੇ, ਸ੍ਰੀ ਗੁਰੂ ਤੇਗ ਬਹਾਦਰ ਜੀ ਨੇ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ, ਦਮੋਦਰ ਜੀ ਨੇ, ਸ਼ਾਹ ਹੁਸੈਨ ਜੀ ਨੇ, ਸੁਲਤਾਨ ਬਾਹੂ ਨੇ, ਬੁੱਲ੍ਹੇ ਸ਼ਾਹ,

ਵਾਰਸ ਸ਼ਾਹ, ਸ਼ਾਹ ਮੁਹੰਮਦ, ਭਾਈ ਵੀਰ ਸਿੰਘ ਜੀ, ਅੰਮ੍ਰਿਤਾ ਪ੍ਰੀਤਮ, ਸ਼ਿਵ ਕੁਮਾਰ ਬਟਾਲਵੀ, ਪਾਸ਼ ਅਤੇ ਸਾਡੇ ਅੱਜ ਦੇ ਸਮੇਂ ਦੇ ਡਾ. ਸੁਰਜੀਤ ਪਾਤਰ ਜੀ ਨੇ ਪੰਜਾਬੀ ਵਿੱਚ ਬਹੁਤ ਵੱਡਾ ਕੰਮ ਕੀਤਾ ਹੈ ਜਿਹੜਾ ਕਿ ਸ਼ਲਾਘਾਯੋਗ ਹੈ। ਮੈਂ ਡਾ. ਸੁਰਜੀਤ ਪਾਤਰ ਜੀ ਦੀਆਂ ਚਾਰ ਸਤਰਾਂ ਸੁਣਾਉਣਾ ਚਾਹੁੰਦਾ ਹਾਂ:-

*ਚੀਂ ਚੀਂ ਕਰਦੀਆਂ ਚਿੜੀਆਂ ਦਾ, ਕਲ ਕਲ ਕਰਦੀਆਂ ਨਦੀਆਂ ਦਾ,*
*ਸ਼ਾਂ ਸ਼ਾਂ ਕਰਦੇ ਬਿਰਖਾਂ ਦਾ ਆਪਣਾ ਹੀ ਤਰਾਨਾ ਹੁੰਦਾ ਹੈ,*
*ਮੈਂ ਸੁਣਿਆ ਇਸ ਧਰਤੀ ਤੇ ਇੱਕ ਅਜਿਹਾ ਦੇਸ਼ ਵੀ ਹੈ,*
*ਜਿੱਥੇ ਬੱਚਿਆਂ ਨੂੰ ਆਪਣੀ ਹੀ ਮਾਂ ਬੋਲੀ ਬੋਲਣ ਤੇ ਜੁਰਮਾਨਾ ਹੁੰਦਾ ਹੈ।*

ਡਿਪਟੀ ਸਪੀਕਰ ਸਾਹਿਬ, ਸਾਡੇ ਪੰਜਾਬ ਦੇ ਹੀ ਸਕੂਲਾਂ ਵਿੱਚ ਕਈ ਸਕੂਲਾਂ ਵਾਲੇ ਪੰਜਾਬੀ ਬੋਲਣ ਤੇ ਜੁਰਮਾਨਾ ਕਰਦੇ ਹਨ, ਮੈਂ ਇਸ ਕਰਕੇ ਇਹ ਮਤਾ ਲੈ ਕੇ ਆਇਆ ਹਾਂ। ਇਹ ਵੀ ਇੱਕ ਕਾਰਨ ਹੈ ਕਿ ਉਨ੍ਹਾਂ ਨੂੰ ਰੋਕਿਆ ਜਾਵੇ, ਉਨ੍ਹਾਂ ਨੂੰ ਕੋਈ ਸਜ਼ਾ ਦਿੱਤੀ ਜਾਵੇ। ਕਈ ਸੱਜਣ ਕਹਿਣਗੇ ਕਿ ਤੁਹਾਡੀ ਸਰਕਾਰ ਹੈ, ਸਜ਼ਾ ਦੇ ਦਿਉ ਲੇਕਿਨ ਮੈਂ ਇਹ ਮਤਾ ਇਸ ਕਰਕੇ ਲੈ ਕੇ ਆਇਆ ਹਾਂ ਕਿ ਸਾਰਿਆਂ ਦਾ ਇੱਕ ਮੱਤ ਬਣੇ। ਪੰਜਾਬ ਵਿੱਚ ਇੱਕ ਮਾਹੌਲ ਸਿਰਜਿਆ ਜਾਵੇ ਕਿ ਮਾਵਾਂ ਪੰਜਾਬੀ ਬੱਚੇ ਪੈਦਾ ਕਰਨ। ਮਾਂ ਨੇ ਆਪਣੇ ਬੱਚੇ ਨੂੰ ਬੋਲੀ ਦੇਣੀ ਹੈ, ਮਾਂ ਨੇ ਸੰਸਕਾਰ ਦੇਣੇ ਹਨ। ਮਾਂ ਨੇ ਉਸ ਨੂੰ ਪਿਆਰ ਸਿਖਾਉਣਾ ਹੈ। ਮਾਂ ਜਿਹੜੀ ਵੀ ਬੋਲੀ ਸਿਖਾਵੇਗੀ, ਉਹ ਉਸ ਦੀ ਮਾਂ ਬੋਲੀ ਬਣ ਜਾਵੇਗੀ। ਕਈ ਮਾਵਾਂ ਪੰਜਾਬ ਵਿੱਚ ਵੀ ਦੂਸਰੀਆਂ ਬੋਲੀਆਂ ਬੋਲਣਾ ਪਸੰਦ ਕਰਦੀਆਂ ਹਨ। ਡਿਪਟੀ ਸਪੀਕਰ ਸਾਹਿਬ, ਇਹ ਇੱਕ ਹੋੜ ਜਿਹੀ ਲੱਗ ਗਈ ਹੈ ਕਿ ਜਿਹੜਾ ਅੰਗਰੇਜ਼ੀ ਬੋਲਦਾ ਹੈ, ਉਹ ਹੀ ਪੜ੍ਹਿਆ-ਲਿਖਿਆ ਹੈ। (ਵਿਘਨ)

**ਮਾਨਯੋਗ ਡਿਪਟੀ ਸਪੀਕਰ:** ਪਲੀਜ਼, ਸੁਣੋ ਜੀ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਮੈਂ ਖਾਲਸਾ ਸਕੂਲ, ਖਰੜ ਵਿੱਚ ਪੜ੍ਹਿਆ ਹਾਂ। ਜਦ ਮੈਂ ਕਾਲਜ ਵਿੱਚ ਗਿਆ ਤਾਂ ਮੇਰੇ ਨਾਲ ਦੇ ਵਿਦਿਆਰਥੀ ਅੰਗਰੇਜ਼ੀ ਬੋਲਦੇ ਸੀ ਤੇ ਮੈਂ ਪੰਜਾਬੀ ਬੋਲਣ ਵਾਲਾ ਬੰਦਾ ਸੀ। ਮੈਂ ਸਮਝਿਆ ਕਿ ਇਹ ਬੱਚੇ ਕਿਤੇ ਜ਼ਿਆਦਾ ਇੰਟੈਲੀਜੈਂਟ ਹੋਣਗੇ। ਡਿਪਟੀ ਸਪੀਕਰ ਸਾਹਿਬ, ਇਹ ਗੱਲ ਨਹੀਂ ਹੁੰਦੀ ਬਲਕਿ ਗੱਲ ਤਾਂ ਇਹ ਹੈ ਕਿ ਆਪਣੀ ਮਾਂ ਬੋਲੀ ਵਿੱਚ ਜੋ ਕੁਝ ਸਿੱਖਿਆ ਜਾ ਸਕਦਾ ਹੈ, ਉਹ ਦੂਸਰੀਆਂ ਬੋਲੀਆਂ ਵਿੱਚ ਨਹੀਂ ਸਿੱਖਿਆ ਜਾ ਸਕਦਾ। ਨੈਲਸਨ ਮੰਡੇਲਾ ਜੀ ਨੇ ਇਹ ਗੱਲ ਕਹੀ ਹੈ ਕਿ ਤੁਸੀਂ ਜਦੋਂ ਕਿਸੇ ਨਾਲ ਗੱਲ ਕਰਦੇ ਹੋ ਤਾਂ ਜਿਹੜੀ ਉਹ ਜ਼ੁਬਾਨ ਸਮਝਦਾ ਹੈ, ਜੇ ਤੁਸੀਂ ਉਸ ਜ਼ੁਬਾਨ ਵਿੱਚ ਗੱਲ ਕਰਦੇ ਹੋ ਤਾਂ ਗੱਲ ਉਸ ਦੇ ਦਿਮਾਗ ਵਿੱਚ ਜਾਂਦੀ ਹੈ ਅਤੇ ਜੇ ਤੁਸੀਂ ਉਸ ਦੀ ਮਾਂ ਬੋਲੀ ਵਿੱਚ ਗੱਲ ਕਰਦੇ ਹੋ ਤਾਂ ਉਹ ਗੱਲ ਸਿੱਧੀ ਉਸ ਦੇ ਦਿਲ ਵਿੱਚ ਜਾਂਦੀ ਹੈ। ਅਸੀਂ ਸੈਰ ਕਰਦੇ ਹੋਏ ਜਾਂ ਬੈਠੇ ਹੋਏ ਜਦੋਂ ਆਪਣੇ-ਆਪ ਨਾਲ ਗੱਲਾਂ ਕਰਦੇ

[ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ]

ਹਾਂ ਜਾਂ ਦਿਮਾਗ ਵਿੱਚ ਕੁਝ-ਨਾ-ਕੁਝ ਚਲਦਾ ਰਹਿੰਦਾ ਹੈ ਤਾਂ ਅਸੀਂ ਆਪਣੇ-ਆਪ ਨਾਲ ਪੰਜਾਬੀ ਵਿੱਚ ਜਾਂ ਆਪਣੀ ਮਾਂ ਬੋਲੀ ਵਿੱਚ ਗੱਲਾਂ ਕਰਦੇ ਹਾਂ ਲੇਕਿਨ ਜਦੋਂ ਅਸੀਂ ਕਿਸੇ ਹੋਰ ਨਾਲ ਗੱਲਾਂ ਕਰਦੇ ਹਾਂ ਤਾਂ ਕਈ ਵਾਰੀ ਅੰਗਰੇਜ਼ੀ ਬੋਲ ਕੇ ਦਿਖਾਉਣ ਲੱਗ ਜਾਂਦੇ ਹਾਂ। ਹਾਲਾਂਕਿ ਤੁਸੀਂ ਆਪਣੀ ਗੱਲ ਪੰਜਾਬੀ ਵਿੱਚ ਜ਼ਿਆਦਾ ਅੱਛੇ ਤਰੀਕੇ ਨਾਲ ਕਨਵੇਅ ਕਰ ਸਕਦੇ ਹੋ। ਮੇਰੇ ਕਈ ਸਾਥੀ ਇਸ ਗੱਲ ਨਾਲ ਸਹਿਮਤ ਹਨ ਲੇਕਿਨ ਪੰਜਾਬੀ ਬੋਲੀ ਨੂੰ, ਪੰਜਾਬੀ ਸੱਭਿਆਚਾਰ ਨੂੰ ਨਰੋਆ ਔਰ ਤਕੜਾ ਰੱਖਣਾ ਸਾਡੀ ਜ਼ਿੰਮੇਵਾਰੀ ਬਣਦੀ ਹੈ। ਡਿਪਟੀ ਸਪੀਕਰ ਸਾਹਿਬ, ਕੋਇਲ ਕਿੰਨੇ ਸੋਹਣੇ ਗੀਤ ਗਾਉਂਦੀ ਹੈ, ਅਜ਼ਾਦ ਰਹਿੰਦੀ ਹੈ, ਆਪਣੀ ਬੋਲੀ ਬੋਲਦੀ ਹੈ ਤੇ ਤੋਤਾ ਦੂਸਰਿਆਂ ਦੀ ਬੋਲੀ ਬੋਲਦਾ ਹੈ ਤਾਂ ਪਿੰਜਰੇ ਵਿੱਚ ਪੈ ਜਾਂਦਾ ਹੈ। (ਥੰਪਿੰਗ) ਇਸ ਲਈ ਮੈਂ ਪੰਜਾਬੀ ਬੋਲੀ ਵਾਸਤੇ ਕਹਿਣਾ ਚਾਹੁੰਦਾ ਹਾਂ ਕਿ-

*"ਤੂੰ ਸ਼ੱਕਰ ਵਾਂਗੂ ਮਿੱਠੀ ਲਗਦੀ ਏਂ, ਜਦ ਬੁੱਲਾਂ ਵਿੱਚੋਂ ਕਿਰਦੀ ਏਂ,*
*ਤੂੰ ਛਿੰਝਾਂ ਘੋਲ ਅਖਾੜਿਆਂ ਵਿੱਚ ਪਈ ਪੱਬਾਂ ਉਤੇ ਫਿਰਦੀ ਏਂ,*
*ਤੂੰ ਹਰ ਮੌਸਮ ਦੀ ਆਦੀ ਏਂ, ਤੂੰ ਅੱਜ ਨਹੀਂ ਤੂੰ ਚਿਰ ਦੀ ਏਂ,*
*ਤੂੰ ਦੁੱਗਣੇ ਬਲ ਸੰਗ ਉਡਦੀ ਏਂ, ਜਦ ਜਦ ਵੀ ਭੁੰਵੇ ਡਿਗਦੀ ਏਂ।"*

ਸੋ, ਇਹ ਆਪਣੀ ਜ਼ਿੰਮੇਵਾਰੀ ਹੈ ਕਿ ਅਸੀਂ ਪੰਜਾਬੀ ਨੂੰ ਜ਼ਿੰਦਾ ਰੱਖੀਏ, ਬਰਕਰਾਰ ਰੱਖੀਏ ਤੇ ਦੂਸਰੀਆਂ ਬੋਲੀਆਂ ਦੇ ਮੁਕਾਬਲੇ ਅੱਗੇ ਲੈ ਕੇ ਜਾਈਏ। ਅੱਜ ਅਸੀਂ ਦਸਵੇਂ ਨੰਬਰ ਤੇ ਹਾਂ। ਸਾਨੂੰ ਅੱਗੇ ਆਉਣ ਨੂੰ ਦੇਰ ਨਹੀਂ ਲੱਗਣੀ ਲੇਕਿਨ ਸਾਨੂੰ ਵਿੱਲ ਪਾਵਰ ਪੈਦਾ ਕਰਨੀ ਪਵੇਗੀ ਕਿ ਅਸੀਂ ਪੰਜਾਬੀ ਨੂੰ ਅੱਗੇ ਲੈ ਕੇ ਜਾਣਾ ਹੈ। ਮੇਰੇ ਕੋਲ ਟੈਕਨੀਕਲ ਐਜੂਕੇਸ਼ਨ ਡਿਪਾਰਟਮੈਂਟ ਹੈ। ਇਹ ਮੇਰੇ ਨਾਲ ਵਾਪਰਿਆ ਹੈ ਕਿ ਮੈਂ ਪੰਜਾਬੀ ਸਕੂਲ ਵਿੱਚ ਪੜ੍ਹਿਆ ਸੀ ਤੇ ਮੇਰੇ ਬਾਪੂ ਜੀ ਕਹਿੰਦੇ ਕਿ ਅੱਗੇ ਬੱਚੇ ਨੂੰ ਸਾਇੰਸ ਪੜ੍ਹਾਉਣੀ ਹੈ ਤੇ ਮੈਨੂੰ ਸਾਇੰਸ ਵਿੱਚ ਲਗਾ ਦਿੱਤਾ। ਸਾਇੰਸ ਅੰਗਰੇਜ਼ੀ ਵਿੱਚ ਹੁੰਦੀ ਸੀ ਤੇ ਮੈਂ ਪਹਿਲਾਂ ਵਾਲੀਆਂ ਕਲਾਸਾਂ ਪੰਜਾਬੀ ਵਿੱਚ ਪੜ੍ਹ ਕੇ ਆਇਆ ਸੀ। ਇਹ ਅੱਜ ਦੇ ਬੱਚਿਆਂ ਨਾਲ ਵੀ ਹੋ ਰਿਹਾ ਹੈ। ਮੈਂ ਮੁੱਖ ਮੰਤਰੀ ਜੀ ਨੂੰ ਕਈ ਮੀਟਿੰਗਾਂ ਵਿੱਚ ਇਹ ਗੱਲ ਦੱਸੀ ਹੈ ਹਾਲਾਂਕਿ ਕਈ ਲੋਕ ਸ਼ਰਮ ਕਰਦੇ ਹਨ ਤੇ ਦੱਸਦੇ ਨਹੀਂ ਹਨ। ਮੈਂ ਸਾਇੰਸ ਵਿੱਚ ਚੱਲਿਆ ਹੀ ਨਹੀਂ ਜੀ ਕਿਉਂਕਿ ਮੈਂ ਅੰਗਰੇਜ਼ੀ ਵਿੱਚ ਨਹੀਂ ਪੜ੍ਹਿਆ ਸੀ ਤੇ ਸਾਇੰਸ ਦੀਆਂ ਕਿਤਾਬਾਂ ਪੰਜਾਬੀ ਵਿੱਚ ਨਹੀਂ ਸਨ। ਅੱਜ ਹੁਣ ਮੈਨੂੰ ਮਾਨਯੋਗ ਮੁੱਖ ਮੰਤਰੀ ਜੀ ਨੇ, ਸਰਕਾਰ ਨੇ ਤੇ ਤੁਸੀਂ ਸਾਰਿਆਂ ਨੇ ਟੈਕਨੀਕਲ ਐਜੂਕੇਸ਼ਨ ਮਨਿਸਟਰ ਬਣਾਇਆ ਹੈ, ਮੈਂ ਟੈਕਨੀਕਲ ਐਜੂਕੇਸ਼ਨ ਤਹਿਤ ਸਾਇੰਸ ਦੀਆਂ ਕਿਤਾਬਾਂ ਦਾ ਪੰਜਾਬੀ ਵਿੱਚ ਤਰਜਮਾ ਕਰਵਾ ਰਿਹਾ ਹਾਂ ਅਤੇ ਬੋਰਡ ਵਿੱਚ ਵੀ ਤਰਜਮਾ ਹੋ ਰਿਹਾ ਹੈ। (ਥੰਪਿੰਗ) ਇਸੇ ਤਰ੍ਹਾਂ ਆਪਣੀ ਸਰਕਾਰ ਨੇ ਮੁੱਖ ਮੰਤਰੀ ਜੀ ਨੇ ਇਹ

ਕਿਹਾ ਹੈ ਕਿ ਆਪਾਂ ਸਾਰੀਆਂ ਹਾਇਰ ਐਜੂਕੇਸ਼ਨ ਦੀਆਂ ਕਿਤਾਬਾਂ ਪੰਜਾਬੀ ਵਿੱਚ ਦੇਈਏ। ਜੇਕਰ ਕੋਈ ਅੰਗਰੇਜ਼ੀ ਵਿੱਚ ਵੀ ਪੜ੍ਹਨਾ ਚਾਹੁੰਦਾ ਹੈ ਤਾਂ ਘੱਟੋ-ਘੱਟ ਉਸ ਕੋਲ ਪੰਜਾਬੀ ਵਿੱਚ ਤਰਜਮਾ ਤਾਂ ਪਿਆ ਹੋਵੇ ਤਾਂ ਕਿ ਉਹ ਉਸ ਤੋਂ ਸਿੱਖ ਕੇ ਪੜ੍ਹ ਲਵੇ। ਇਹ ਠੀਕ ਹੈ ਕਿ ਅੱਜ ਦੇ ਯੁੱਗ ਦੀ ਜ਼ੁਬਾਨ ਅੰਗਰੇਜ਼ੀ ਹੈ ਤੇ ਅੰਗਰੇਜ਼ੀ ਵੀ ਸਿੱਖਣੀ ਬਹੁਤ ਜ਼ਰੂਰੀ ਹੈ। ਬਾਕੀ ਜ਼ੁਬਾਨਾਂ ਸਿੱਖਣੀਆਂ ਵੀ ਬਹੁਤ ਜ਼ਰੂਰੀ ਹਨ।

ਮੈਂ ਵਿੱਤ ਮੰਤਰੀ ਸਾਹਿਬ ਨੂੰ ਦੱਸ ਰਿਹਾ ਸੀ ਕਿ ਤੁਹਾਨੂੰ ਉਰਦੂ ਆਉਂਦੀ ਹੈ ਤੇ ਮੈਂ ਵੀ ਪਿਛਲੇ ਦੋ ਮਹੀਨਿਆਂ ਵਿੱਚ ਉਰਦੂ ਸਿੱਖੀ ਹੈ। ਜ਼ਮਾਨਾ ਇਹੋ ਜਿਹਾ ਹੈ ਕਿ ਜ਼ਿਆਦਾ ਤੋਂ ਜ਼ਿਆਦਾ ਸਿੱਖੋ ਲੇਕਿਨ ਆਪਣੀ ਬੋਲੀ ਨਹੀਂ ਛੱਡਣੀ। ਆਪਣੀ ਬੋਲੀ ਨੂੰ ਅੱਗੇ ਵਧਾਉਣਾ ਹੈ, ਉਸ ਵਾਸਤੇ ਅੱਜ ਇਹ ਮਤਾ ਆਇਆ ਹੈ। ਇਸ ਵਾਸਤੇ ਇੱਕ ਤਾਂ ਦਸਵੀਂ ਤੱਕ ਪੰਜਾਬੀ ਲਾਜ਼ਮੀ ਹੋਵੇ ਅਤੇ ਜਿਸ ਨੂੰ ਹੁਣ ਇਲੈਕਟਿਵ ਸਬਜੈਕਟ ਕਹਿੰਦੇ ਹਨ, ਇੱਕ ਸਬਜੈਕਟ ਪੰਜਾਬੀ ਜ਼ਰੂਰ ਪੜ੍ਹਾਇਆ ਜਾਵੇ। ਇਹ ਪੰਜਾਬੀ ਨੂੰ ਆਪਸ਼ਨਲ ਸਬਜੈਕਟ ਬਣਾ ਦਿੰਦੇ ਹਨ ਤੇ ਆਪਸ਼ਨਲ ਸਬਜੈਕਟ ਵਿੱਚ ਬੱਚੇ ਪੰਜਾਬੀ ਲੈਂਦੇ ਨਹੀਂ ਤੇ ਕੋਈ ਹੋਰ ਸਬਜੈਕਟ ਲੈ ਲੈਂਦੇ ਹਨ। ਉਸ ਨਾਲ ਬੱਚੇ ਨੂੰ ਪੰਜਾਬੀ ਆਉਂਦੀ ਹੀ ਨਹੀਂ ਹੈ। ਜਿਵੇਂ ਮੈਂ ਕਦੇ ਕਿਸੇ ਬੱਚੇ ਨੂੰ ਕਹਿੰਦਾ ਹਾਂ ਕਿ ਮੈਨੂੰ ਪੈਂਤੀ ਰੁਪਏ ਦੇ ਦਿਓ ਤਾਂ ਉਹ ਮੈਨੂੰ ਕਹਿੰਦੇ ਹਨ ਕਿ ਅੰਗਰੇਜ਼ੀ ਵਿੱਚ ਦੱਸੋ ਕਿ ਪੈਂਤੀ ਕਿੰਨੇ ਹੁੰਦੇ ਹਨ? ਬੱਚਿਆਂ ਨੂੰ ਪੈਂਤੀ ਹੀ ਨਹੀਂ ਪਤਾ ਕਿ ਕਿੰਨੇ ਹੁੰਦੇ ਹਨ। ਸਾਡੇ ਵੱਲੋਂ ਪੰਜਾਬੀ ਵਿਸਰ ਰਹੀ ਹੈ। ਯੂ.ਐਨ.ਓ. ਨੇ ਠੀਕ ਹੀ ਕਿਹਾ ਹੈ ਕਿ ਜੇ ਇਸ ਤਰ੍ਹਾਂ ਹੀ ਚਲਦਾ ਰਿਹਾ ਤਾਂ 50 ਸਾਲ ਵਿੱਚ ਪੰਜਾਬੀ ਖਤਮ ਹੋ ਜਾਵੇਗੀ। ਇਸ ਲਈ ਬੱਚਿਆਂ ਨੂੰ ਦਸਵੀਂ ਤੱਕ ਪੰਜਾਬੀ ਦੀ ਜਾਣਕਾਰੀ ਲਾਜ਼ਮੀ ਬਣਾਈ ਜਾਵੇ ਤੇ ਜਿੰਨੇ ਵੀ ਪੰਜਾਬ ਵਿੱਚ ਬੋਰਡ ਹਨ ਚਾਹੇ ਉਹ ਸਰਕਾਰੀ ਹਨ, ਚਾਹੇ ਉਹ ਗੈਰ-ਸਰਕਾਰੀ ਹਨ, ਉਨ੍ਹਾਂ ਵਿੱਚ ਪੰਜਾਬੀ ਸਭ ਤੋਂ ਉੱਪਰ ਹੋਣੀ ਚਾਹੀਦੀ ਹੈ। ਸਾਹਿਤਕਾਰ ਤਰਲੋਚਨ ਸਿੰਘ ਜੀ ਉੱਪਰ ਪ੍ਰੈਸ ਗੈਲਰੀ ਵਿੱਚ ਬੈਠਦੇ ਹਨ, ਉਹ ਚੰਡੀਗੜ੍ਹ ਦੇ ਵਿੱਚ ਪੰਜਾਬੀ ਲਾਗੂ ਕਰਨ ਵਾਸਤੇ ਬੜੀ ਦੇਰ ਦੇ ਸੰਘਰਸ਼ ਕਰ ਰਹੇ ਹਨ। ਕਿਉਂ ਨਾ ਪੰਜਾਬੀ ਚੰਡੀਗੜ੍ਹ ਦੀ ਜ਼ੁਬਾਨ ਹੋਵੇ, ਪਹਿਲੀ ਨਹੀਂ ਤਾਂ ਦੂਸਰੀ ਤਾਂ ਹੋਵੇ, ਵੈਸੇ ਪਹਿਲੀ ਹੋਣੀ ਚਾਹੀਦੀ ਹੈ। ਮੈਂ ਇੱਕ ਦਿਨ ਹਿਮਾਚਲ ਪ੍ਰਦੇਸ਼ ਗਿਆ, ਉੱਥੇ ਗੈਸਟ ਹਾਊਸ ਵਿੱਚ ਠਹਿਰਿਆ ਸੀ ਅਤੇ ਸਾਡੇ ਨਾਲ 5-7 ਐਮ.ਐਲ.ਏ. ਸਨ ਮੈਂ ਕਿਹਾ ਕਿ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਜੀ ਨੂੰ ਮਿਲ ਲੈਂਦੇ ਹਾਂ। ਪਹਿਲੇ ਮੁੱਖ ਮੰਤਰੀ ਧੂਮਲ ਸਾਹਿਬ ਜਿਹੜੇ ਬੀ.ਜੇ.ਪੀ. ਦੇ ਸੀ, ਅਸੀਂ ਉਨ੍ਹਾਂ ਨੂੰ ਮਿਲਣ ਗਏ, ਸਾਡੇ ਕੋਲ ਕੋਈ ਹੋਰ ਏਜੰਡਾ ਤਾਂ ਨਹੀਂ ਸੀ ਤਾਂ ਮੈਂ ਗੱਲ ਰੱਖੀ ਕਿ ਤੁਹਾਡੀ ਆਪਣੀ ਪੰਜਾਬੀ ਜ਼ੁਬਾਨ ਹੈ, ਉਹ ਆਪ ਪੰਜਾਬੀ ਸਨ ਅਤੇ ਜਲੰਧਰ ਨੂੰ belong ਕਰਦੇ ਸੀ। ਮੈਂ ਕਿਹਾ ਕਿ ਤੁਸੀਂ ਆਪ ਜਲੰਧਰ ਤੋਂ ਹੋ ਅਤੇ ਪੰਜਾਬੀ ਹੋ, ਤੁਸੀਂ ਹੋਰ ਹੀ ਜ਼ੁਬਾਨ ਪੜ੍ਹਾਈ ਜਾਂਦੇ ਹੋ,

ਸੈਕਿੰਡ ਲੈਂਗੂਏਜ ਤਾਂ ਪੰਜਾਬੀ ਰੱਖੋ। ਉਹ ਕਹਿਣ ਲੱਗੇ ਕਿ ਮੈਂ ਕੀ ਕਰਾਂ? ਜੇ ਅਸੀਂ ਪੰਜਾਬੀ ਪੜ੍ਹਾਉਣ ਲੱਗਦੇ ਹਾਂ ਤਾਂ ਅਸੀਂ ਪੰਜਾਬੀ ਪੈਦਾ ਕਰਦੇ ਹਾਂ ਅਤੇ ਤੁਹਾਡੇ ਵਾਲੇ ਸਾਨੂੰ ਪੰਜਾਬੀ ਬੋਲਦੇ ਇਲਾਕੇ ਕਹਿਣ ਲੱਗ ਜਾਂਦੇ ਹਨ। ਇਸ ਰਾਜਨੀਤੀ ਨੇ ਵੀ ਪੰਜਾਬੀ ਨੂੰ ਮਾਰ ਲਿਆ ਹੈ। ਕਈ ਵਾਰ ਲੜਾਈ ਲੱਗ ਜਾਂਦੀ ਹੈ ਕਿ ਇੱਥੇ ਤਾਂ ਪੰਜਾਬੀ ਬੋਲਦੇ ਹਨ। ਸੋ, ਇਹ ਜ਼ੁਬਾਨ ਰਾਜਨੀਤੀ ਤੋਂ ਉੱਪਰ ਉੱਠਣੀ ਚਾਹੀਦੀ ਹੈ। ਹਰਿਆਣਾ ਦੀ ਸੈਕਿੰਡ ਲੈਂਗੂਏਜ ਪੰਜਾਬੀ ਹੋਵੇ, ਹਿਮਾਚਲ ਪ੍ਰਦੇਸ਼ ਦੀ ਹੋਵੇ, ਚੰਡੀਗੜ੍ਹ ਦੀ ਹੋਵੇ, ਰਾਜਸਥਾਨ ਦੀ ਹੋਵੇ, ਪੰਜਾਬ ਵਿੱਚੋਂ ਬਾਹਰ ਨਿਕਲ ਕੇ ਹੋਰ ਸੂਬਿਆਂ ਦੀ ਵੀ ਹੋਵੇ। ਇਸ ਲਈ ਇਹ ਵੀ ਇੱਕ ਬਹੁਤ ਵੱਡੀ ਡਿਮਾਂਡ ਹੈ ਕਿ ਸਰਕਾਰ ਨਾਲ ਦੇ ਰਾਜਾਂ ਦੇ ਨਾਲ ਇਹ ਮਸਲਾ ਉਠਾਏ, ਇਸ ਲਈ ਸਰਬਸੰਮਤੀ ਬਣਾਉਣ ਲਈ ਅਸੀਂ ਮਤਾ ਤੁਹਾਡੇ ਵਿਚਕਾਰ ਲੈ ਕੇ ਆਏ ਹਾਂ। ਪੰਜਾਬੀ ਨੂੰ ਲਾਗੂ ਕਰਨ ਲਈ ਇੱਕ ਕਮਿਸ਼ਨ ਬਣਨਾ ਚਾਹੀਦਾ ਹੈ ਤਾਂ ਕਿ ਕੋਈ ਐਸਾ ਬੰਦਾ ਹੋਵੇ ਜਿਹੜਾ ਦੇਖ-ਰੇਖ ਕਰ ਸਕੇ। ਡਿਪਟੀ ਸਪੀਕਰ ਸਾਹਿਬ,ਹੁਣ ਤੁਸੀਂ ਬੈਠੇ ਹੋ, ਜੇ ਸਪੀਕਰ ਸਾਹਿਬ ਬੈਠੇ ਹੁੰਦੇ ਤਾਂ ਮੈਂ ਉਨ੍ਹਾਂ ਨੂੰ ਬੇਨਤੀ ਕਰਨੀ ਸੀ ਪਰ ਹੁਣ ਤੁਹਾਨੂੰ ਵੀ ਬੇਨਤੀ ਕਰਦਾ ਹਾਂ ਕਿ ਉਹ ਮੈਂਬਰ ਸਾਹਿਬ (ਸਰਦਾਰ ਸਿਮਰਜੀਤ ਸਿੰਘ ਬੈਂਸ) ਠੀਕ ਕਹਿੰਦੇ ਹਨ। ਸਰ, ਕਿੰਨਾ-ਕੁ ਟਾਈਮ ਲੱਗਦਾ ਹੈ ਜੀ? 2-4 ਬੰਦੇ ਬਿਠਾ ਦਿਉ ਅਤੇ ਜਿੰਨੇ ਰੂਲ ਹਨ, ਉਹ ਪੰਜਾਬੀ ਵਿੱਚ ਵੀ ਟਰਾਂਸਲੇਟ ਕਰ ਲਉ। ਕੱਲ੍ਹ ਨੂੰ ਕੋਈ ਮੇਰੇ ਵਰਗਾ ਬੰਦਾ ਉੱਪਰ ਬੈਠ ਗਿਆ ਤਾਂ ਪੰਜਾਬੀ ਬੋਲਣੀ ਪਏਗੀ। ਇਸ ਲਈ ਪੰਜਾਬੀ ਵਿੱਚ ਵੀ ਰੂਲ ਹੋਣੇ ਚਾਹੀਦੇ ਹਨ। ਟਰਾਂਸਲੇਸ਼ਨ ਨੂੰ ਕਿੰਨਾ-ਕੁ ਟਾਈਮ ਲੱਗਣਾ ਹੈ ਜੀ? ਮਹੀਨਾ, ਦੋ ਮਹੀਨੇ, ਚਾਰ ਮਹੀਨੇ, ਛੇ ਮਹੀਨੇ ਲਗਾ ਲਉ, ਸਰਕਾਰ ਉਸ ਵਾਸਤੇ ਪੈਸੇ ਦੇਣ ਨੂੰ ਤਿਆਰ ਹੈ। ਇਸ ਕਰਕੇ ਵਿਧਾਨ ਸਭਾ ਦੀ ਸਾਰੀ ਕਾਰਵਾਈ ਅਤੇ ਸਾਰੇ ਰੂਲ, ਕਾਨੂੰਨ ਆਦਿ ਪੰਜਾਬੀ ਵਿੱਚ ਵੀ ਲਿਖੇ ਹੋਏ ਮੈਂਬਰਾਂ ਨੂੰ ਮਿਲਣੇ ਚਾਹੀਦੇ ਹਨ। (ਥੰਪਿੰਗ) ਇਸੇ ਤਰ੍ਹਾਂ ਇਕ ਕਮਿਸ਼ਨ ਬਣਨਾ ਚਾਹੀਦਾ ਹੈ ਤਾਂ ਕਿ ਜਿਹੜੇ ਅਫਸਰ, ਕਰਮਚਾਰੀ ਜਾਂ ਮੰਤਰੀ ਪੰਜਾਬੀ ਵਿੱਚ ਕੰਮ ਕਰਨ ਤੋਂ ਕਤਰਾਉਂਦੇ ਹਨ, ਉਨ੍ਹਾਂ ਦਾ ਕੰਨ ਫੜ੍ਹ ਕੇ ਜੋ ਢੁੱਕਵੀਂ ਸਜ਼ਾ ਬਣਦੀ ਹੈ, ਉਹ ਸਜ਼ਾ ਦੇ ਕੇ ਕਿਹਾ ਜਾਵੇ ਕਿ ਪੰਜਾਬੀ ਵਿੱਚ ਕੰਮ ਕਰੋ। ਪੰਜਾਬੀ ਦੇ ਵਿੱਚ ਸਾਡੀ ਪੰਜਾਬ ਸਰਕਾਰ ਕੰਮ ਨਹੀਂ ਕਰੇਗੀ ਤਾਂ ਦੂਸਰਾ ਕੌਣ ਕਰੇਗਾ? ਇਸ ਲਈ ਅੱਜ ਇਹ ਮਤਾ ਲਿਆਂਦਾ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੀ ਇਜਾਜ਼ਤ ਦੇ ਨਾਲ ਇੱਕ ਬਾਬਾ ਨਜ਼ਮੀ ਜੀ, ਜੋ ਕਿ ਪਾਕਿਸਤਾਨ ਦੇ ਬਹੁਤ ਤਕੜੇ ਸ਼ਾਇਰ ਹਨ, ਜਿਨ੍ਹਾਂ ਨੇ ਪੰਜਾਬੀ ਦੀ ਬੜੀ ਗੱਲ ਕੀਤੀ ਹੈ, ਉਨ੍ਹਾਂ ਦੀ ਨਜ਼ਮ ਤੁਹਾਨੂੰ ਸੁਣਾ ਰਿਹਾ ਹਾਂ:

*ਉੱਚਾ ਕਰਕੇ ਮੈਂ ਜਾਵਾਂਗਾ, ਜੱਗ ਤੇ ਬੋਲ ਪੰਜਾਬੀ ਦਾ*
*ਘਰ-ਘਰ ਵੱਜਦਾ ਲੋਕ ਸੁਣਨਗੇ, ਇੱਕ ਦਿਨ ਢੋਲ ਪੰਜਾਬੀ ਦਾ*
*ਅੱਖਰਾਂ ਵਿੱਚ ਸਮੁੰਦਰ ਰੱਖਾਂ, ਮੈਂ ਇਕਬਾਲ ਪੰਜਾਬੀ ਦਾ*
*ਝੱਖੜਾਂ ਵਿੱਚ ਰੱਖ ਦਿੱਤਾ ਹੈ, ਦੀਵਾ ਬਾਲ ਪੰਜਾਬੀ ਦਾ*
*ਜਿਹੜੇ ਆਖਣ ਵਿੱਚ ਪੰਜਾਬੀ, ਅਦਬ ਨਹੀਂ, ਤਹਿਜ਼ੀਬ ਨਹੀਂ,*
*ਪੜ੍ਹ ਕੇ ਵੇਖਣ ਵਾਰਿਸ, ਬੁੱਲਾ, ਬਾਹੂ ਲਾਲ ਪੰਜਾਬੀ ਦਾ।*

ਸੋ, ਮੈਂ ਸਾਰੇ ਸਦਨ ਨੂੰ ਬੇਨਤੀ ਕਰਾਂਗਾ ਕਿ ਇਸ ਵਿੱਚ ਕੋਈ ਹੋਰ ਵੀ ਤਰਮੀਮ ਕਰਵਾਉਣੀ ਚਾਹੁੰਦੇ ਹਨ ਤਾਂ ਤਰਮੀਮ ਕਰਵਾਉਣ ਲੇਕਿਨ ਸਾਰਥਿਕ ਤੌਰ ਤੇ ਪਾਜ਼ਿਟੀਵਿਟੀ ਰੱਖ ਕੇ ਪੰਜਾਬੀ ਦੀ ਗੱਲ ਕਰਕੇ ਆਪਾਂ ਇਸ ਨੂੰ ਪਾਸ ਕਰੀਏ ਤਾਂ ਕਿ ਪੰਜਾਬ ਦੇ ਵਿੱਚ ਸਹੀ ਮਾਅਨਿਆਂ ਦੇ ਵਿੱਚ ਪੰਜਾਬੀ, ਜੋ ਮੁੱਖ ਮੰਤਰੀ ਜੀ ਦੀ ਵੀ ਸੋਚ ਹੈ ਜਿਨ੍ਹਾਂ ਨੇ ਮੈਨੂੰ ਕਹਿ ਕੇ ਮਤਾ ਲਿਆਂਦਾ ਹੈ ਅਤੇ ਸਾਡੀ ਵੀ ਇਹੀ ਸੋਚ ਹੈ। ਅਸੀਂ ਇਸ ਬਾਰੇ ਪੰਜਾਬ ਵਿਚ ਮੇਲੇ ਵੀ ਕਰਵਾ ਰਹੇ ਹਾਂ, ਇੱਕ ਨਵੀਂ ਸੋਚ ਪੰਜਾਬ ਦੇ ਵਿੱਚ ਪੰਜਾਬੀ ਨੂੰ ਪ੍ਰਫੁੱਲਤ ਕਰਨ ਦੀ ਆਈ ਹੈ। ਕੈਨੇਡਾ ਵਿੱਚ ਦੂਜੀ ਭਾਸ਼ਾ ਹੈ, ਇੰਗਲੈਂਡ ਦੇ ਵਿੱਚ ਤੀਜੀ ਭਾਸ਼ਾ ਹੈ ਫਿਰ ਸਾਡੇ ਦੇਸ਼ ਵਿੱਚ ਅਤੇ ਸਾਡੇ ਸੂਬੇ ਦੇ ਵਿੱਚ ਪੰਜਾਬੀ ਹਰ ਤਰੀਕੇ ਦੇ ਨਾਲ ਤਰੱਕੀ ਕਰਨ ਅਤੇ ਪੰਜਾਬੀਅਤ ਕਾਇਮ ਰਹੇ, ਹਮੇਸ਼ਾ ਜੀਵੇ। ਡਿਪਟੀ ਸਪੀਕਰ ਸਾਹਿਬ, ਅੱਗੇ ਸਾਡੇ ਬਜ਼ੁਰਗ ਕਿਸੇ ਨੂੰ ਅਸੀਸ ਦੇਣ ਵੇਲੇ ਕਹਿੰਦੇ ਸੀ ਕਿ ਤੇਰੀ ਉਮਰ ਲੋਕ ਗੀਤ ਜਿੰਨੀ ਹੋਵੇ। ਜੇ ਕਿਸੇ ਨੂੰ ਸਾਡੇ ਬਜ਼ੁਰਗਾਂ ਨੇ ਦੁਰਅਸੀਸ ਦੇਣੀ ਹੁੰਦੀ ਸੀ ਤਾਂ ਉਹ ਕਹਿੰਦੇ ਸੀ ਕਿ ਜਾਹ ਤੈਨੂੰ ਆਪਣੀ ਮਾਂ ਬੋਲੀ ਭੁੱਲ ਜਾਵੇ। ਸਾਡੇ ਪੰਜਾਬ ਨੂੰ ਕਿਸੇ ਦੀ ਦੁਰਅਸੀਸ ਲੱਗੀ ਹੋਈ ਹੈ। ਅੱਜ ਅਸੀਂ ਇਸ ਦੁਰਅਸੀਸ ਲਈ ਮਿਰਚਾਂ ਵਾਰਨ ਵਾਲੀ ਗੱਲ ਕਰ ਰਹੇ ਹਾਂ ਤਾਂ ਕਿ ਆਉਣ ਵਾਲੇ ਸਮੇਂ ਵਿੱਚ ਪੰਜਾਬੀ ਸਹੀ ਤਰੀਕੇ ਨਾਲ ਲਾਗੂ ਹੋਵੇ, ਤੁਹਾਡਾ ਬਹੁਤ-ਬਹੁਤ ਧੰਨਵਾਦ। ਮੈਂ ਸਦਨ ਨੂੰ ਬੇਨਤੀ ਕਰਾਂਗਾ ਕਿ ਇਸ ਮਤੇ ਨੂੰ ਪਾਸ ਕੀਤਾ ਜਾਵੇ।

**ਮਾਨਯੋਗ ਡਿਪਟੀ ਸਪੀਕਰ:** ਚੰਨੀ ਜੀ, thank you, thank you. ਹਾਂ ਜੀ, ਸਰਦਾਰ ਸ਼ਰਨਜੀਤ ਸਿੰਘ ਢਿੱਲੋਂ ਜੀ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ (ਸਾਹਨੇਵਾਲ):** ਡਿਪਟੀ ਸਪੀਕਰ ਸਾਹਿਬ, ਮੰਤਰੀ ਜੀ ਬਹੁਤ ਵਧੀਆ ਮਤਾ ਲੈ ਕੇ ਆਏ ਹਨ, ਮੈਂ ਇਸ ਮਤੇ ਦੀ ਤਾਈਦ ਕਰਦਾ ਹਾਂ ਅਤੇ ਤਾਰੀਫ ਕਰਦਾ ਹਾਂ। ਮੈਂ ਸਮਝਦਾ ਹਾਂ ਕਿ ਇਹ ਮਤਾ ਅਸੀਂ ਸਾਰੇ ਜਣੇ ਇਕੱਲੀ ਪੰਜਾਬੀ ਵਾਸਤੇ ਨਹੀਂ ਸਗੋਂ ਪੰਜਾਬ ਦੇ ਭਲੇ ਵਾਸਤੇ ਸਰਬਸੰਮਤੀ ਨਾਲ ਪਾਸ ਕਰਾਂਗੇ ਪਰ ਮੈਂ ਇਸ ਵਿੱਚ ਐਡ ਕਰਨਾ ਚਾਹੁੰਦਾ ਹਾਂ ਕਿ ਇਹ ਨਾ ਹੋਵੇ ਕਿ ਇਕੱਲੇ

[ਸਰਦਾਰ ਸ਼ਰਨਜੀਤ ਸਿੰਘ ਢਿੱਲੋਂ]

ਸਰਕਾਰੀ ਸਕੂਲਾਂ ਵਿੱਚ ਦਸਵੀਂ ਤੱਕ ਹੀ ਪੰਜਾਬੀ ਨੂੰ ਲਾਗੂ ਕਰ ਦੇਈਏ। ਜਿਹੜੇ ਖਾਸ ਕਰਕੇ Sacred Heart School ਜਾਂ ਹੋਰ Convent School ਹਨ, ਉਨ੍ਹਾਂ ਨੇ ਪਰਵਾਹ ਨਹੀਂ ਕਰਨੀ। ਉਥੇ ਸਖਤੀ ਦੇ ਨਾਲ ਦਸਵੀਂ ਤੱਕ ਪੰਜਾਬੀ ਲਾਜ਼ਮੀ ਕੀਤੀ ਜਾਵੇ ਕਿਉਂਕਿ ਇਸ ਗੱਲ ਤੋਂ ਕੋਈ ਵੀ ਬੰਦਾ ਮੁਨਕਰ ਨਹੀਂ ਹੋ ਸਕਦਾ। ਚਾਹੇ ਉਧਰਲੇ ਪਾਸੇ ਮੈਂਬਰ ਸਾਹਿਬਾਨ ਬੈਠੇ ਹਨ, (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ ਕਰਦੇ ਹੋਏ) ਚਾਹੇ ਇੱਧਰਲੇ ਪਾਸੇ ਮੈਂਬਰ ਸਾਹਿਬਾਨ ਬੈਠੇ ਹਨ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ ਕਰਦੇ ਹੋਏ) ਮੈਂ ਸਮਝਦਾ ਹਾਂ ਕਿ ਸਾਰਿਆਂ ਦੇ ਹੀ ਤਕਰੀਬਨ 90% ਬੱਚੇ Sacred Heart School ਜਾਂ Convent Schools ਵਿੱਚ ਪੜ੍ਹਦੇ ਹਨ। ਅੱਜ ਕੱਲ੍ਹ ਦੇ ਬੱਚੇ ਪੰਜਾਬੀ ਬਾਰੇ ਬਿਲਕੁਲ ਵੀ ਕੁਝ ਨਹੀਂ ਜਾਣਦੇ। ਇਹ ਗੱਲ ਸਰਕਾਰੀ ਸਕੂਲਾਂ ਤੱਕ ਹੀ ਸੀਮਤ ਨਾ ਰਹੇ ਸਗੋਂ ਪੰਜਾਬ ਵਿੱਚ ਜਿੰਨੇ ਵੀ ਪ੍ਰਾਈਵੇਟ ਸਕੂਲ ਹਨ, ਹਰਿਆਣਾ ਦੀ ਗੱਲ ਬਾਅਦ ਵਿੱਚ ਕਰਿਓ, ਜਿਹੜੇ ਪੰਜਾਬ ਦੇ ਵਿੱਚ ਸਕੂਲ ਚਲਦੇ ਹਨ, ਉਥੇ ਦਸਵੀਂ ਤੱਕ ਹਰ ਹਾਲਤ ਵਿੱਚ ਪੰਜਾਬੀ ਨੂੰ ਕੰਪਲਸਰੀ ਕਰਿਓ, ਚਾਹੇ ਉਹ Sacred Heart School ਜਾਂ ਕੋਈ ਹੋਰ Convent School ਹੋਵੇ। ਧੰਨਵਾਦ ਜੀ। (ਥੰਪਿੰਗ)

**ਮਾਨਯੋਗ ਡਿਪਟੀ ਸਪੀਕਰ:** ਢਿੱਲੋਂ ਜੀ, thank you, thank you. ਹਾਂ ਜੀ, ਸਰਦਾਰ ਗੁਰਕੀਰਤ ਸਿੰਘ ਜੀ। ਤੁਸੀਂ ਪੰਜ ਮਿੰਟ ਵਿੱਚ ਆਪਣੀ ਗੱਲ ਮੁਕਾਉਣੀ ਹੈ।

**ਸਰਦਾਰ ਗੁਰਕੀਰਤ ਸਿੰਘ ਕੋਟਲੀ (ਖੰਨਾ):** ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇੱਕ ਬਹੁਤ ਹੀ ਅਹਿਮ ਮਤੇ ਤੇ ਬੋਲਣ ਦਾ ਮੌਕਾ ਦਿੱਤਾ। ਡਿਪਟੀ ਸਪੀਕਰ ਸਾਹਿਬ, ਸਾਡੇ ਬਹੁਤ ਹੀ ਮਾਨਯੋਗ ਮੰਤਰੀ ਸਰਦਾਰ ਚਰਨਜੀਤ ਸਿੰਘ ਚੰਨੀ ਜੀ ਨੇ ਬਹੁਤ ਹੀ ਅਹਿਮ ਮਤਾ ਸਦਨ ਵਿੱਚ ਲਿਆਂਦਾ ਹੈ। ਡਿਪਟੀ ਸਪੀਕਰ ਸਾਹਿਬ, ਵਾਕਿਆ ਹੀ ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਸਾਡੀ ਮਾਤ ਭਾਸ਼ਾ ਪੰਜਾਬੀ ਲਈ ਹਰ ਇੱਕ ਬੰਦਾ ਫਿਕਰਮੰਦ ਹੈ। ਬੜੇ ਗੁਣੀ-ਗਿਆਨੀ ਲੋਕਾਂ ਨੇ ਇਸ ਮਾਤ ਭਾਸ਼ਾ ਨੂੰ ਜੀਵਿਤ ਰੱਖਣ ਲਈ ਬਹੁਤ ਵੱਡਾ ਯੋਗਦਾਨ ਪਾਇਆ ਹੈ। ਜਿਹੜੇ ਸਾਡੇ ਵਿਦਵਾਨ ਅਤੇ ਬੜੇ ਵਿਗਿਆਨੀ ਹੋਏ ਹਨ, ਉਨ੍ਹਾਂ ਨੇ ਵੀ ਪੰਜਾਬੀ ਭਾਸ਼ਾ ਲਈ ਆਪਣਾ ਬਣਦਾ ਰੋਲ ਅਦਾ ਕੀਤਾ ਹੈ ਔਰ ਮੀਡੀਆ ਦੇ ਵੀ ਇੱਕ ਹਿੱਸੇ ਨੇ ਪੰਜਾਬੀ ਬੋਲੀ ਨੂੰ ਪ੍ਰਫੁੱਲਿਤ ਕਰਨ ਵਿੱਚ ਬਣਦਾ ਯੋਗਦਾਨ ਪਾਇਆ ਹੈ। ਮੈਨੂੰ ਸਦਨ ਵਿੱਚ ਇਸ ਗੱਲ ਨੂੰ ਕਹਿਣ ਵਿੱਚ ਕੋਈ ਗੁਰੇਜ਼ ਨਹੀਂ ਅਤੇ ਮੈਂ ਦੋ ਰਾਇ ਨਹੀਂ ਰੱਖਦਾ ਹਾਂ ਕਿ ਪੰਜਾਬੀ ਦੇ 'ਅਜੀਤ' ਅਖਬਾਰ ਨੇ ਪੰਜਾਬੀ ਲਈ ਬਹੁਤ ਹੰਭਲਾ ਮਾਰਿਆ ਹੈ। ਇਸ ਵਾਸਤੇ ਉਨ੍ਹਾਂ ਦੀ ਵੀ ਤਾਰੀਫ ਕਰਨੀ ਬਣਦੀ ਹੈ। (ਥੰਪਿੰਗ) ਡਿਪਟੀ ਸਪੀਕਰ ਸਾਹਿਬ, ਬੜੇ ਦੁੱਖ ਦੀ ਗੱਲ ਹੈ ਕਿ ਵਾਕਿਆ ਹੀ ਅਸੀਂ

ਆਪਣੀ ਮਾਤ ਭਾਸ਼ਾ ਤੋਂ ਦੂਰ ਹੁੰਦੇ ਜਾ ਰਹੇ ਹਾਂ। ਇੱਕ ਵਾਕਿਆਤ ਹੈ ਜੋ ਕਿ ਨਿੱਜੀ ਤੌਰ ਤੇ ਮੇਰੇ ਸਾਹਮਣੇ ਆਇਆ ਹੈ।ਮੈਂ ਆਪਣੇ ਬੱਚਿਆਂ ਦੇ ਨਾਲ ਇਟਲੀ ਦੇ ਇੱਕ ਸ਼ਹਿਰ Venice ਵਿੱਚ ਗਿਆ ਹੋਇਆ ਸੀ, ਜਿਹੜਾ ਕਿ ਪਾਣੀ ਦੇ ਉੱਤੇ ਬਣਿਆ ਹੈ। ਅਸੀਂ ਵਾਇਆ ਸ਼ਿਪ ਥੋੜ੍ਹਾ ਜਿਹਾ ਦੂਰ ਇੱਕ ਬਹੁਤ ਛੋਟਾ ਜਿਹਾ ਟਾਪੂ ਬਰੌਨੋ ਆਈਲੈਂਡ ਹੈ, ਉੱਥੇ ਗਏ ਸੀ। ਜਦੋਂ ਅਸੀਂ ਉਥੇ ਬਾਜ਼ਾਰ ਵਿੱਚ ਘੁੰਮ ਰਹੇ ਸੀ ਤਾਂ ਉਥੇ ਇੱਕ ਇਟੇਲੀਅਨ ਬੰਦੇ ਨੇ ਮੈਨੂੰ ਆ ਕੇ ਸਤਿ ਸ੍ਰੀ ਅਕਾਲ ਬੁਲਾਈ ਅਤੇ ਪੰਜਾਬੀ ਵਿੱਚ ਗੱਲ ਕਰਨੀ ਸ਼ੁਰੂ ਕੀਤੀ। ਮੈਂ ਇਹ ਸੁਣ ਕੇ ਬੜਾ ਹੈਰਾਨ ਹੋਇਆ ਅਤੇ ਮੈਂ ਪੁੱਛਿਆ ਕਿ ਤੁਹਾਨੂੰ ਪੰਜਾਬੀ ਕਿਵੇਂ ਆਉਂਦੀ ਹੈ? ਉਹ ਕਹਿਣ ਲੱਗਿਆ ਕਿ ਮੈਂ ਬਾਈਬਲ ਦਾ ਪ੍ਰਚਾਰ ਕਰਦਾ ਹਾਂ। ਉਸ ਨੇ ਮੈਨੂੰ ਬਾਈਬਲ ਦੀ ਕਿਤਾਬ ਵੀ ਦਿੱਤੀ।ਉਹ ਕਹਿਣ ਲੱਗਿਆ ਕਿ ਅਸੀਂ ਹਰ ਭਾਸ਼ਾ ਦੇ ਵਿੱਚ ਬਾਈਬਲ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਵੱਖ-ਵੱਖ ਭਾਸ਼ਾਵਾਂ ਨੂੰ ਸਿੱਖਦੇ ਹਾਂ ਅਤੇ ਇਹ ਬੜੀ ਹੈਰਾਨ ਕਰਨ ਵਾਲੀ ਗੱਲ ਸੀ ਕਿ ਉਸ ਨੂੰ ਇੰਨੀ ਵਧੀਆ ਪੰਜਾਬੀ ਆਉਂਦੀ ਸੀ ਕਿ ਜਿਹੜੇ ਸਾਡੇ ਅੱਜ-ਕੱਲ੍ਹ ਦੇ ਬੱਚੇ ਹਨ, ਉਨ੍ਹਾਂ ਨੂੰ ਵੀ ਅਜਿਹੀ ਬੋਲਣੀ ਨਹੀਂ ਆਉਂਦੀ। ਸੋ, ਸਾਨੂੰ ਹੋਰ ਵੀ ਹੰਭਲਾ ਮਾਰਨ ਦੀ ਲੋੜ ਹੈ ਕਿ ਅਸੀਂ ਕਿਵੇਂ ਆਪਣੀ ਮਾਤ ਭਾਸ਼ਾ ਨੂੰ ਅੱਗੇ ਵਧਾਉਣਾ ਹੈ। ਮੈਂ ਇਹ ਗੱਲ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਸਾਡੇ ਮਹਾਨ ਗੁਰੂਆਂ, ਪੀਰਾਂ-ਪੈਗੰਬਰਾਂ ਨੇ ਸਾਨੂੰ ਇਹ ਦਾਤ ਬਖਸ਼ੀ ਹੈ। ਇਸ ਤੋਂ ਇਲਾਵਾ ਜਿਸ ਬੱਚੇ ਨੂੰ ਆਪਣੀ ਮਾਤ ਭਾਸ਼ਾ ਸਬੰਧੀ ਵਧੇਰੇ ਜਾਣਕਾਰੀ ਹੋਵੇਗੀ, ਉਸ ਨੂੰ ਦੂਸਰੀਆਂ ਭਾਸ਼ਾਵਾਂ ਅਡਾਪਟ ਕਰਨ ਵਿੱਚ ਵੀ ਸੌਖ ਆਵੇਗੀ। ਸੋ, ਜਿਵੇਂ ਸਾਡੇ ਮਾਨਯੋਗ ਮੈਂਬਰ ਸਰਦਾਰ ਸ਼ਰਨਜੀਤ ਸਿੰਘ ਢਿੱਲੋਂ ਹੁਰਾਂ ਨੇ ਕਿਹਾ ਹੈ ਕਿ ਸਕੂਲੀ ਐਜੂਕੇਸ਼ਨ ਦੇ ਵਿੱਚ ਪੰਜਾਬੀ ਲਾਜ਼ਮੀ ਕੀਤੀ ਜਾਵੇ। ਮੈਂ ਖੁਦ ਵੇਖਿਆ ਹੈ, ਮੇਰੀ ਆਪਣੀ ਬੇਟੀ ਦਸਵੀਂ ਜਮਾਤ ਵਿੱਚ ਪੜ੍ਹਦੀ ਹੈ, ਹੁਣ ਉਸ ਦੇ ਬੋਰਡ ਦੇ ਐਗਜ਼ਾਮ ਚੱਲ ਰਹੇ ਹਨ। ਅਸੀਂ ਵੀ ਉਸ ਨੂੰ optional subject ਪੰਜਾਬੀ ਲੈ ਕੇ ਦਿੱਤਾ ਹੈ। ਮੈਂ ਵੀ ਮਹਿਸੂਸ ਕੀਤਾ ਹੈ ਕਿ ਬੱਚਿਆਂ ਨੂੰ ਪੰਜਾਬੀ ਪੜ੍ਹਾਉਣੀ ਬਹੁਤ ਹੀ ਜ਼ਰੂਰੀ ਹੈ, ਨਹੀਂ ਤਾਂ ਉਹ ਸਾਡੇ ਵਿਰਸੇ ਤੋਂ ਦੂਰ ਹੋ ਜਾਣਗੇ ਅਤੇ ਉਨ੍ਹਾਂ ਨੂੰ ਆਉਣ ਵਾਲੇ ਸਮੇਂ ਵਿੱਚ ਪੰਜਾਬੀ ਬਾਰੇ ਪਤਾ ਹੀ ਨਹੀਂ ਚੱਲਣਾ।

**Mr. Deputy Speaker:** Thank you, thank you.

**ਸਰਦਾਰ ਗੁਰਕੀਰਤ ਸਿੰਘ ਕੋਟਲੀ:** ਅਗਰ ਅਸੀਂ ਆਉਣ ਵਾਲੇ ਸਮੇਂ ਵਿੱਚ ਆਪਣੀ ਬੋਲੀ ਤੋਂ ਦੂਰ ਹੋ ਗਏ ਤਾਂ ਮੈਂ ਸਮਝਦਾ ਹਾਂ ਕਿ ਅਸੀਂ ਆਪਣੇ ਸੱਭਿਆਚਾਰ ਤੋਂ ਦੂਰ ਹੋ ਜਾਵਾਂਗੇ। ਡਿਪਟੀ ਸਪੀਕਰ, ਸਾਹਿਬ ਗੱਲਾਂ ਤਾਂ ਹੋਰ ਵੀ ਬਹੁਤ ਹਨ।

**Mr. Deputy Speaker:** Thank you, thank you. Time constraint ਹੈ ਜੀ।

**ਸਰਦਾਰ ਗੁਰਕੀਰਤ ਸਿੰਘ ਕੋਟਲੀ:** ਸਰ, ਇੱਕ ਮਿੰਟ ਦਾ ਤਾਂ ਸਮਾਂ ਦੇ ਦਿਓ। ਠੀਕ ਹੈ ਜੀ, ਤੁਹਾਡਾ ਬਹੁਤ ਹੀ ਧੰਨਵਾਦ ਕਿ ਤੁਸੀਂ ਮੈਨੂੰ ਬੋਲਣ ਲਈ ਮੌਕਾ ਦਿੱਤਾ। ਮੈਂ ਚਰਨਜੀਤ ਸਿੰਘ ਚੰਨੀ ਜੀ ਦੇ ਲਿਆਂਦੇ ਹੋਏ ਮਤੇ ਦੀ ਪ੍ਰੋੜ੍ਹਤਾ ਕਰਦਾ ਹਾਂ। ਸਾਡੀ ਸਰਕਾਰ ਨੂੰ ਇਸ ਨੂੰ ਇੰਨ-ਬਿੰਨ ਅੱਗੇ ਵਧਾਉਣਾ ਚਾਹੀਦਾ ਹੈ। ਬਹੁਤ-ਬਹੁਤ ਧੰਨਵਾਦ ਜੀ।

**ਸਰਦਾਰ ਸਿਮਰਜੀਤ ਸਿੰਘ ਬੈਂਸ (ਆਤਮ ਨਗਰ):** ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ। ਮੈਂ ਸਤਿਕਾਰਯੋਗ ਮੰਤਰੀ ਸਰਦਾਰ ਚਰਨਜੀਤ ਸਿੰਘ ਚੰਨੀ ਜੀ ਵੱਲੋਂ ਲਿਆਂਦੇ ਹੋਏ ਪ੍ਰਸਤਾਵ ਦੇ ਹੱਕ ਵਿੱਚ ਖੜ੍ਹਾ ਹੋਇਆ ਹਾਂ। ਉਹ 2-4 ਗੱਲਾਂ ਬਹੁਤ ਹੀ ਵਧੀਆ ਕਰਕੇ ਗਏ ਹਨ ਅਤੇ ਗਿਆਨ ਦੇ ਵਿੱਚ ਵਾਧਾ ਕਰਕੇ ਗਏ ਹਨ। "ਮਾਂ ਬੋਲੀ ਜੇਕਰ ਭੁੱਲ ਜਾਓਗੇ ਤਾਂ ਕੱਖਾਂ ਵਾਗੂੰ ਰੁਲ ਜਾਓਗੇ।" "ਜੋ ਸੁੱਖ ਛੱਜੂ ਦੇ ਚੁਬਾਰੇ ਉਹ ਬਲਖ ਨਾ ਬੁਖਾਰੇ।" ਸ਼੍ਰੀਮਾਨ ਜੀ, ਜਿਹੜੀ ਗੱਲ ਅਸੀਂ ਆਪਣੀ ਮਾਂ ਬੋਲੀ ਦੇ ਵਿੱਚ ਕਿਸੇ ਨੂੰ ਸਮਝਾ ਸਕਦੇ ਹਾਂ ਉਹ ਅਨੰਦ ਕਿਸੇ ਹੋਰ ਬੋਲੀ ਦੇ ਵਿੱਚ ਨਹੀਂ ਹੈ। ਮੈਂ ਇਸ ਮਤੇ ਦੇ ਹੱਕ ਵਿੱਚ ਖੜ੍ਹਾ ਹੋਇਆ ਹਾਂ ਅਤੇ ਤੁਹਾਡੇ ਜ਼ਰੀਏ ਸਤਿਕਾਰਯੋਗ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ, ਇਹ ਮਾਂ ਬੋਲੀ ਵਾਸਤੇ ਬਹੁਤ ਕੁਝ ਕਹਿ ਕੇ ਗਏ ਹਨ। ਇਨ੍ਹਾਂ ਦਾ ਬਹੁਤ ਸ਼ੁਕਰੀਆ। ਜਦੋਂ ਵੀ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦਾ ਐਗਜ਼ਾਮ ਆਉਂਦਾ ਹੈ ਤਾਂ ਉਸ ਦਾ ਪ੍ਰਸ਼ਨ ਪੱਤਰ ਅੰਗਰੇਜ਼ੀ ਦੇ ਵਿੱਚ ਆਉਂਦਾ ਹੈ। ਬਹੁਤ ਸਾਰੇ ਲੋਕ ਉਨ੍ਹਾਂ ਪ੍ਰਸ਼ਨਾਂ ਦਾ ਉੱਤਰ ਜਾਣਦੇ ਹੁੰਦੇ ਹਨ ਪਰ ਉਹ ਪ੍ਰਸ਼ਨ ਪੱਤਰ ਅੰਗਰੇਜ਼ੀ ਦੇ ਵਿੱਚ ਹੁੰਦਾ ਹੈ, ਇਸ ਲਈ ਉਨ੍ਹਾਂ ਦੀ ਸਮਝ ਤੋਂ ਉੱਪਰ ਦੀ ਲੰਘ ਜਾਂਦਾ ਹੈ। ਜਦੋਂ ਬਾਹਰ ਆ ਕੇ ਦੂਸਰੇ ਵਿਦਿਆਰਥੀ ਉਨ੍ਹਾਂ ਪ੍ਰਸ਼ਨਾਂ ਦੇ ਉੱਤਰ ਦੱਸਦੇ ਹਨ ਤਾਂ ਅੱਗੋਂ ਉਹ ਕਹਿੰਦੇ ਹਨ ਕਿ ਸਾਨੂੰ ਤਾਂ ਇਹ ਜਵਾਬ ਆਉਂਦਾ ਸੀ। ਜਦ ਕਿ ਜਿਹੜੀ ਸਾਡੇ ਦੇਸ਼ ਦੀ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਦੁਆਰਾ ਕੋਈ ਵੀ IAS ਜਾਂ IPS ਦੀ ਪ੍ਰੀਖਿਆ ਲਈ ਜਾਂਦੀ ਹੈ ਤਾਂ ਉਸ ਵਿੱਚ ਸਟੇਟ ਭਾਸ਼ਾਵਾਂ ਦਾ ਜ਼ਿਕਰ ਹੁੰਦਾ ਹੈ ਕਿ ਤੁਸੀਂ ਕਿਹੜੀ ਭਾਸ਼ਾ ਵਿੱਚ ਉੱਤਰ ਦੇਣਾ ਚਾਹੁੰਦੇ ਹੋ ਤਾਂ ਪ੍ਰਸ਼ਨ ਪੱਤਰ ਉਸੇ ਭਾਸ਼ਾ ਵਿੱਚ ਮਿਲ ਜਾਂਦਾ ਹੈ। ਸ਼੍ਰੀਮਾਨ ਜੀ, ਜੇਕਰ ਅੱਜ ਪ੍ਰਸਤਾਵ ਪਾਸ ਹੋਇਆ ਹੈ ਤਾਂ ਸਬੰਧਿਤ ਮਹਿਕਮਿਆਂ ਨੂੰ ਸਰਕਾਰ ਇਸ ਸਬੰਧੀ ਹਦਾਇਤ ਵੀ ਜਾਰੀ ਕਰ ਦੇਵੇ। ਇਸੇ ਤਰੀਕੇ ਨਾਲ ਪੰਜਾਬ ਰਾਜ ਬਿਜਲੀ ਬੋਰਡ, ਜਿਸ ਨੂੰ ਅਸੀਂ PSPCL ਕਹਿ ਦਿੰਦੇ ਹਾਂ, ਉਹ ਜਿੰਨੀਆਂ ਵੀ ਨਵੀਂ ਭਰਤੀ ਦੀਆਂ ਪ੍ਰੀਖਿਆਵਾਂ ਲੈਂਦਾ ਹੈ, ਮਸਲਨ ਜੇ.ਈ., ਲਾਇਨਮੈਨ ਆਦਿ ਉਨ੍ਹਾਂ ਦੇ ਪ੍ਰਸ਼ਨ ਪੱਤਰ ਵੀ ਅੰਗਰੇਜ਼ੀ ਵਿੱਚ ਹੀ ਆਉਂਦੇ ਹਨ। ਇਹ ਬਹੁਤ ਹੀ ਦੁੱਖ ਦੀ ਗੱਲ ਹੈ। ਕਈ ਇੰਟੈਲੀਜੈਂਟ ਗੁਣਵਾਨ ਲੋਕ ਉਨ੍ਹਾਂ

ਪ੍ਰਸ਼ਨਾਂ ਦੇ ਉੱਤਰ ਜਾਣਦੇ ਹੁੰਦੇ ਹਨ ਪਰ ਉਹ ਅੰਗਰੇਜ਼ੀ ਦੇ ਵਿੱਚ ਲਿਖਿਆ ਹੋਣ ਕਾਰਨ ਜਵਾਬ ਨਹੀਂ ਦੇ ਸਕਦੇ। ਸਾਲ 2019 ਵਿੱਚ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਨੇ ਹੈੱਡ ਮਾਸਟਰ, ਪ੍ਰਿੰਸੀਪਲ, ਬਲਾਕ ਸਿੱਖਿਆ ਅਫਸਰ ਦੀ ਪ੍ਰੀਖਿਆ ਲਈ ਸੀ। ਇਨ੍ਹਾਂ ਦੇ ਸਾਰੇ ਪ੍ਰਸ਼ਨ ਪੱਤਰ ਅੰਗਰੇਜ਼ੀ ਵਿੱਚ ਸਨ। ਸਾਰੇ ਦਾ ਸਾਰਾ ਅਦਾਲਤੀ ਕੰਮਕਾਜ ਵੀ ਅੰਗਰੇਜ਼ੀ ਵਿੱਚ ਹੁੰਦਾ ਹੈ। ਹੁਣ ਜਿਹੜਾ ਕੋਈ ਅਦਾਲਤ ਦਾ ਹੁਕਮ ਹੁੰਦਾ ਹੈ ਤਾਂ ਮੈਜਾਰਟੀ ਜਾਂ ਬਹੁ ਗਿਣਤੀ ਨੂੰ ਸਮਝ ਹੀ ਨਹੀਂ ਆਉਂਦਾ ਕਿ ਲਿਖਿਆ ਕੀ ਹੈ। ਮੈਨੂੰ ਇਸ ਗੱਲ ਦਾ ਬਹੁਤ ਅਫਸੋਸ ਵੀ ਹੁੰਦਾ ਹੈ, ਜਦੋਂ ਗਵਰਨਰ ਸਾਹਿਬ ਬੋਲਦੇ ਹਨ ਪਰ ਰਾਜਪਾਲ ਜੀ ਹੁਰਾਂ ਨੂੰ ਕੋਈ ਇੰਟਰੱਪਟ ਨਹੀਂ ਕਰਦਾ ਜਦਕਿ ਉਹ ਅੰਗਰੇਜ਼ੀ ਵਿੱਚ ਭਾਸ਼ਣ ਦਿੰਦੇ ਹਨ ਅਤੇ ਕੁਝ ਵੀ ਸਮਝ ਨਹੀਂ ਆਉਂਦਾ। ਮੈਨੂੰ ਰੋਸ ਦੇ ਵਿੱਚ ਇਸ ਗੱਲ ਦਾ ਦੁੱਖ ਅਤੇ ਅਫਸੋਸ ਵੀ ਹੁੰਦਾ ਹੈ ਕਿਉਂਕਿ ਅੰਗਰੇਜ਼ੀ ਵਾਲੀ ਸਪੀਚ ਵੀ ਬਾਹਰ ਜਾ ਕੇ ਪਾੜਨੀ ਪੈ ਜਾਂਦੀ ਹੈ। ਸ਼੍ਰੀਮਾਨ ਜੀ, ਲੁਧਿਆਣਾ ਸ਼ਹਿਰ ਵਿੱਚ ਯੂ.ਪੀ., ਬਿਹਾਰ, ਪੱਛਮੀ ਬੰਗਾਲ ਮਤਲਬ ਪੂਰੇ ਦੇਸ਼ ਦੇ ਦੂਜਿਆਂ ਸੂਬਿਆਂ ਵਿੱਚੋਂ ਲੋਕ ਆ ਕੇ ਵਸੇ ਹੋਏ ਹਨ ਅਤੇ ਮਿਹਨਤ ਤੇ ਮਜ਼ਦੂਰੀ ਕਰਦੇ ਹਨ। ਸ਼੍ਰੀਮਾਨ ਜੀ, ਮੈਨੂੰ ਮਾਣ ਅਤੇ ਫਖਰ ਹੁੰਦਾ ਹੈ, ਜਦੋਂ ਉਨ੍ਹਾਂ ਦੇ ਬੱਚੇ ਆਉਂਦੇ ਹਨ ਅਤੇ ਠੇਠ ਪੰਜਾਬੀ ਬੋਲਦੇ ਹਨ। ਜਦੋਂ ਉਨ੍ਹਾਂ ਦੇ ਡੈਡੀ ਦਾ ਨਾਮ ਕਿਸੇ ਡੋਮੀਸਾਈਲ ਜਾਂ ਕਾਸਟ ਸਰਟੀਫਿਕੇਟ ਜਾਂ ਕਿਸੇ ਹੋਰ ਫਾਰਮਾਂ ਵਿੱਚ ਭਰਿਆ ਜਾਂਦਾ ਹੈ ਤਾਂ ਉਨ੍ਹਾਂ ਨੂੰ ਅਸੀਂ ਪੁੱਛਦੇ ਹਾਂ ਅਤੇ ਉਹ ਕਹਿੰਦੇ ਹਨ ਕਿ ਹਾਂ ਜੀ, ਮੇਰੇ ਪਾਪਾ ਯੂ.ਪੀ. ਦੇ ਹਨ, ਮੇਰੇ ਪਾਪਾ ਬਿਹਾਰ ਦੇ ਹਨ।

**ਮਾਨਯੋਗ ਡਿਪਟੀ ਸਪੀਕਰ:** ਹੁਣ ਸੰਖੇਪ ਕਰ ਦਿਓ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਅਦਾਲਤਾਂ ਤੋਂ ਬਾਅਦ ਸਕੂਲਾਂ ਵਾਲਿਆਂ ਦਾ ਬਹੁਤ ਮਾੜਾ ਹਾਲ ਹੈ। ਜਿਵੇਂ ਢਿੱਲੋਂ ਸਾਹਿਬ ਕਹਿ ਕੇ ਗਏ ਹਨ। ਉਹ ਬੱਚਿਆਂ ਨੂੰ ਸਜ਼ਾ ਦਿੰਦੇ ਹਨ ਕਿ ਤੂੰ ਪੰਜਾਬੀ ਕਿਉਂ ਬੋਲੀ? ਤੁਸੀਂ ਅੰਗਰੇਜ਼ੀ ਬੋਲੋ ਜਾਂ ਹਿੰਦੀ ਬੋਲੋ। ਮਤਲਬ ਕਿ ਇਹ ਸਭ ਸਿਰਫ ਤੇ ਸਿਰਫ ਸਟੇਟਸ ਸਿੰਬਲ ਲਈ, ਇਹ ਅੰਗਰੇਜ਼ੀ ਵਾਲਾ ਸਟੇਟਸ ਸਿੰਬਲ ਟੁੱਟਣਾ ਵੀ ਇੱਥੋਂ ਹੀ ਹੈ, ਜਦੋਂ ਆਪਾਂ ਸਾਰੇ ਠੇਠ ਪੰਜਾਬੀ ਵਿੱਚ ਗੱਲ ਕਰਾਂਗੇ। ਜਿਵੇਂ ਮੁੱਖ ਮੰਤਰੀ ਸਾਹਿਬ, ਵਿੱਤ ਮੰਤਰੀ ਸਾਹਿਬ ਆਪਣਾ ਪਹਿਲਾ ਭਾਸ਼ਣ ਅੰਗਰੇਜ਼ੀ ਵਿੱਚ ਦੇਣ ਲੱਗੇ ਸਨ, ਮੈਨੂੰ ਅਫਸੋਸ ਇਸ ਗੱਲ ਦਾ ਹੈ ਕਿ ਮੈਨੂੰ ਟੋਕਣਾ ਪਿਆ। ਮੈਂ ਸਪੀਕਰ ਸਾਹਿਬ ਨੂੰ ਬਹੁਤ ਵਾਰੀ ਕਹਿ ਦਿੰਦਾ ਹਾਂ ਕਿ ਕੋਈ ਇਸ ਤਰ੍ਹਾਂ ਦਾ ਸਾਫਟਵੇਅਰ ਤਿਆਰ ਕਰ ਦਿਓ, ਜਿਹੜਾ ਮੇਰੇ ਕੰਨਾਂ ਨੂੰ ਲੱਗ ਜਾਵੇ ਤਾਂ ਕਿ ਜੋ ਵੀ ਸਤਿਕਾਰਯੋਗ ਮੈਂਬਰ ਸਾਹਿਬਾਨ ਅੰਗਰੇਜ਼ੀ ਵਿੱਚ ਬੋਲਦੇ ਹਨ, ਉਹ ਮੈਨੂੰ ਉਲਥਾ ਕਰਕੇ/ਤਰਜਮਾ ਕਰਕੇ ਮੇਰੀ ਮਾਤ ਭਾਸ਼ਾ ਵਿੱਚ ਸੁਣਾਈ ਦੇਵੇ। ਇਸ ਨਾਲ ਸਾਰੀਆਂ ਗੱਲਾਂ ਮੇਰੀ ਸਮਝ ਵਿੱਚ ਪੈ ਜਾਣਗੀਆਂ। ਸੋ, ਜਿੱਥੇ ਮੈਂ ਇਸ ਪ੍ਰਸਤਾਵ ਦੇ ਹੱਕ ਵਿੱਚ

[ਸਰਦਾਰ ਸਿਮਰਜੀਤ ਸਿੰਘ ਬੈਂਸ]

ਖੜ੍ਹਾ ਹੋਇਆ ਹਾਂ, ਮੈਂ ਤੁਹਾਡੇ ਜ਼ਰੀਏ ਸਰਕਾਰ ਤੋਂ ਉਮੀਦ ਕਰਦਾ ਹਾਂ ਕਿ ਚਾਹੇ ਉਹ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੀ ਗੱਲ ਹੈ, ਚਾਹੇ ਉਹ ਬਿਜਲੀ ਬੋਰਡ ਨਾਲ ਸਬੰਧਿਤ ਹੈ, ਚਾਹੇ ਅਦਾਲਤਾਂ ਨਾਲ ਸਬੰਧਿਤ ਹੈ, ਸਾਰੇ ਹੀ ਕੰਮ-ਕਾਜ ਪੰਜਾਬੀ ਵਿੱਚ ਕਰਵਾਉਣ ਲਈ ਸਰਕਾਰ ਸਖਤੀ ਦੇ ਨਾਲ ਹੁਕਮ ਜਾਰੀ ਕਰੇ। ਤੁਹਾਡਾ ਬਹੁਤ-ਬਹੁਤ ਧੰਨਵਾਦ।

**ਸਰਦਾਰ ਕੁਲਤਾਰ ਸਿੰਘ ਸੰਧਵਾਂ (ਕੋਟਕਪੂਰਾ) :** ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਅੱਜ ਹਾਲਾਤ ਇਹ ਹੋਏ ਹਨ ਕਿ ਜਿਵੇਂ....

**ਮਾਨਯੋਗ ਡਿਪਟੀ ਸਪੀਕਰ :** ਪੰਜ ਮਿੰਟ ਦੇ ਵਿੱਚ-ਵਿੱਚ, ਸੰਖੇਪ ਦੇ ਵਿੱਚ ਆਪਣੀ ਗੱਲ ਕਹਿਣੀ ਹੈ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਗੁਰਬਾਣੀ ਵਿੱਚ ਇੱਕ ਤੁਕ ਆਉਂਦੀ ਹੈ:

*ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ॥*

ਇਹ ਹੋਇਆ ਕਿਉਂ? ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਨੂੰ ਤੁਹਾਡੀ ਚੇਅਰ ਨਾਲ ਗਿਲਾ ਵੀ ਹੈ ਕਿ ਮੈਂ ਪੰਜਾਬੀ ਭਾਸ਼ਾ ਪ੍ਰਸਾਰ ਭਾਈਚਾਰੇ ਵੱਲੋਂ ਦਿੱਤੇ ਹੋਕੇ ਦੇ ਤਹਿਤ ਮਤਾ ਵੀ ਦਿੱਤਾ ਸੀ ਲੇਕਿਨ ਉਹ ਪ੍ਰਵਾਨ ਨਹੀਂ ਕੀਤਾ ਗਿਆ। ਮੈਂ ਤੁਹਾਡੇ ਰਾਹੀਂ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਮਾਤ-ਭਾਸ਼ਾ ਪੰਜਾਬੀ ਨਾਲ ਪਿਆਰ ਕਰਦਿਆਂ ਹੋਇਆਂ ਮਤਾ ਲਿਆਂਦਾ ਹੈ। ਮੈਂ ਆਪਣੀ ਗੱਲ ਇੱਥੋਂ ਸ਼ੁਰੂ ਕਰਦਾ ਹਾਂ ਕਿ ਅੱਜਕੱਲ੍ਹ ਲੋਕ ਮਾਤ ਭਾਸ਼ਾ ਤੋਂ ਦੂਰ ਕਿਉਂ ਹੁੰਦੇ ਜਾਂਦੇ ਹਨ? ਭਾਸ਼ਾ ਉਹ ਪ੍ਰਫੁਲਿਤ ਹੁੰਦੀ ਹੈ, ਜਿਹੜੀ ਭਾਸ਼ਾ ਦੇ ਵਿੱਚ ਸਾਨੂੰ ਮਾਣ ਮਿਲਦਾ ਹੈ। ਸਰਕਾਰੇ-ਦਰਬਾਰੇ ਮਾਣ-ਸਨਮਾਨ ਮਿਲਦਾ ਹੈ, ਨੌਕਰੀ ਮਿਲਦੀ ਹੈ, ਰੁਜ਼ਗਾਰ ਮਿਲਦਾ ਹੈ। ਜਦੋਂ ਸਾਡੀ ਸਟੇਟ ਦਾ ਮੁੱਖੀ ਅੰਗਰੇਜ਼ੀ ਵਿੱਚ ਗੱਲ ਕਰੇ ਤਾਂ ਫਿਰ ਅਸੀਂ ਵੀ ਅੰਗਰੇਜ਼ੀ ਵਿੱਚ ਗੱਲ ਕਰਾਂਗੇ। ਮੈਂ ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ ਕਿ ਸ਼ੁਰੂਆਤ ਇੱਥੋਂ ਹੋਣੀ ਚਾਹੀਦੀ ਹੈ, ਇਸ ਪਵਿੱਤਰ ਸਦਨ ਤੋਂ ਹੋਣੀ ਚਾਹੀਦੀ ਹੈ ਕਿ ਅੱਜ ਤੋਂ ਬਾਅਦ ਜੇ ਅਸੀਂ ਪੰਜਾਬੀ ਨੂੰ ਆਪਣੀ ਮਾਤ-ਭਾਸ਼ਾ ਸਮਝਦੇ ਹਾਂ ਤਾਂ ਡਿਪਟੀ ਸਪੀਕਰ ਸਾਹਿਬ, ਘੱਟੋ-ਘੱਟ ਦਸਤਖਤ ਤਾਂ ਪੰਜਾਬੀ ਵਿੱਚ ਕਰਿਆ ਕਰੀਏ। ਮੈਂ ਇਹ ਪ੍ਰਸਤਾਵਨਾ ਕਰਦਾ ਹਾਂ ਕਿ ਇਸ ਨੂੰ ਮਤੇ ਵਿੱਚ ਐਡ ਕਰ ਲਿਆ ਜਾਵੇ। ਬਾਕੀ ਜੇ ਅਸੀਂ ਆਪਣੇ ਬਾਰੇ ਗੱਲ ਕਰੀਏ:

*ਮੈਂ ਪੰਜਾਬੀ ਪੰਜਾਬ ਦਾ ਰਹਿਣ ਵਾਲਾ,*
*ਹਾਂ ਮੈਂ ਪੇਂਡੂ ਪਰ ਸ਼ਹਿਰੀਏ ਢੰਗ ਦਾ ਹਾਂ,*
*ਸਮਝਾਂ ਉਰਦੂ, ਹਿੰਦੀ ਵੀ ਖੂਬ ਬੋਲਾਂ,*
*ਥੋੜ੍ਹੀ ਬਹੁਤ ਅੰਗਰੇਜ਼ੀ ਵੀ ਅੰਗਦਾ ਹਾਂ।*
*ਬੋਲੀ ਆਪਣੀ ਨਾਲ ਪਿਆਰ ਰੱਖਾਂ,*
*ਇਹ ਗੱਲ ਆਖਣੋਂ ਕਦੀ ਨਾ ਸੰਗਦਾ ਹਾਂ,*
*ਰਵਾਂ ਇੱਥੇ ਤੇ ਯੂ.ਪੀ. ਵਿੱਚ ਕਰਾਂ ਗੱਲਾਂ,*
*ਐਸੀ ਅਕਲ ਨੂੰ ਛਿੱਕੇ ਤੇ ਟੰਗਦਾ ਹਾਂ।*
*ਮੈਂ ਪੰਜਾਬੀ ਪੰਜਾਬ ਦਾ 'ਸ਼ਰਫ' ਸੇਵਕ,*
*ਸਦਾ ਖੈਰ ਪੰਜਾਬੀ ਦੀ ਮੰਗਦਾ ਹਾਂ।*

ਅੱਜ ਬੜੀ ਖੁਸ਼ੀ ਦੀ ਗੱਲ ਹੈ ਕਿ ਸਦਨ ਸਾਡੀ ਮਾਂ-ਬੋਲੀ ਪੰਜਾਬੀ ਨੂੰ ਉਸ ਦੇ ਬਣਦੇ ਹੱਕ ਦਿਵਾਉਣ ਲਈ ਚਰਚਾ ਕਰ ਰਿਹਾ ਹੈ। ਸੋ, ਸਭ ਤੋਂ ਪਹਿਲਾਂ ਕੋਈ ਵੀ ਕਾਰਜ ਸਾਨੂੰ ਆਪਣੇ ਆਪ ਤੋਂ ਸ਼ੁਰੂ ਕਰਨਾ ਪੈਣਾ ਹੈ। ਸਾਡੇ ਮਾਨਯੋਗ ਮੁੱਖ ਮੰਤਰੀ ਸਾਹਿਬ ਤੇ ਗਵਰਨਰ ਸਾਹਿਬ ਦਾ ਭਾਸ਼ਣ ਵੀ ਪੰਜਾਬੀ ਵਿੱਚ ਹੋਵੇਗਾ ਤਾਂ ਮੰਨਾਂਗੇ। ਨਹੀਂ ਤਾਂ ਅਗਲੀ ਵਾਰੀ ਅਸੀਂ ਉਸ ਦਾ ਬਾਈਕਾਟ ਕਰਾਂਗੇ।

**ਸਰਦਾਰ ਦਰਸ਼ਨ ਸਿੰਘ ਬਰਾੜ :** (ਬੈਠੇ-ਬੈਠੇ) ਕੋਈ ਚੰਗੀ ਗੱਲ ਵੀ ਕਰ ਲਿਆ ਕਰੋ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਆਹ ਮਾੜੀ ਗੱਲ ਹੈ? ਮੇਰੇ ਸਤਿਕਾਰਯੋਗ ਮਾਮਾ ਜੀ ਇਸ ਗੱਲ ਨੂੰ ਚੰਗੀ ਨਹੀਂ ਸਮਝਦੇ। (ਹਾਸਾ) ਸੋ, ਅਗਲੀ ਗੱਲ ਕਰਦੇ ਹਾਂ ਕਿ ਪੰਜਾਬੀ ਦੇ ਪ੍ਰਚਾਰ ਪ੍ਰਸਾਰ ਵਾਲੇ ਦੋ ਅਹਿਮ ਅਦਾਰੇ- ਭਾਸ਼ਾ ਵਿਭਾਗ ਅਤੇ ਪੰਜਾਬ ਆਰਟਸ ਕੌਂਸਲ ਨੂੰ ਲੋੜੀਂਦੇ ਫੰਡ ਹੀ ਮੁਹੱਈਆ ਨਾ ਕਰਵਾਏ ਹੋਣ ਤਾਂ ਫਿਰ ਐਫ.ਐਮ. ਸਾਹਿਬ, ਅਸੀਂ ਪੰਜਾਬੀ ਭਾਸ਼ਾ ਦੀ ਕਿਵੇਂ ਸੇਵਾ ਕਰਾਂਗੇ? ਮੈਂ ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ ਕਿ ਫੰਡ ਵੀ ਦਿੱਤੇ ਜਾਣ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :**ਸਰ, ਪੁਆਇੰਟ ਆਫ ਆਰਡਰ।ਬੜੀ ਇੰਪਾਰਟੈਂਟ ਗੱਲ ਹੈ।

**ਮਾਨਯੋਗ ਡਿਪਟੀ ਸਪੀਕਰ :** ਪਲੀਜ਼ ਇਨ੍ਹਾਂ ਦਾ ਇੱਕ ਮਿੰਟ ਰਹਿ ਗਿਆ ਹੈ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਭਾਵੇਂ ਸਾਲ 2008 ਦੇ ਪੰਜਾਬੀ ਅਤੇ ਹੋਰ ਭਾਸ਼ਾਵਾਂ ਦੀ ਪੜ੍ਹਾਈ ਸਬੰਧੀ ਕਾਨੂੰਨ ਅਨੁਸਾਰ ਸਾਰੇ ਸਕੂਲਾਂ ਵਿੱਚ ਦਸਵੀਂ ਤੱਕ ਦੀ ਪੜ੍ਹਾਈ ਪੰਜਾਬੀ ਵਿੱਚ ਕੀਤੇ ਜਾਣ ਦੀ ਵਿਵਸਥਾ ਕੀਤੀ ਗਈ ਹੈ ਪਰ ਅਜੇ ਤੱਕ ਬਹੁਤ ਸਾਰੇ ਗੈਰ-ਸਰਕਾਰੀ ਸਕੂਲ ਅੱਠਵੀਂ ਤੋਂ ਬਾਅਦ ਪੰਜਾਬੀ ਵਿਸ਼ਾ ਨਹੀਂ ਪੜ੍ਹਾ ਰਹੇ। ਕੀ

ਇਸ ਬਾਰੇ ਮੰਤਰੀ ਸਾਹਿਬ ਧਿਆਨ ਦੇਣਗੇ ਅਤੇ ਸਰਕਾਰ ਧਿਆਨ ਦੇਵੇਗੀ? ਪੰਜਾਬ ਦੇ ਸਾਰੇ ਸਰਕਾਰੀ ਅਤੇ ਗੈਰ-ਸਰਕਾਰੀ ਬੋਰਡਾਂ ਤੇ ਸਭ ਤੋਂ ਉੱਪਰ ਪੰਜਾਬੀ ਵਿੱਚ ਜਾਣਕਾਰੀ ਲਿਖੀ ਜਾਣੀ ਚਾਹੀਦੀ ਹੈ। ਮੈਂ ਮਤੇ ਵਿੱਚ ਇਹ ਵੀ ਪ੍ਰਸਤਾਵ ਕਰਦਾ ਹਾਂ। ਸਭ ਤੋਂ ਵੱਡੀ ਗੱਲ ਮੈਂ ਇੱਧਰ ਵਾਲਿਆਂ ਨੂੰ ਕਹਿੰਦਾ ਹਾਂ, (ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਬੈਂਚਿਜ਼ ਵੱਲ ਇਸ਼ਾਰਾ) ਤੁਹਾਨੂੰ ਸਭ ਤੋਂ ਵੱਡਾ ਮੌਕਾ ਮਿਲਿਆ ਸੀ।

**ਮਾਨਯੋਗ ਡਿਪਟੀ ਸਪੀਕਰ:** ਸਰਦਾਰ ਕੁਲਤਾਰ ਸਿੰਘ ਜੀ, ਧੰਨਵਾਦ। ਤੁਸੀਂ ਬੈਠੋ ਜੀ, ਟਾਈਮ ਹੋ ਗਿਆ ਹੈ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਡਿਪਟੀ ਸਪੀਕਰ ਸਾਹਿਬ, ਇੱਕ ਮਿੰਟ ਜੀ। ਮੈਨੂੰ ਆਪਣੀ ਗੱਲ ਪੂਰੀ ਕਰ ਲੈਣ ਦਿਉ।

**Mr. Deputy Speaker:** Please, please. ਮੈਂ ਦੁਬਾਰਾ ਕਹਿੰਦਾ ਹਾਂ ਕਿ ਤੁਸੀਂ ਕਿਰਪਾ ਕਰਕੇ ਬੈਠ ਜਾਉ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਸਰ, ਮੈਨੂੰ ਆਪਣੀ ਗੱਲ ਕਨਕਲੂਡ ਤਾਂ ਕਰ ਲੈਣ ਦਿਉ। ਡਿਪਟੀ ਸਪੀਕਰ ਸਾਹਿਬ, ਗੱਲ ਇਹ ਹੈ ਕਿ ਸਾਨੂੰ ਪੰਜਾਬੀ ਵਿੱਚ ਨਿਆਂ ਹੀ ਨਹੀਂ ਮਿਲ ਰਿਹਾ। ਜਦੋਂ ਇਨ੍ਹਾਂ ਦੀ ਸਰਕਾਰ ਸੀ, (ਸ਼੍ਰੋਮਣੀ ਅਕਾਲੀ ਦਲ ਬੈਂਚਿਜ਼ ਵੱਲ ਇਸ਼ਾਰਾ) ਮਾਨਯੋਗ ਹਾਈ ਕੋਰਟ ਨੇ ਕਿਹਾ ਸੀ ਕਿ 800 ਬੰਦਾ ਭਰਤੀ ਕਰਕੇ ਦਿਉ, ਜੋ ਪੰਜਾਬੀ ਵਿੱਚ ਜਜਮੈਂਟਾਂ ਲਿਖਾਏਗਾ, ਇਹ ਵੀ ਉਸ ਫਾਈਲ ਨੂੰ ਦੱਬ ਕੇ ਬੈਠੇ ਰਹੇ ਅਤੇ ਤੁਸੀਂ ਵੀ ਉਸ ਫਾਈਲ ਨੂੰ ਦੱਬ ਕੇ ਬੈਠੇ ਹੋ । ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ..

**ਮਾਨਯੋਗ ਡਿਪਟੀ ਸਪੀਕਰ:** ਧੰਨਵਾਦ, ਧੰਨਵਾਦ। ਸਰਦਾਰ ਕੁਲਤਾਰ ਸਿੰਘ ਜੀ, ਧੰਨਵਾਦ। ਤੁਸੀਂ ਬੈਠ ਜਾਉ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਡਿਪਟੀ ਸਪੀਕਰ ਸਾਹਿਬ, 800 ਪੰਜਾਬੀ ਟਰਾਂਸਲੇਟਰਾਂ ਨੂੰ ਭਰਤੀ ਕੀਤਾ ਜਾਵੇ।

**ਮਾਨਯੋਗ ਡਿਪਟੀ ਸਪੀਕਰ:** ਕੁਲਤਾਰ ਜੀ, ਤੁਹਾਡਾ ਧੰਨਵਾਦ। ਤੁਸੀਂ ਬੈਠ ਜਾਉ। ਮੈਂ ਸਮਝਦਾ ਹਾਂ ਕਿ ਸਾਰੀਆਂ ਪਾਰਟੀਆਂ ਦਾ .....

(ਇਸ ਸਮੇਂ ਲੀਡਰ ਆਫ ਦਿ ਆਪੋਜ਼ੀਸ਼ਨ, ਸਰਦਾਰ ਹਰਪਾਲ ਸਿੰਘ ਚੀਮਾ ਤੇ ਆਮ ਆਦਮੀ ਪਾਰਟੀ ਦੇ ਮੈਂਬਰ, ਸ਼੍ਰੀ ਬੁੱਧ ਰਾਮ ਆਪਣੀਆਂ-ਆਪਣੀਆਂ ਸੀਟਾਂ ਉਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਡਿਪਟੀ ਸਪੀਕਰ:** ਤੁਸੀਂ ਬੈਠ ਜਾਉ। Time is over. ਪਲੀਜ਼ ਬੈਠ ਜਾਉ। ਬੈਠ ਜਾਉ।(ਵਿਘਨ) ਠੀਕ ਹੈ, ਚੀਮਾ ਜੀ, ਇਕ-ਦੋ ਮਿੰਟ ਵਿੱਚ ਤੁਸੀਂ ਆਪਣੀ ਗੱਲ ਕਹਿ ਲਵੋ।ਬੁੱਧ ਰਾਮ ਜੀ, ਤੁਸੀਂ ਬੈਠ ਜਾਉ। (ਵਿਘਨ) ਹੁਣ ਬਜਟ ਉਤੇ ਬਹਿਸ ਸ਼ੁਰੂ

ਹੋਣੀ ਹੈ, ਉਸ ਉਤੇ ਤੁਸੀਂ ਇਕ-ਦੋ ਮਿੰਟ ਹੋਰ ਲੈ ਲੈਣਾ, ਕਿਰਪਾ ਕਰਕੇ ਤੁਸੀਂ ਹੁਣ ਬੈਠ ਜਾਉ। ਤੁਸੀਂ ਸਿਸਟਮ ਨੂੰ ਕਿਉਂ ਖਰਾਬ ਕਰਦੇ ਹੋ? ਤੁਸੀਂ ਬੈਠ ਜਾਉ। ਪਲੀਜ਼।

**ਸਰਦਾਰ ਹਰਪਾਲ ਸਿੰਘ ਚੀਮਾ (ਦਿੜ੍ਹਬਾ, ਐਸ.ਸੀ.) :** ਡਿਪਟੀ ਸਪੀਕਰ ਸਾਹਿਬ, ਇਹ ਬਹੁਤ ਹੀ ਅੱਛਾ ਮਤਾ ਆਇਆ ਹੈ, ਅਸੀਂ ਇਸ ਮਤੇ ਦੀ ਪ੍ਰੋੜ੍ਹਤਾ ਕਰਦੇ ਹਾਂ, ਇਸ ਮਤੇ ਦੀ ਤਾਈਦ ਕਰਦੇ ਹਾਂ। ਅੱਜ ਬਾਜਵਾ ਸਾਹਿਬ ਇਥੇ ਹਾਜ਼ਰ ਨਹੀਂ ਹਨ, ਉਨ੍ਹਾਂ ਨੇ ਕਿਹਾ ਸੀ ਕਿ ਸਰਕਾਰ ਪੰਜਾਬੀ ਭਾਸ਼ਾ ਦਾ ਇੱਕ ਐਕਟ ਲੈ ਕੇ ਆਵੇਗੀ ਪਰੰਤੂ ਉਹ ਲੈ ਕੇ ਨਹੀਂ ਆਏ। ਮੈਂ ਸਮਝਦਾ ਹਾਂ ਕਿ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਤ ਕਰਨ ਲਈ ਸਾਨੂੰ ਇੱਕ ਟ੍ਰਿਬਿਊਨਲ ਬਣਾਉਣਾ ਚਾਹੀਦਾ ਹੈ। ਇਸ ਬਾਰੇ ਮੈਂ ਇਹ ਪ੍ਰਸਤਾਵ ਪੇਸ਼ ਕਰਦਾ ਹਾਂ ਕਿ ਇੱਕ ਟ੍ਰਿਬਿਊਨਲ ਹੋਣਾ ਚਾਹੀਦਾ ਹੈ। ਜਿਹੜੇ ਅਫਸਰ ਸਾਹਿਬਾਨ ਜਾਂ ਸਕੂਲਾਂ ਬਾਰੇ ਢਿੱਲੋਂ ਸਾਹਿਬ ਨੇ ਕਿਹਾ ਹੈ ਕਿ ਅੰਗਰੇਜ਼ੀ ਮੀਡੀਅਮ ਵਾਲੇ ਸਕੂਲ ਪੰਜਾਬੀ ਲਾਗੂ ਨਹੀਂ ਕਰਦੇ, ਉਨ੍ਹਾਂ ਨੂੰ ਪਨਿਸ਼ਮੈਂਟ ਦੇਣ ਲਈ ਸਾਨੂੰ ਕੋਈ ਨਾ ਕੋਈ ਰੂਲ ਬਣਾਉਣੇ ਚਾਹੀਦੇ ਹਨ ਤਾਂ ਕਿ ਇਹ ਭਾਸ਼ਾ ਅੱਗੇ ਵੱਧ ਸਕੇ। ਦੂਸਰਾ, ਸਭ ਤੋਂ ਵੱਡੀ ਗੱਲ ਇਹ ਹੈ ਕਿ ਆਨਰੇਬਲ ਸੁਪਰੀਮ ਕੋਰਟ ਵੱਲੋਂ ਕਹਿਣ ਤੇ ਲਗਭਗ 8 ਭਾਸ਼ਾਵਾਂ ਵਿੱਚ ਜਜਮੈਂਟਾਂ ਸਾਨੂੰ ਮਿਲਣ ਲੱਗ ਗਈਆਂ ਹਨ ਪਰ ਸਾਡੀ ਪੰਜਾਬ ਸਰਕਾਰ ਵੱਲੋਂ ਇਸ ਵਾਸਤੇ ਕੋਈ ਉਪਰਾਲਾ ਨਹੀਂ ਹੋਇਆ। ਪੰਜਾਬ ਦੀ ਆਨਰੇਬਲ ਹਾਈ ਕੋਰਟ ਅਤੇ ਪੰਜਾਬ ਦੀਆਂ ਜਿੰਨੀਆਂ ਵੀ ਡਿਸਟ੍ਰਿਕਟ ਜਾਂ ਸੈਸ਼ਨ ਕੋਰਟਜ਼ ਹਨ, ਉਨ੍ਹਾਂ ਵਿੱਚ ਜਜਮੈਂਟਾਂ ਪੰਜਾਬੀ ਵਿੱਚ ਅਵੇਲੇਬਲ ਹੋਣ ਅਤੇ ਪੰਜਾਬੀ ਵਿੱਚ ਮਿਲਣ ਲੱਗ ਜਾਣ ਕਿਉਂਕਿ ਇਥੇ ਪੰਜਾਬੀ ਵਿੱਚ ਜਜਮੈਂਟਾਂ ਨਹੀਂ ਮਿਲਦੀਆਂ। ਇਹ ਵੀ ਪ੍ਰਸਤਾਵ ਕੀਤਾ ਜਾਵੇ ਕਿ ਅਦਾਲਤਾਂ ਪੰਜਾਬੀ ਵਿਚ ਕੰਮ-ਕਾਰ ਕਰਨ ਔਰ ਪੰਜਾਬੀ ਵਿੱਚ ਆਪਣੀਆਂ ਜਜਮੈਂਟਾਂ, ਆਪਣੇ ਫੈਸਲੇ ਸੁਣਾਉਣ ਤਾਂ ਕਿ ਆਮ ਵਿਅਕਤੀ ਜੋ ਇੰਗਲਿਸ਼ ਨਹੀਂ ਜਾਣਦਾ, ਹਿੰਦੀ ਨਹੀਂ ਜਾਣਦਾ ਜਾਂ ਕੋਈ ਹੋਰ ਭਾਸ਼ਾ ਨਹੀਂ ਜਾਣਦਾ, ਉਹ ਆਪਣੀ ਜਜਮੈਂਟ, ਆਪਣਾ ਫੈਸਲਾ ਪੰਜਾਬੀ ਵਿੱਚ ਪੜ੍ਹ ਕੇ ਤਸੱਲੀ ਪ੍ਰਗਟ ਕਰ ਸਕੇ ਜਾਂ ਉਹ ਉਸ ਨੂੰ ਚੰਗੀ ਤਰ੍ਹਾਂ ਸਮਝ ਸਕੇ। ਸੋ, ਮੇਰਾ ਇਹ ਪ੍ਰਸਤਾਵ ਹੈ ਕਿ ਘੱਟੋ-ਘੱਟ ਇਸ ਤਰ੍ਹਾਂ ਦੀ ਸੋਧ ਕੀਤੀ ਜਾਵੇ ਅਤੇ ਅਦਾਲਤਾਂ ਨੂੰ ਵੀ ਹਦਾਇਤ ਕੀਤੀ ਜਾਵੇ ਕਿ ਉਹ ਪੰਜਾਬੀ ਵਿਚ ਫੈਸਲੇ ਸੁਣਾਉਣ, ਪੰਜਾਬੀ ਵਿਚ ਫੈਸਲੇ ਲਾਗੂ ਕਰਨ।

ਤੀਜਾ, ਪੰਜਾਬੀ ਭਾਸ਼ਾ ਕਮਿਸ਼ਨ ਜਲਦੀ ਬਣੇ । ਡਿਪਟੀ ਸਪੀਕਰ ਸਾਹਿਬ, ਐਫ.ਐਮ.ਸਾਹਿਬ ਬੈਠੇ ਹਨ। ਪਿਛਲੇ ਬਜਟ ਸੈਸ਼ਨ ਵਿੱਚ ਵੀ ਅਨਾਊਂਸ ਹੋਇਆ ਸੀ ਕਿ ਪੰਜ ਕਰੋੜ ਰੁਪਿਆ ਸੈਂਟਰਲ ਲਾਇਬ੍ਰੇਰੀ, ਪਟਿਆਲਾ ਵਾਸਤੇ ਦਿੱਤੇ ਜਾਣਗੇ ਲੇਕਿਨ ਅਫਸੋਸ ਦੀ ਗੱਲ ਹੈ ਕਿ ਪਿਛਲੇ ਸਾਲ ਇਹ ਪੈਸੇ ਨਹੀਂ ਦਿੱਤੇ ਗਏ ਅਤੇ ਇਸ ਸਾਲ ਵੀ ਕੋਈ ਪ੍ਰਬੰਧ ਨਹੀਂ ਕੀਤਾ ਗਿਆ।

**ਮਾਨਯੋਗ ਡਿਪਟੀ ਸਪੀਕਰ:** ਚੀਮਾ ਜੀ, ਬੈਠ ਜਾਉ। ਚੀਮਾ ਜੀ, ਤੁਸੀਂ ਬੈਠ ਜਾਉ।

**ਸਰਦਾਰ ਹਰਪਾਲ ਸਿੰਘ ਚੀਮਾ:** ਡਿਪਟੀ ਸਪੀਕਰ ਸਾਹਿਬ, ਉਸ ਲਈ ਪੰਜ ਕਰੋੜ ਰੁਪਏ ਰੱਖੇ ਜਾਣ। (ਵਿਘਨ) ਡਿਪਟੀ ਸਪੀਕਰ ਸਾਹਿਬ, ਭਾਸ਼ਾ ਵਿਭਾਗ ਵਿੱਚ 500 ਦੇ ਕਰੀਬ ਪੋਸਟਾਂ ਖਾਲੀ ਪਈਆਂ ਹਨ, ਉਹ ਪੋਸਟਾਂ ਤੁਰੰਤ ਭਰੀਆਂ ਜਾਣ। ਮੈਂ ਸਮਝਦਾ ਹਾਂ ਕਿ ਇਹ ਜ਼ਰੂਰਤ ਤਾਂ ਹੀ ਪੂਰੀ ਹੋਵੇਗੀ।

**ਮਾਨਯੋਗ ਡਿਪਟੀ ਸਪੀਕਰ:** ਚੀਮਾ ਜੀ, ਧੰਨਵਾਦ ਜੀ। ਤੁਸੀਂ ਬੈਠ ਜਾਉ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਸ਼ਰਨਜੀਤ ਸਿੰਘ ਢਿੱਲੋਂ ਅਤੇ ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਡਿਪਟੀ ਸਪੀਕਰ:** ਢਿੱਲੋਂ ਜੀ, ਪਲੀਜ਼, ਹੁਣ ਤੁਸੀਂ ਬੈਠ ਜਾਉ। (ਵਿਘਨ) ਢਿੱਲੋਂ ਜੀ, ਤੁਸੀਂ ਬੈਠ ਜਾਉ। ਤੁਸੀਂ ਬਜਟ ਉਤੇ ਬੋਲ ਲੈਣਾ । ਚੰਦੂਮਾਜਰਾ ਜੀ, ਤੁਸੀਂ ਬੋਲ ਲਵੋ ਪਰ ਆਪਣੀ ਗੱਲ ਦੋ ਮਿੰਟ ਵਿਚ ਮੁਕੰਮਲ ਕਰ ਲੈਣਾ ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ (ਸਨੌਰ):** ਡਿਪਟੀ ਸਪੀਕਰ ਸਾਹਿਬ, ਧੰਨਵਾਦ। ਪਹਿਲਾਂ ਤਾਂ ਮੈਂ ਮਾਨਯੋਗ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਔਰ ਖਾਸ ਤੌਰ ਤੇ ਤਕਨੀਕੀ ਸਿੱਖਿਆ ਮਹਿਕਮੇ ਦੇ ਵਜ਼ੀਰ ਵਲੋਂ ਐਸਾ ਮਤਾ ਲੈ ਕੇ ਆਉਣਾ ਹੋਰ ਵੀ ਉਤਸ਼ਾਹਜਨਕ ਗੱਲ ਹੈ, ਤੁਹਾਡਾ ਧੰਨਵਾਦ। ਸਰ, ਅੱਜ ਜਦੋਂ ਗੱਲਾਂ ਚੱਲ ਰਹੀਆਂ ਹਨ ਕਿ 50 ਸਾਲਾਂ ਬਾਅਦ ਪੰਜਾਬੀ ਮਾਂ ਬੋਲੀ ਖਤਮ ਹੋ ਸਕਦੀ ਹੈ, ਇਸ ਸਮੇਂ ਮੈਂ ਸਮਝਦਾ ਹਾਂ ਕਿ ਸਾਡੇ ਸਮੁੱਚੇ ਪੰਜਾਬੀਆਂ ਨੂੰ ਸਾਡੀ ਮਾਂ ਬੋਲੀ ਬਾਰੇ ਬਾਬੂ ਫਿਰੋਜ਼ਦੀਨ ਸ਼ਰਫ ਨੇ ਇੱਕ ਉਲਾਂਭਾ ਪਹੁੰਚਾਉਣ ਦਾ ਯਤਨ ਕੀਤਾ ਹੈ :

*ਮੁੱਠਾਂ ਮੀਟ ਕੇ ਨੁਕਰੇ ਹਾਂ ਬੈਠੀ, ਟੁੱਟੀ ਹੋਈ ਰਬਾਬ ਰਬਾਬੀਆਂ ਦੀ,*
*ਪੁੱਛੀ ਬਾਤ ਨਾ ਜਿਨ੍ਹਾਂ ਨੇ 'ਸ਼ਰਫ' ਮੇਰੀ, ਵੇ ਮੈਂ ਬੋਲੀ ਹਾਂ ਉਨ੍ਹਾਂ ਪੰਜਾਬੀਆਂ ਦੀ।*

ਸਰ, ਅੱਜ ਬਹੁਤ ਸਾਰੀਆਂ ਗੱਲਾਂ ਹੋਈਆਂ ਹਨ। ਜਿਥੇ ਮੈਂ ਇਸ ਮਤੇ ਦਾ ਸਮਰਥਨ ਕਰਦਾ ਹਾਂ, ਉਥੇ ਕੁਝ ਜ਼ਰੂਰੀ ਨੁਕਤੇ ਅਤੇ ਕੁਝ ਆਪਣੇ ਸੁਝਾਅ ਕੁਦਰਤੀ ਰੂਪ ਵਿੱਚ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ। ਪਹਿਲੀ ਗੱਲ ਆਪਣੇ ਪੰਜਾਬੀ ਦੇ ਟੀਚਰਜ਼ ਦੀ ਪੂਰੀ ਭਰਤੀ ਕੀਤੀ ਜਾਵੇ।

**ਮਾਨਯੋਗ ਡਿਪਟੀ ਸਪੀਕਰ:** ਚੰਦੂਮਾਜਰਾ ਜੀ, ਸੰਖੇਪ ਵਿੱਚ ਗੱਲ ਕਰੋ।(ਵਿਘਨ)

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਡਿਪਟੀ ਸਪੀਕਰ ਸਾਹਿਬ, ਪੰਜਾਬ ਰਾਜ ਭਾਸ਼ਾ ਵਿਭਾਗ 'ਸ਼੍ਰੋਮਣੀ ਸਾਹਿਤਕਾਰ' ਪੁਰਸਕਾਰ ਦਿੰਦਾ ਹੁੰਦਾ ਸੀ ਜਿਸ ਵਿੱਚ ਸ਼੍ਰੋਮਣੀ ਕਵੀ, ਸ਼੍ਰੋਮਣੀ ਰਾਗੀ ਸਮੇਤ 18 ਪੁਰਸਕਾਰ ਹੁੰਦੇ ਸਨ। ਸਰ, ਪਿਛਲੇ ਕਾਫੀ ਸਮੇਂ ਤੋਂ ਇਹ ਪੁਰਸਕਾਰ ਨਹੀਂ ਦਿੱਤੇ ਜਾ ਰਹੇ। ਇਹ ਇੱਕ ਕੜੀ ਸੀ, ਜਿਹੜੀ ਚੰਗੇ ਸਾਹਿਤਕਾਰ ਪੈਦਾ ਕਰਦੀ ਸੀ।

**ਮਾਨਯੋਗ ਡਿਪਟੀ ਸਪੀਕਰ :** ਤੁਹਾਡੀ ਗੱਲ ਆ ਗਈ ਹੈ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਇੱਕ ਮਿੰਟ ਜੀ। ਇਸ ਦੇ ਨਾਲ ਹੀ ਪੰਜਾਬੀ ਸਾਹਿਤ ਰਤਨ ਪੁਰਸਕਾਰ ਹੁੰਦਾ ਸੀ, ਜਿਸ ਵਿੱਚ 10 ਲੱਖ ਰੁਪਏ ਮਿਲਦੇ ਸੀ, ਉਹ ਵੀ ਬੰਦ ਪਿਆ ਹੈ। ਸਕੂਲਾਂ ਵਿੱਚ ਬਾਲ ਸਾਹਿਤ ਵੰਡਿਆ ਜਾਂਦਾ ਸੀ, ਜੋ ਬੱਚਿਆਂ ਦੀ ਮਾਨਸਿਕਤਾ ਨੂੰ ਸਾਡੀ ਭਾਸ਼ਾ ਅਤੇ ਸਾਡੇ ਵਜੂਦ ਨਾਲ ਜੋੜਦਾ ਸੀ, ਉਸ ਵਾਸਤੇ ਗੌਰਮਿੰਟ ਆਫ ਇੰਡੀਆ ਦੀ ਗ੍ਰਾਂਟ ਤਾਂ ਆਉਂਦੀ ਹੈ ਪਰ ਉਹ ਵੀ ਮਾਮੂਲੀ ਹੁੰਦੀ ਹੈ। ਮੈਂ ਪੰਜਾਬ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਪੰਜਾਬੀ ਭਾਸ਼ਾ ਪ੍ਰਤੀ ਉਤਸ਼ਾਹਿਤ ਕਰਨ ਲਈ ਜਿੰਨਾ ਬਾਲ ਸਾਹਿਤ ਪੰਜਾਬੀ ਵਿੱਚ ਪੜ੍ਹਾਓਗੇ, ਤੁਹਾਡੀ ਅੱਜ ਦੀ ਜੈਨਰੇਸ਼ਨ ਨੂੰ ਤੁਹਾਡੇ ਕੱਲ੍ਹ ਨਾਲ ਜੋੜਨ ਵਾਸਤੇ ਇਹ ਬਹੁਤ ਜ਼ਿਆਦਾ ਸਹਾਈ ਹੋਵੇਗਾ।

ਇਸ ਦੇ ਨਾਲ ਹੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬੀ ਯੂਨੀਵਰਸਿਟੀ, ਪਟਿਆਲਾ ਭਾਸ਼ਾ ਨੂੰ ਪ੍ਰੋਮੋਟ ਕਰਨ ਵਾਸਤੇ ਬਣੀ ਸੀ। ਅੱਜ ਪੰਜਾਬ ਯੂਨੀਵਰਸਿਟੀ ਵਿੱਚ ਸਾਇੰਸ ਵਰਗੇ ਸਬਜੈਕਟਸ ਦੀ ਪੀ.ਐਚ.ਡੀ. ਪੰਜਾਬੀ ਵਿੱਚ ਹੁੰਦੀ ਹੈ ਪਰ ਸਾਡੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿੱਚ ਅਜਿਹਾ ਨਹੀਂ ਹੁੰਦਾ। ਸਰ, ਇਹ ਸੋਚਣ ਵਾਲੀ ਗੱਲ ਹੈ ਅਤੇ ਚਿੰਤਨ ਕਰਨ ਵਾਲੀ ਗੱਲ ਹੈ। ਮੈਂ ਸਾਇੰਸ ਅਤੇ ਕਮਰਸ ਵਰਗੇ ਸਬਜੈਕਟਸ ਬਾਰੇ ਇਸ ਕਰਕੇ ਕਿਹਾ ਹੈ ਕਿਉਂਕਿ ਤਕਨੀਕੀ ਸਿੱਖਿਆ ਵਿਭਾਗ ਦੇ ਵਜ਼ੀਰ ਸਾਹਿਬ ਵੱਲੋਂ ਅਜਿਹਾ ਮਤਾ ਆਉਣਾ ਸਾਨੂੰ ਹੋਰ ਵੀ ਉਤਸ਼ਾਹਿਤ ਕਰਦਾ ਹੈ। ਸਾਊਥ ਵਿੱਚ ਸਾਇੰਸ ਅਤੇ ਕਮਰਸ ਵਰਗੇ ਸਬਜੈਕਟ ਆਪਣੀ ਮਾਂ ਬੋਲੀ ਵਿੱਚ ਪੜ੍ਹਾਏ ਜਾਂਦੇ ਹਨ ਪਰ ਪੰਜਾਬ ਵਿੱਚ ਸਾਇੰਸ, ਕਮਰਸ ਅਤੇ ਖਾਸ ਕਰਕੇ ਐਗਰੀਕਲਚਰ ਵਰਗਾ ਸਬਜੈਕਟ, ਜੋ ਕਿ ਸਾਡਾ ਪੰਜਾਬੀਆਂ ਦਾ ਮੇਨ ਕਿੱਤਾ ਹੈ, ਉਸ ਦੇ ਸਬਜੈਕਟ ਅਤੇ ਰਿਸੋਰਸ ਮੈਟਰ ਵੀ ਤਕਰੀਬਨ ਅੱਜ ਸਾਰਾ ਇੰਗਲਿਸ਼ ਵਿੱਚ ਹੀ ਮੁਹੱਈਆ ਕਰਵਾਇਆ ਜਾਂਦਾ ਹੈ। ਸੋ, ਇਹ ਗੌਰ ਕਰਨ ਵਾਲੀਆਂ ਗੱਲਾਂ ਹਨ। ਮੈਂ ਉਮੀਦ ਕਰਦਾ ਹਾਂ ਕਿ ਸਰਕਾਰ ਕੇਵਲ ਮਤੇ ਤੱਕ ਹੀ ਸੀਮਤ ਨਹੀਂ ਰਹੇਗੀ, ਜੇਕਰ ਇਨ੍ਹਾਂ ਗੱਲਾਂ ਨੂੰ ਆਪਾਂ ਲਾਗੂ ਕਰਾਂਗੇ, ਖਾਸ ਕਰਕੇ ਜਿਵੇਂ ਮੰਤਰੀ ਜੀ ਨੇ ਗੱਲ ਕੀਤੀ ਹੈ, ਆਪਣੇ ਮਹਿਕਮੇ ਵਿੱਚ ਇਸ ਦੀ ਬਹੁਤ ਵੱਡੀ ਲੋੜ ਹੈ, ਇਸ ਦੇ ਨਾਲ ਹੀ ਸਾਈਨ ਬੋਰਡ ਵੀ ਆਲਰੇਡੀ ਸਰਕਾਰ ਦੇ ਨੋਟਿਸ ਵਿੱਚ ਹਨ। ਅਜਿਹੀਆਂ ਚੀਜ਼ਾਂ ਜ਼ਰੂਰ ਪੰਜਾਬੀ ਵਿੱਚ ਲਿਆਂਦੀਆਂ ਜਾਣ। ਅਖੀਰ ਵਿੱਚ ਮੈਂ ਕਹਿਣਾ ਚਾਹੁੰਦਾ ਹਾਂ –

*ਪੰਜਾਬੀ ਭਾਸ਼ਾ ਈਮਾਨ ਹਰ ਇਕ ਪੰਜਾਬੀ ਦਾ,*
*ਆਓ ਮਿਲ ਕੇ ਕਰੀਏ ਸਨਮਾਨ ਪੰਜਾਬੀ ਦਾ।*

ਬਹੁਤ ਬਹੁਤ ਧੰਨਵਾਦ ਕਿ ਪੰਜਾਬੀ ਮਾਂ ਬੋਲੀ ਲਈ ਤੁਸੀਂ ਸ਼੍ਰੋਮਣੀ ਅਕਾਲੀ ਦਲ ਨੂੰ ਵੀ ਸਮਾਂ ਦਿੱਤਾ ਹੈ। ਬਹੁਤ-ਬਹੁਤ ਧੰਨਵਾਦ।

**ਮਾਨਯੋਗ ਡਿਪਟੀ ਸਪੀਕਰ :** ਧੰਨਵਾਦ ਜੀ। ਮੈਂ ਸਮਝਦਾ ਹਾਂ ਕਿ ਸਾਰੀਆਂ ਪਾਰਟੀਆਂ ਦਾ ਇਸ ਮਤੇ ਤੇ ਵਿਊ ਆ ਗਿਆ ਹੈ। ਅੱਗੇ ਬਜਟ ਤੇ ਵੀ ਬਹਿਸ ਹੋਣੀ ਹੈ। ਇਸ ਲਈ ਮੈਂ ਇਹ ਮਤਾ ਸਦਨ ਦੀ ਵੋਟਿੰਗ ਲਈ ਰੱਖਦਾ ਹਾਂ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ (ਬੈਠੇ ਬੈਠੇ) :** ਸਰਬਸੰਮਤੀ ਨਾਲ ਕਰ ਦਿਓ ਜੀ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਡਿਪਟੀ ਸਪੀਕਰ ਸਾਹਿਬ, ਲੀਡਰ ਆਫ ਦਿ ਆਪੋਜ਼ੀਸ਼ਨ ਨੇ ਸੁਝਾਅ ਦਿੱਤਾ ਹੈ ਕਿ ਪੰਜਾਬ ਦੀਆਂ ਅਦਾਲਤਾਂ ਵਿੱਚ ਫੈਸਲੇ ਪੰਜਾਬੀ ਵਿੱਚ ਵੀ ਜਾਰੀ ਕੀਤੇ ਜਾਣ। ਇਹ ਵੀ ਐਡ ਕੀਤਾ ਜਾਵੇ। (ਥੰਪਿੰਗ)

**ਮਾਨਯੋਗ ਡਿਪਟੀ ਸਪੀਕਰ :** ਇੱਕ ਕੁਰੈਕਸ਼ਨ ਹੈ, "ਅਦਾਰਿਆਂ ਅਤੇ ਅਦਾਲਤਾਂ" ਐਡ ਕਰ ਲਿਆ ਜਾਵੇ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਡਿਪਟੀ ਸਪੀਕਰ ਸਾਹਿਬ, ਅਦਾਰੇ ਅਦਾਲਤਾਂ ਵਿੱਚ ਕਿਸ ਤਰ੍ਹਾਂ ਹੋ ਸਕਦਾ ਹੈ। ਇਹ ਪੜ੍ਹਾਈ ਦੀ ਗੱਲ ਹੈ।

**ਮਾਨਯੋਗ ਡਿਪਟੀ ਸਪੀਕਰ :** "ਅਦਾਲਤਾਂ ਨਾਲ" ਕਰ ਦਿੰਦੇ ਹਾਂ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਸਰ, ਤੁਸੀਂ ਮੇਰੀ ਤਹਿਰੀਰ ਤਾਂ ਸਮਝ ਲਓ।

**ਮਾਨਯੋਗ ਡਿਪਟੀ ਸਪੀਕਰ :** ਠੀਕ ਹੈ ਜੀ। ਇਸ ਮਤੇ ਦੇ ਅੰਤ ਵਿੱਚ ਇਹ ਵੀ ਜੋੜ ਦਿੱਤਾ ਜਾਵੇ ਕਿ –

> "ਇਹ ਸਦਨ ਇਹ ਵੀ ਸਿਫਾਰਸ਼ ਕਰਦਾ ਹੈ ਕਿ ਪੰਜਾਬ ਦੀਆਂ ਅਦਾਲਤਾਂ ਵਿੱਚ ਫੈਸਲੇ ਪੰਜਾਬੀ ਵਿੱਚ ਵੀ ਜਾਰੀ ਕੀਤੇ ਜਾਣ।"

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਬਿਲਕੁਲ ਠੀਕ ਹੈ ਜੀ। ਸਰ, ਇਹ ਚਾਹੁੰਦੇ ਹਨ ਕਿ ਪੰਜਾਬ ਸਰਕਾਰ ਚੰਡੀਗੜ੍ਹ ਦੇ ਵਿੱਚ ਪੰਜਾਬੀ ਭਾਸ਼ਾ ਲਾਗੂ ਕਰਵਾਉਣ ਲਈ ਕਦਮ ਚੁੱਕੇ, ਇਹ ਵੀ ਵਿਚ ਐਡ ਕਰ ਲਿਆ ਜਾਵੇ। (ਵਿਘਨ) ਕੋਈ ਗੱਲ ਨਹੀਂ, ਇਹ ਪੰਜਾਬ ਸਰਕਾਰ ਦਾ ਖੁੱਲ੍ਹਾ ਦਰਬਾਰ ਹੈ, ਤੁਸੀਂ ਕਰਵਾ ਲਵੋ।

**ਮਾਨਯੋਗ ਡਿਪਟੀ ਸਪੀਕਰ:** ਚੰਨੀ ਜੀ, ਮੇਰੀ ਗੱਲ ਸਮਝਣ ਦੀ ਕੋਸ਼ਿਸ਼ ਕਰੋ ਕਿ ਜਿਹੜਾ ਸੁਝਾਅ ਦਿੱਤਾ ਹੈ, ਉਹ ਕੁਰੈਕਸ਼ਨ ਨਾਲ ਸ਼ਾਮਲ ਕਰ ਲਿਆ ਗਿਆ ਹੈ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ:** ਸਰ, ਇਹ ਵਿੱਚ ਐਡ ਕਰ ਦਿਓ ਕਿ "ਚੰਡੀਗੜ੍ਹ ਦੇ ਵਿੱਚ ਵੀ ਪੰਜਾਬੀ ਲਾਗੂ ਕਰਵਾਉਣ ਲਈ ਪੰਜਾਬ ਸਰਕਾਰ ਉਪਰਾਲੇ ਕਰੇ।"

**ਮਾਨਯੋਗ ਡਿਪਟੀ ਸਪੀਕਰ:** ਠੀਕ ਹੈ ਜੀ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ:** ਡਿਪਟੀ ਸਪੀਕਰ ਸਾਹਿਬ, ਅਸੀਂ ਸਾਰੇ ਜਾ ਕੇ ਗਵਰਨਰ ਸਾਹਿਬ ਨੂੰ ਮਿਲਾਂਗੇ ਤਾਂ ਕਿ ਮਸਲਾ ਹੱਲ ਹੋਵੇ।

**ਮਾਨਯੋਗ ਡਿਪਟੀ ਸਪੀਕਰ:** ਸਰਕਾਰੀ ਮਤੇ ਵਿੱਚ ਕੁਝ ਸੋਧਨਾ ਹਨ। ਮਾਨਯੋਗ ਮੰਤਰੀ ਜੀ ਸੋਧਨਾ ਮੂਵ ਕਰਨ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ (ਸਰਦਾਰ ਚਰਨਜੀਤ ਸਿੰਘ ਚੰਨੀ):** ਸ਼੍ਰੀਮਾਨ ਜੀ, ਮੈਂ (ਸੋਧਨਾ) ਪ੍ਰਸਤਾਵ ਕਰਦਾ ਹਾਂ –

> "ਕਿ ਇਹ ਸਦਨ ਇਹ ਵੀ ਸਿਫਾਰਸ਼ ਕਰਦਾ ਹੈ ਕਿ ਪੰਜਾਬ ਦੀਆਂ ਅਦਾਲਤਾਂ ਵਿੱਚ ਫੈਸਲੇ ਪੰਜਾਬੀ ਵਿੱਚ ਵੀ ਜਾਰੀ ਕੀਤੇ ਜਾਣ।'
>
> 'ਕਿ ਇਹ ਸਦਨ ਇਹ ਵੀ ਸਿਫਾਰਸ਼ ਕਰਦਾ ਹੈ ਕਿ ਪੰਜਾਬ ਸਰਕਾਰ ਚੰਡੀਗੜ੍ਹ ਦੇ ਵਿੱਚ ਵੀ ਪੰਜਾਬੀ ਭਾਸ਼ਾ ਲਾਗੂ ਕਰਵਾਉਣ ਲਈ ਉਪਰਾਲੇ ਕਰੇ।"

**ਮਾਨਯੋਗ ਡਿਪਟੀ ਸਪੀਕਰ:** ਪ੍ਰਸਤਾਵ ਕੀਤਾ –

> "ਕਿ ਇਹ ਸਦਨ ਇਹ ਵੀ ਸਿਫਾਰਸ਼ ਕਰਦਾ ਹੈ ਕਿ ਪੰਜਾਬ ਦੀਆਂ ਅਦਾਲਤਾਂ ਵਿੱਚ ਫੈਸਲੇ ਪੰਜਾਬੀ ਵਿੱਚ ਵੀ ਜਾਰੀ ਕੀਤੇ ਜਾਣ।'
>
> 'ਕਿ ਇਹ ਸਦਨ ਇਹ ਵੀ ਸਿਫਾਰਸ਼ ਕਰਦਾ ਹੈ ਕਿ ਪੰਜਾਬ ਸਰਕਾਰ ਚੰਡੀਗੜ੍ਹ ਦੇ ਵਿੱਚ ਵੀ ਪੰਜਾਬੀ ਭਾਸ਼ਾ ਲਾਗੂ ਕਰਵਾਉਣ ਲਈ ਉਪਰਾਲੇ ਕਰੇ।"

**ਮਾਨਯੋਗ ਡਿਪਟੀ ਸਪੀਕਰ:** ਪ੍ਰਸ਼ਨ ਹੈ –

> "ਕਿ ਇਹ ਸਦਨ ਇਹ ਵੀ ਸਿਫਾਰਸ਼ ਕਰਦਾ ਹੈ ਕਿ ਪੰਜਾਬ ਦੀਆਂ ਅਦਾਲਤਾਂ ਵਿੱਚ ਫੈਸਲੇ ਪੰਜਾਬੀ ਵਿੱਚ ਵੀ ਜਾਰੀ ਕੀਤੇ ਜਾਣ।'
>
> 'ਕਿ ਇਹ ਸਦਨ ਇਹ ਵੀ ਸਿਫਾਰਸ਼ ਕਰਦਾ ਹੈ ਕਿ ਪੰਜਾਬ ਸਰਕਾਰ ਚੰਡੀਗੜ੍ਹ ਦੇ ਵਿੱਚ ਵੀ ਪੰਜਾਬੀ ਭਾਸ਼ਾ ਲਾਗੂ ਕਰਵਾਉਣ ਲਈ ਉਪਰਾਲੇ ਕਰੇ।"

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*** *(ਥੰਪਿੰਗ)*

**ਮਾਨਯੋਗ ਡਿਪਟੀ ਸਪੀਕਰ:** ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਹੁਣ ਇਹ ਸਰਕਾਰੀ ਮਤਾ (ਸਮੇਤ ਸੋਧਾਂ) ਸਦਨ ਦੀ ਵੋਟਿੰਗ ਲਈ ਰੱਖ ਦਿੱਤਾ ਜਾਵੇ?

**(ਅਵਾਜ਼ਾਂ:** ਹਾਂ ਜੀ, ਹਾਂ ਜੀ।)

**ਮਾਨਯੋਗ ਡਿਪਟੀ ਸਪੀਕਰ:** ਪ੍ਰਸ਼ਨ ਹੈ–

> "ਕਿ ਇਹ ਸਦਨ ਪੰਜਾਬ ਦੀ ਮਾਤ-ਭਾਸ਼ਾ ਪੰਜਾਬੀ ਨੂੰ ਪ੍ਰਫੁੱਲਤ ਕਰਨ ਲਈ ਰਾਜ ਸਰਕਾਰ ਵਲੋਂ ਚੁੱਕੇ ਹਰ ਸਾਰਥਕ ਕਦਮ ਦਾ ਸਵਾਗਤ ਕਰਦਾ ਹੈ ਅਤੇ ਲੋਕ ਮਹੱਤਤਾ ਦੀ ਹਰ ਜਗ੍ਹਾ ਤੇ ਜਾਣਕਾਰੀ ਲਈ ਲਿਖੀਆਂ ਜਾਣ ਵਾਲੀਆਂ ਭਾਸ਼ਾਵਾਂ ਵਿਚੋਂ ਪੰਜਾਬੀ ਭਾਸ਼ਾ ਨੂੰ ਪਹਿਲਾ ਸਥਾਨ ਦੇਣ ਲਈ ਜਾਰੀ ਕੀਤੀ ਅਧਿਸੂਚਨਾ ਲਈ ਰਾਜ ਸਰਕਾਰ ਦੀ ਸ਼ਲਾਘਾ ਕਰਦਾ ਹੈ।

ਇਹ ਸਦਨ ਇਹ ਵੀ ਸਿਫਾਰਸ਼ ਕਰਦਾ ਹੈ ਕਿ ਰਾਜ ਸਰਕਾਰ ਕਿਸੇ ਵੀ ਵਿਅਕਤੀ ਜਾਂ ਅਦਾਰੇ ਵਲੋਂ ਪੰਜਾਬੀ ਭਾਸ਼ਾ ਦੇ ਪਸਾਰ ਵਿਰੁੱਧ ਕੀਤੇ ਜਾਣ ਵਾਲੇ ਕਿਸੇ ਤਰ੍ਹਾਂ ਦੇ ਕੰਮਾਂ ਜਾਂ ਕਦਮਾਂ ਨੂੰ ਰੋਕਣ ਲਈ ਲੋੜੀਂਦੇ ਕਾਨੂੰਨ ਸਮੇਤ ਯੋਗ ਪ੍ਰਬੰਧ ਕਰੇ।

ਇਹ ਸਦਨ ਇਹ ਵੀ ਸਿਫਾਰਸ਼ ਕਰਦਾ ਹੈ ਕਿ ਰਾਜ ਸਰਕਾਰ ਰਾਜ ਦੇ ਸਾਰੇ ਸਰਕਾਰੀ ਅਤੇ ਗੈਰ-ਸਰਕਾਰੀ ਵਿਦਿਅਕ ਅਦਾਰਿਆਂ ਵਿੱਚ ਪੰਜਾਬੀ ਭਾਸ਼ਾ ਨੂੰ ਦਸਵੀਂ ਜਮਾਤ ਤੱਕ ਜ਼ਰੂਰੀ ਵਿਸ਼ੇ ਵਜੋਂ ਪੜ੍ਹਾਉਣ ਲਈ ਜ਼ਰੂਰੀ ਕਦਮ ਚੁੱਕੇ।

ਇਹ ਸਦਨ ਇਹ ਵੀ ਸਿਫਾਰਸ਼ ਕਰਦਾ ਹੈ ਕਿ ਪੰਜਾਬ ਦੀਆਂ ਅਦਾਲਤਾਂ ਵਿੱਚ ਫੈਸਲੇ ਪੰਜਾਬੀ ਵਿੱਚ ਵੀ ਜਾਰੀ ਕੀਤੇ ਜਾਣ।

ਇਹ ਸਦਨ ਇਹ ਵੀ ਸਿਫਾਰਸ਼ ਕਰਦਾ ਹੈ ਕਿ ਪੰਜਾਬ ਸਰਕਾਰ ਚੰਡੀਗੜ੍ਹ ਦੇ ਵਿੱਚ ਵੀ ਪੰਜਾਬੀ ਭਾਸ਼ਾ ਲਾਗੂ ਕਰਵਾਉਣ ਲਈ ਉਪਰਾਲੇ ਕਰੇ।''

***ਪ੍ਰਸਤਾਵ ਸੋਧੇ ਅਨੁਸਾਰ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

-----

## GENERAL DISCUSSION ON THE BUDGET ESTIMATES FOR THE YEAR 2020-21

**ਮਾਨਯੋਗ ਡਿਪਟੀ ਸਪੀਕਰ:** ਹੁਣ ਸਾਲ 2020-21 ਲਈ ਬਜਟ ਅਨੁਮਾਨਾਂ ਤੇ ਆਮ ਬਹਿਸ ਹੋਵੇਗੀ।

**ਸਰਦਾਰ ਹਰਪਾਲ ਸਿੰਘ ਚੀਮਾ :** ਡਿਪਟੀ ਸਪੀਕਰ ਸਾਹਿਬ, ਮੈਂ ਇਸ ਹਾਊਸ ਵਿੱਚ ਇੱਕ ਪ੍ਰਸਤਾਵ ਪੇਸ਼ ਕਰਨਾ ਚਾਹੁੰਦਾ ਹਾਂ ਕਿ ਦੇਸ਼ ਦੀ ਰਾਜਧਾਨੀ ਦਿੱਲੀ ਦੇ ਵਿਚ ਬਹੁਤ ਭਾਰੀ ਫਿਰਕੂ ਦੰਗੇ ਹੋਏ ਹਨ, ਉਥੇ ਗਾਂਧੀਵਾਦ ਅਤੇ ਅਹਿੰਸਾ ਦੀ ਵਿਚਾਰਧਾਰਾ ਨੂੰ ਲਿਤਾੜਿਆ ਗਿਆ। ਜੋ ਗੌਡਸੇ ਦੀ ਰਾਜਨੀਤੀ ਹੈ, ਜੋ ਹਿੰਸਾ ਦੀ ਰਾਜਨੀਤੀ ਹੈ, ਜੋ ਹਿੰਸਕ ਕਾਰਵਾਈਆਂ ਹਨ, ਉਨ੍ਹਾਂ ਨੂੰ ਅੱਗੇ ਲਿਆਂਦਾ ਗਿਆ ਹੈ। ਮੈਂ ਸਮਝਦਾ ਹਾਂ ਕਿ ਉਸ ਨਾਲ ਬਹੁਤ ਵੱਡਾ ਨੁਕਸਾਨ ਹੋਇਆ ਹੈ ਅਤੇ ਬਹੁਤ ਸਾਰੀਆਂ ਕੀਮਤੀ ਜਾਨਾਂ ਗਈਆਂ ਹਨ। ਲੋਕਾਂ ਦਾ ਬਹੁਤ ਸਾਰਾ ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ। ਮੈਂ ਸਮਝਦਾ ਹਾਂ ਕਿ ਇਸ ਨਾਲ ਪੰਜਾਬ ਦੇ ਵਿਚ ਪੰਜਾਬੀਆਂ ਦਾ ਵੀ ਸਿੱਧੇ ਅਤੇ ਅਸਿੱਧੇ ਰੂਪ ਵਿਚ ਬਹੁਤ ਨੁਕਸਾਨ ਹੋਇਆ ਹੈ ਕਿਉਂਕਿ ਬਹੁਤ ਸਾਰੇ ਲੋਕ ਪੰਜਾਬ ਤੋਂ ਰੋਜ਼ਾਨਾ ਬਿਜ਼ਨਸ ਕਰਨ ਵਾਸਤੇ ਉਥੇ ਜਾਂਦੇ ਹਨ। ਇਸ ਵਾਸਤੇ ਮੈਂ ਨਿੰਦਾ ਪ੍ਰਸਤਾਵ ਪੇਸ਼ ਕਰਦਾ ਹਾਂ ਅਤੇ ਮੰਗ ਕਰਦਾ ਹਾਂ ਕਿ ਗਾਂਧੀ ਜੀ ਦੀ ਅਹਿੰਸਾਵਾਦੀ ਵਿਚਾਰਧਾਰਾ ਨੂੰ ਮਜ਼ਬੂਤੀ ਨਾਲ ਅੱਗੇ ਲੈ ਕੇ ਜਾਣਾ ਚਾਹੀਦਾ ਹੈ ਅਤੇ ....

**ਮਾਨਯੋਗ ਡਿਪਟੀ ਸਪੀਕਰ:** ਚੀਮਾ ਜੀ, ਤੁਸੀਂ ਨਵਾਂ ਰਜ਼ੋਲਿਊਸ਼ਨ ਲੈ ਕੇ ਆ ਰਹੇ ਹੋ। ਜਦਕਿ ਇਸ ਵਾਸਤੇ ਕਾਨੂੰਨ ਵਿਚ ਆਲਰੇਡੀ ਪ੍ਰੋਵੀਜ਼ਨ ਹੈ ਕਿ ਤੁਸੀਂ 15 ਦਿਨ ਪਹਿਲਾਂ ਰੈਜ਼ੋਲਿਊਸ਼ਨ ਦੇਣਾ ਹੁੰਦਾ ਹੈ।

**ਸਰਦਾਰ ਹਰਪਾਲ ਸਿੰਘ ਚੀਮਾ:** ਡਿਪਟੀ ਸਪੀਕਰ ਸਾਹਿਬ, ਤੁਸੀਂ ਇਸ 'ਤੇ ਅਲਾਉ ਕਰ ਸਕਦੇ ਹੋ।

**ਮਾਨਯੋਗ ਡਿਪਟੀ ਸਪੀਕਰ:** ਨਹੀਂ ਜੀ, ਨਹੀਂ।

**ਸਰਦਾਰ ਹਰਪਾਲ ਸਿੰਘ ਚੀਮਾ:** ਸਰ, ਜੇ ਇਹ ਮਤਾ ਗਲਤ ਹੈ ਤਾਂ ਮੈਂ ਕਹਿੰਦਾ ਹਾਂ ਕਿ ਇਸ ਤੇ ਸਰਬਸੰਮਤੀ ਨਹੀਂ ਹੋ ਸਕਦੀ ਫੇਰ ਦੱਸ ਦੇਣ।

**ਮਾਨਯੋਗ ਡਿਪਟੀ ਸਪੀਕਰ:** ਆਪਾਂ ਬਜਟ ਤੇ ਬਹਿਸ ਸ਼ੁਰੂ ਕਰਨ ਲੱਗੇ ਹਾਂ। ਮੈਂ ਬਜਟ ਤੇ ਬਹਿਸ ਬਾਰੇ ਬੋਲ ਚੁੱਕਾ ਹਾਂ।

**ਸਰਦਾਰ ਹਰਪਾਲ ਸਿੰਘ ਚੀਮਾ:** ਸਰ, ਇਹ ਦੰਗੇ ਭਾਈਚਾਰਕ ਸਾਂਝ ਅਤੇ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਬਹੁਤ ਹੀ ਖਤਰਾ ਹਨ।

**ਮਾਨਯੋਗ ਡਿਪਟੀ ਸਪੀਕਰ:** ਠੀਕ ਹੈ, ਤੁਹਾਡੀ ਗੱਲ ਆ ਗਈ ਹੈ। (ਵਿਘਨ)(ਸ਼ੋਰ)

(ਇਸ ਸਮੇਂ ਸਦਨ ਵਿਚ ਹਾਜ਼ਰ ਆਮ ਆਦਮੀ ਪਾਰਟੀ ਦੇ ਸਮੂਹ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਵੋਟਿੰਗ ਕਰਵਾਉਣ ਸਬੰਧੀ ਬੋਲ ਰਹੇ ਸਨ ਅਤੇ ਸਦਨ ਵਿਚ ਬਹੁਤ ਸ਼ੋਰ ਸੀ।)

**ਮਾਨਯੋਗ ਡਿਪਟੀ ਸਪੀਕਰ:** ਪ੍ਰਿੰਸੀਪਲ ਬੁੱਧ ਰਾਮ ਜੀ। (ਵਿਘਨ)(ਸ਼ੋਰ) ਮੈਂ ਆਲਰੇਡੀ ਬਜਟ ਤੇ ਬਹਿਸ ਬਾਰੇ ਬੋਲ ਚੁੱਕਾ ਹਾਂ। Not allowed. ਚੀਮਾ ਜੀ, ਇੱਕ ਮਿੰਟ ਸੁਣੋ। ਜਦੋਂ ਆਲਰੇਡੀ ਕਾਨੂੰਨ ਵਿਚ 15 ਦਿਨ ਦੀ ਪ੍ਰੋਵੀਜ਼ਨ ਹੈ ਤਾਂ ਆਪਾਂ ਕਾਨੂੰਨ ਦੀ ਪਾਲਣਾ ਕਿਉਂ ਨਹੀਂ ਕਰਨਾ ਚਾਹੁੰਦੇ?

**ਸਰਦਾਰ ਹਰਪਾਲ ਸਿੰਘ ਚੀਮਾ:** ** **

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ** **

**ਮਾਨਯੋਗ ਡਿਪਟੀ ਸਪੀਕਰ:** ਕਿਰਪਾ ਕਰਕੇ ਬੈਠਣ ਦੀ ਕ੍ਰਿਪਾਲਤਾ ਕਰੋ। (ਵਿਘਨ)(ਸ਼ੋਰ) ਚੀਮਾ ਜੀ, ਆਪਾਂ ਟਾਈਮ ਖਰਾਬ ਨਾ ਕਰੀਏ। ਤੁਹਾਡੀ ਗੱਲ ਆ ਗਈ ਹੈ। ਬੈਠ ਜਾਓ। ਚੀਮਾ ਜੀ, ਬੈਠ ਜਾਓ। (ਵਿਘਨ) ਹੁਣ ਬਜਟ ਤੇ ਬੋਲਣਾ ਹੈ। (ਵਿਘਨ) ਜੋ ਕੁਝ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਬੋਲਿਆ ਗਿਆ ਹੈ, ਉਸ ਨੂੰ ਦਰਜ ਨਾ ਕੀਤਾ ਜਾਵੇ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕੁਝ ਮੈਂਬਰ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰ, ਸ਼੍ਰੀ ਅਰੁਣ ਨਾਰੰਗ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਆਪਸ ਵਿੱਚ ਬਹਿਸ ਰਹੇ ਸਨ।)

---

**Not recorded as ordered by the Chair.

**ਮਾਨਯੋਗ ਡਿਪਟੀ ਸਪੀਕਰ:** ਬੈਠ ਜਾਓ ਜੀ। ਹਾਂ ਜੀ, ਬੁੱਧ ਰਾਮ ਜੀ।

**ਸ਼੍ਰੀ ਬੁੱਧ ਰਾਮ (ਬੁਢਲਾਡਾ, ਐਸ.ਸੀ.):** ਡਿਪਟੀ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਉਸ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ, ਜਿਹੜਾ ਬਜਟ 28 ਤਰੀਕ ਨੂੰ ਪੇਸ਼ ਕੀਤਾ ਗਿਆ ਹੈ। ਮੈਂ ਸਮਝਦਾ ਹਾਂ ਕਿ ਜਿਵੇਂ ਪਿਛਲੇ ਸਾਲ ਬਜਟ ਵਿਚ ਬਹੁਤ ਸਾਰੇ ਐਲਾਨ ਕੀਤੇ ਗਏ ਸੀ ਅਤੇ ਉਹ ਐਲਾਨ ਸਰਕਾਰ ਨੇ ਪੂਰੇ ਨਹੀਂ ਕੀਤੇ ਸਨ, ਇਸੇ ਤਰ੍ਹਾਂ ਹੀ ਹੁਣ ਵਾਲੇ ਬਜਟ ਵਿਚ ਵੀ ਨਵੇਂ ਐਲਾਨ ਕੀਤੇ ਗਏ ਹਨ, ਜਿਸ ਕਰਕੇ ਪਿਛਲੇ ਸਾਲ ਕੀਤੇ ਐਲਾਨਾਂ ਤੇ ਪ੍ਰਸ਼ਨ ਚਿੰਨ੍ਹ ਲੱਗ ਗਿਆ ਹੈ। ਵਿੱਤ ਮੰਤਰੀ ਸਾਹਿਬ ਕਹਿੰਦੇ ਹਨ ਕਿ ਅਰਥ ਵਿਵਸਥਾ ਲੀਹ ਤੇ ਆ ਗਈ ਹੈ ਪਰ ਆਪਾਂ ਦੇਖ ਰਹੇ ਹਾਂ ਕਿ ਪੰਜਾਬ ਦਾ ਕਰਜ਼ਾ ਵੱਧ ਕੇ 2,48,000 ਕਰੋੜ ਦਾ ਹੋ ਗਿਆ ਹੈ। ਪੂੰਜੀਗਤ ਬਜਟ ਵਿਚ ਕੱਟ ਲਗਾਏ ਗਏ ਹਨ, ਜਿਸ ਦਾ ਰੋਡਮੈਪ ਨਹੀਂ ਦਿੱਤਾ ਗਿਆ। ਜਦੋਂ ਅਸੀਂ ਇਸ ਬਜਟ ਦੀਆਂ ਫਿੱਗਰਾਂ ਪੜ੍ਹਦੇ ਹਾਂ ਤਾਂ ਪਤਾ ਲਗਦਾ ਹੈ ਕਿ ਪਿਛਲੇ ਸਾਲ ਦੇ ਬਜਟ ਨਾਲੋਂ ਇਸ ਸਾਲ ਦੇ ਬਜਟ ਵਿਚ ਰਿਸੀਟ ਹੀ ਘੱਟ ਗਿਆ ਹੈ। ਪਿਛਲੇ ਸਾਲ ਨਾਲੋਂ ਇਸ ਵਾਰ ਐਕਸਪੈਂਡੀਚਰ ਵੀ ਘੱਟ ਕੀਤਾ ਗਿਆ ਹੈ। ਜਦੋਂ ਸਾਡੀ ਆਮਦਨ ਇੱਕ ਸਾਲ ਬਾਅਦ ਵਧਦੀ ਹੈ ਤਾਂ ਖਰਚ ਵੀ ਵਧਦਾ ਹੈ ਤਾਂ ਹੀ ਕਿਹਾ ਜਾ ਸਕਦਾ ਹੈ ਕਿ ਵਿਕਾਸ ਹੋਇਆ ਹੈ ਪਰ ਪਿਛਲੇ ਬਜਟ ਵਿੱਚ 1,54,169.88 ਕਰੋੜ ਦੀ ਰਿਸੀਟ ਸੀ ਅਤੇ ਇਸ ਵਾਰ ਅਨੁਮਾਨਤ 1,53,047.56 ਕਰੋੜ ਦੇ ਲਗਭਗ ਦੀ ਰਿਸੀਟ ਹੈ। ਇਸ ਵਾਰ ਦੇ ਬਜਟ ਅਨੁਮਾਨ ਪਿਛਲੇ ਸਾਲ ਦੇ ਬਜਟ ਅਨੁਮਾਨਾਂ ਨਾਲੋਂ 1122 ਕਰੋੜ ਰੁਪਿਆ ਘੱਟ ਹਨ। ਇਸੇ ਤਰ੍ਹਾਂ ਪਿਛਲੇ ਸਾਲ ਦੇ ਬਜਟ ਨਾਲੋਂ ਐਕਪੈਂਡੀਚਰ ਵੀ ਘੱਟ ਹੈ। ਅਸੀਂ ਕਹਿੰਦੇ ਹਾਂ ਕਿ ਫਿਸਕਲ ਡੈਫੀਸਿਟ ਘੱਟ ਗਿਆ ਹੈ। ਜੇਕਰ ਅਸੀਂ ਖਰਚੇ ਹੀ ਨਹੀਂ ਕਰਾਂਗੇ ਜਾਂ ਘਟਾ ਦੇਵਾਂਗੇ ਤਾਂ ਫਿਰ ਕੁਝ ਕਰਨ ਦੀ ਲੋੜ ਹੀ ਨਹੀਂ ਹੈ। ਲੋੜ ਇਸ ਗੱਲ ਦੀ ਸੀ ਕਿ ਪਿਛਲੇ ਬਜਟ ਨਾਲੋਂ ਇਸ ਸਾਲ ਦੇ ਬਜਟ ਵਿੱਚ ਰਿਸੀਟ ਵੀ ਵਧਣੀ ਚਾਹੀਦੀ ਸੀ ਅਤੇ ਐਕਸਪੈਂਡੀਚਰ ਵੀ ਵਧਣਾ ਚਾਹੀਦਾ ਸੀ।ਜੋ ਬਜਟ ਅਨੁਮਾਨ ਲਗਾਇਆ ਜਾਂਦਾ ਹੈ ਤੇ ਜੋ ਐਕਚੂਅਲ ਪ੍ਰਾਪਤ ਹੁੰਦਾ ਹੈ, ਉਸ ਵਿੱਚ ਹਮੇਸ਼ਾ ਹੀ ਘਾਟਾ ਹੁੰਦਾ ਹੈ।ਖੇਤੀਬਾੜੀ ਲਈ 4130.40 ਕਰੋੜ ਦਾ ਅਨੁਮਾਨ ਸੀ ਪਰ ਸੋਧੇ ਹੋਏ ਬਜਟ ਵਿਚ 2717 ਕਰੋੜ ਮਿਲੇ। ਸੋ, 1413 ਕਰੋੜ ਰੁਪਿਆ ਖੇਤੀਬਾੜੀ ਵਿਚ ਘਟਿਆ ਹੈ। ਇਸੇ ਤਰ੍ਹਾਂ ਦਿਹਾਤੀ ਵਿਕਾਸ ਵਾਸਤੇ 1527 ਕਰੋੜ ਰੱਖਿਆ ਗਿਆ ਸੀ ਪਰ ਰਿਵਾਈਜ਼ਡ ਬਜਟ 538 ਕਰੋੜ ਦਾ ਹੈ। ਇੱਥੇ 900 ਕਰੋੜ ਦਾ ਘਾਟਾ ਪਿਆ ਹੈ।ਇਸੇ ਤਰ੍ਹਾਂ ਸਿੰਜਾਈ ਤੇ ਹੜ੍ਹ, ਪਾਵਰ, ਉਦਯੋਗ ਅਤੇ ਖਣਿਜ, ਟਰਾਂਸਪੋਰਟ, ਸਮਾਜਿਕ ਸੇਵਾਵਾਂ ਆਦਿ ਵਿੱਚ ਵੀ ਜੋ ਬਜਟ ਮਨਜ਼ੂਰ ਹੋਇਆ ਸੀ, ਉਹ ਰਿਵਾਈਜ਼ਡ ਬਜਟ ਵਿੱਚ ਘਟਿਆ ਹੈ।ਜਦੋਂ ਅਸੀਂ ਕਿਸੇ ਵਿਭਾਗ

ਨੂੰ ਬਜਟ ਦਿੰਦੇ ਹਾਂ ਤਾਂ ਉਸ ਨੂੰ ਮਨਜ਼ੂਰ ਕੀਤੇ ਬਜਟ ਨਾਲੋਂ ਵੱਧ ਦੇਣਾ ਚਾਹੀਦਾ ਹੈ। ਇੱਕ ਚੰਗੀ ਸਰਕਾਰ ਉਹ ਹੁੰਦੀ ਹੈ ਜੋ ਵੱਧ ਬਜਟ ਦਿੰਦੀ ਹੈ ਪਰ ਤੁਸੀਂ ਤਾਂ ਮਨਜ਼ੂਰ ਕੀਤੇ ਬਜਟ ਨੂੰ ਵੀ ਘਟਾ ਦਿੱਤਾ। ਸੋ, ਮੈਂ ਸਮਝਦਾ ਹਾਂ ਕਿ ਇਹ ਬਜਟ ਵਿਕਾਸਮਈ ਬਜਟ ਨਹੀਂ ਹੈ ਸਗੋਂ ਪਿਛਾਂਹ ਖਿਚੂ ਬਜਟ ਹੈ, ਇਹ ਤੁਹਾਡੇ ਅੰਕੜੇ ਦੱਸਦੇ ਹਨ। ਖੇਤੀਬਾੜੀ ਦੇ ਵਿੱਚ 3000 ਕਰੋੜ ਰੁਪਿਆ ਕਰਜ਼ਾ ਮੁਆਫੀ ਵਾਸਤੇ ਰੱਖਿਆ ਸੀ ਪਰ ਤਿੰਨ ਰੁਪਏ ਵੀ ਕਰਜ਼ਾ ਮੁਆਫ ਨਹੀਂ ਕੀਤਾ ਗਿਆ। ਤੁਸੀਂ 3000 ਕਰੋੜ ਰੁਪਿਆ ਕਿਸ ਵਾਸਤੇ ਰੱਖਿਆ ਸੀ? ਜੇਕਰ ਹੁਣ ਅਸੀਂ ਇਹ ਸਮਝੀਏ ਕਿ 2000 ਕਰੋੜ ਰੁਪਿਆ ਰੱਖਿਆ ਹੈ ਅਤੇ ਉਸ ਵਿੱਚ ਮਜ਼ਦੂਰਾਂ ਲਈ 520-530 ਕਰੋੜ ਰੁਪਏ ਰੱਖਿਆ ਹੈ ਤਾਂ ਸਾਨੂੰ ਇਸ ਗੱਲ ਦਾ ਕਿਵੇਂ ਯਕੀਨ ਆਏਗਾ ਕਿ ਤੁਸੀਂ 2000 ਕਰੋੜ ਰੁਪਏ ਖਰਚ ਕਰੋਗੇ। ਪਿਛਲੀ ਵਾਰ ਤੁਸੀਂ ਖੇਤੀਬਾੜੀ ਦੇ ਕਰਜ਼ੇ ਮੁਆਫੀ ਦੀ 3000 ਕਰੋੜ ਰੁਪਏ ਦੀ ਰਾਸ਼ੀ ਵਿੱਚੋਂ ਤਿੰਨ ਰੁਪਏ ਵੀ ਮੁਆਫ ਨਹੀਂ ਕੀਤਾ ਅਤੇ ਐਤਕੀਂ ਤਾਂ ਉਸ ਤੋਂ ਵੀ ਘੱਟ ਬਜਟ ਰੱਖਿਆ ਹੈ। ਹਾਲਾਂਕਿ ਇੱਕ ਲੱਖ ਕਰੋੜ ਰੁਪਏ ਤੱਕ ਦਾ ਕਰਜ਼ਾ ਕਿਸਾਨਾਂ ਤੇ ਹੈ ਪਰ ਤੁਸੀਂ ਹੁਣ ਤੱਕ ਕਿਸ਼ਤਾਂ ਕਰਕੇ ਸਿਰਫ 5000 ਕਰੋੜ ਰੁਪਏ ਦਾ ਕਰਜ਼ਾ ਹੀ ਮੁਆਫ ਕੀਤਾ ਹੈ। ਹਾਲੇ ਤਾਂ ਬਹੁਤ ਵੱਡੀ ਪੱਧਰ ਤੇ ਕਰਜ਼ਾ ਮੁਆਫ ਕਰਨਾ ਰਹਿੰਦਾ ਹੈ, ਉਹ ਕਦੋਂ ਮੁਆਫ ਹੋਵੇਗਾ? ਸਾਡਾ ਸੂਬਾ ਖੇਤੀਬਾੜੀ ਪ੍ਰਧਾਨ ਹੋਣ ਦੇ ਨਾਤੇ ਖੇਤੀਬਾੜੀ ਵਿਭਾਗ ਵੱਲ ਸਾਰਿਆਂ ਨਾਲੋਂ ਵੱਧ ਧਿਆਨ ਦੇਣਾ ਚਾਹੀਦਾ ਹੈ। ਮੈਂ ਜ਼ਿਲ੍ਹਾ ਮਾਨਸਾ ਦੀ ਗੱਲ ਕਰਦਾ ਹਾਂ। ਉਥੇ ਖੇਤੀਬਾੜੀ ਮਹਿਕਮੇ ਕੋਲ ਬਿਲਡਿੰਗ ਨਹੀਂ ਹੈ, ਉਹ ਕਿਰਾਏ ਦੀ ਬਿਲਡਿੰਗ ਵਿੱਚ ਚੱਲ ਰਿਹਾ ਹੈ। ਇੱਕ ਜ਼ਿਲ੍ਹੇ ਵਿੱਚ 136 ਪੋਸਟਾਂ ਵਿੱਚੋਂ 67 ਪੋਸਟਾਂ ਖਾਲੀ ਹਨ। ਖੇਤੀਬਾੜੀ ਵਿਸਥਾਰ ਅਫਸਰ, ਖੇਤੀਬਾੜੀ ਡਿਵੈਲਪਮੈਂਟ ਅਫਸਰ ਵਰਗੀਆਂ ਪੋਸਟਾਂ ਹੀ ਫਿੱਲ ਨਹੀਂ ਹੋਣਗੀਆਂ ਤਾਂ ਅਸੀਂ ਕਿਵੇਂ ਕਹਿ ਸਕਦੇ ਹਾਂ ਕਿ ਅਸੀਂ ਖੇਤੀਬਾੜੀ ਨੂੰ ਤਰਜੀਹ ਦੇ ਰਹੇ ਹਾਂ। ਜਦਕਿ ਖੇਤੀਬਾੜੀ ਪ੍ਰਧਾਨ ਸੂਬਾ ਹੋਣ ਦੇ ਨਾਤੇ ਸਾਨੂੰ ਕੋਈ ਵੀ ਅਜਿਹੀ ਗੱਲ ਨਹੀਂ ਕਰਨੀ ਚਾਹੀਦੀ ਜਿਹੜੀ ਖੇਤੀਬਾੜੀ ਤੋਂ ਵਿਰਵੀ ਹੋਵੇ। ਖੇਤੀ ਮਾਹਿਰਾਂ ਨੇ ਬਿਲਕੁਲ ਨਿਰਾਸ਼ਾ ਦੇ ਵਿੱਚ ਮੈਨੂੰ ਇਹ ਗੱਲ ਕਹੀ ਹੈ ਕਿ ਖੇਤੀ ਦੇ ਸਿਸਟਮ ਨੂੰ ਰੱਬ ਆਸਰੇ ਛੱਡ ਦਿੱਤਾ ਗਿਆ ਹੈ। ਤੁਸੀਂ ਜਿਹੜੀ 12,526 ਕਰੋੜ ਰੁਪਏ ਦੀ ਰਾਸ਼ੀ ਦਿੱਤੀ ਹੈ, ਇਹ ਤਾਂ "ਊਠ ਦੇ ਮੂੰਹ ਵਿੱਚ ਜ਼ੀਰਾ" ਪਾਉਣ ਵਾਲੀ ਗੱਲ ਹੋ ਗਈ।

ਤੁਸੀਂ ਮੁਲਾਜ਼ਮਾਂ ਲਈ ਪੇਅ ਕਮਿਸ਼ਨ ਲਾਗੂ ਕਰਨਾ ਸੀ, ਡੀ.ਏ. ਦੀ 22 % ਕਿਸ਼ਤ ਦੇਣੀ ਸੀ ਪਰ ਤੁਸੀਂ ਸਿਰਫ 6% ਕਿਸ਼ਤ ਦਿੱਤੀ ਹੈ, 16% ਹਾਲੇ ਵੀ ਪੈਂਡਿੰਗ ਪਈ ਹੈ। ਜੇਕਰ ਤੁਸੀਂ ਪੂਰੀ ਤਰ੍ਹਾਂ ਡੀ.ਏ. ਦੀ ਕਿਸ਼ਤ ਜਾਰੀ ਨਹੀਂ ਕਰਨੀ ਸੀ ਤਾਂ ਘੱਟੋ-ਘੱਟ 20% interim relief ਜਾਰੀ ਕਰ ਦਿੰਦੇ ਤਾਂ ਕਿ Pay Commission

[ਸ਼੍ਰੀ ਬੁੱਧ ਰਾਮ]

ਦੇ ਆਉਣ ਤੱਕ ਉਨ੍ਹਾਂ ਨੂੰ ਫਾਇਦਾ ਹੁੰਦਾ । ਉਸ ਤੋਂ ਬਾਅਦ ਜਿਹੜਾ ਡੀ.ਏ. ਦਾ ਬਕਾਇਆ ਹੈ, ਉਸ ਬਾਰੇ ਹਾਲੇ ਤੱਕ ਕੋਈ ਪਤਾ ਨਹੀਂ ਲੱਗਿਆ।

ਡਿਪਟੀ ਸਪੀਕਰ ਸਾਹਿਬ, ਮਗਨਰੇਗਾ ਸਕੀਮ ਵਿੱਚ ਬਹੁਤ ਵੱਡਾ ਧੋਖਾ ਹੋਇਆ ਹੈ। ਇਹ ਬਜਟ ਐਂਟੀ ਦਲਿਤ ਹੈ, ਦਲਿਤ ਵਿਰੋਧੀ ਹੈ ਕਿਉਂਕਿ ਮਗਨਰੇਗਾ ਮਜ਼ਦੂਰ 99% ਐਸ.ਸੀ/ਬੀ.ਸੀ. ਵਰਗ ਨਾਲ ਸਬੰਧ ਰੱਖਦੇ ਹਨ। 32 ਲੱਖ ਪੇਂਡੂ ਪਰਿਵਾਰਾਂ ਦੇ ਵਿੱਚੋਂ 17.80 ਲੱਖ ਦੇ ਜਾਬ ਕਾਰਡ ਬਣੇ ਹੋਏ ਹਨ ਜਿਸ ਵਿੱਚੋਂ 10.81 ਲੱਖ ਜਾਬ ਕਾਰਡ ਐਕਟਿਵ ਹਨ।ਐਕਟਿਵ ਹੋਣ ਦੇ ਨਾਤੇ ਪਿਛਲੀ ਵਾਰ ਉਨ੍ਹਾਂ ਵਾਸਤੇ 500 ਕਰੋੜ ਰੁਪਿਆ ਰੱਖਿਆ ਸੀ। ਅਬਾਦੀ ਵੱਧ ਰਹੀ ਹੈ ਅਤੇ ਗਰੀਬੀ ਘੱਟ ਨਹੀਂ ਰਹੀ, ਨਾ ਹੀ ਬੇਰੁਜ਼ਗਾਰੀ ਘਟੀ ਹੈ। ਬੇਰੁਜ਼ਗਾਰੀ ਵਿੱਚ 45 ਸਾਲਾਂ ਬਾਅਦ ਦੇਸ਼ ਸਭ ਤੋਂ ਵੱਡੀ ਦਰ ਯਾਨੀ ਕਿ 6.1% ਤੇ ਪਹੁੰਚ ਗਿਆ ਹੈ ਅਤੇ ਪੰਜਾਬ ਵਿੱਚ ਇਹ ਦਰ 7.8% ਹੈ।ਮਗਨਰੇਗਾ ਜ਼ਰੀਏ ਉਨ੍ਹਾਂ ਬੇਰੁਜ਼ਗਾਰਾਂ ਨੂੰ ਥੋੜ੍ਹੀ-ਬਹੁਤ ਰਾਹਤ ਮਿਲਣੀ ਚਾਹੀਦੀ ਸੀ ਪਰੰਤੂ ਮਗਨਰੇਗਾ ਦਾ ਬਜਟ ਘਟਾ ਕੇ ਇਸ ਸਾਲ 320 ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਜੇ 500 ਕਰੋੜ ਰੁਪਏ ਤੋਂ 700 ਕਰੋੜ ਰੁਪਏ ਕਰਦੇ ਤਾਂ ਅਸੀਂ ਸਮਝਦੇ ਕਿ ਕੋਈ ਵਧੀਆ ਕੰਮ ਕੀਤਾ ਹੈ। ਮਸ਼ੀਨੀਕਰਨ ਹੋਣ ਕਾਰਨ ਵੱਡੀ ਪੱਧਰ ਤੇ ਲੋਕ ਬੇਰੁਜ਼ਗਾਰ ਹੋ ਗਏ ਹਨ। ਪਿੰਡਾਂ ਦੇ ਵਿਕਾਸ ਰੁਕੇ ਪਏ ਹਨ। 2762 ਕਰੋੜ ਰੁਪਿਆ ਗ੍ਰਾਮ ਸਭਾ ਦੇ ਕੰਮਾਂ ਦਾ ਪਿਛਲੇ ਤਿੰਨ ਸਾਲਾਂ ਤੋਂ ਪੈਂਡਿੰਗ ਹੈ। ਹਾਲੇ ਉਹ ਵੀ ਨਹੀਂ ਦਿੱਤੇ ਗਏ ਜਦਕਿ ਉਸ ਰਾਸ਼ੀ ਨਾਲ ਉਨ੍ਹਾਂ ਨੇ ਆਪਣੀ ਮਰਜ਼ੀ ਦਾ ਕੰਮ ਕਰਨਾ ਸੀ। ਪੰਜਾਬ ਦੇ ਵਿੱਚ ਮਗਨਰੇਗਾ ਦੇ ਅਧੀਨ ਗਰੀਬ ਲੋਕਾਂ ਨਾਲ ਇਹ ਬਹੁਤ ਵੱਡਾ ਧੋਖਾ ਹੋਇਆ ਹੈ। ਜੇ ਵਜ਼ੀਫੇ ਦੀ ਗੱਲ ਕਰੀਏ ਤਾਂ ਉਸ ਸਬੰਧੀ ਅੱਜ ਧਿਆਨ ਦਿਵਾਊ ਨੋਟਿਸ ਵੀ ਸੀ, ਵਜ਼ੀਫੇ ਬਾਰੇ ਇੱਕ ਸ਼ਬਦ ਵੀ ਇਸ ਬਜਟ ਵਿੱਚ ਨਹੀਂ ਹੈ। 2,32,000 ਸਟੂਡੈਂਟ ਸਾਡੇ ਦਲਿਤ ਵਰਗ ਦਾ ਪੜ੍ਹਦਾ ਹੈ। ਦੇਸ਼ ਜਿਵੇਂ-ਜਿਵੇਂ ਤਰੱਕੀ ਕਰ ਰਿਹਾ ਹੈ, ਦਲਿਤ ਵਰਗ ਪਿੱਛੇ ਨੂੰ ਜਾ ਰਿਹਾ ਹੈ। ਪਿੱਛੇ ਨੂੰ ਜਾਣ ਦਾ ਕਾਰਨ ਇਹ ਹੈ ਕਿ ਉਨ੍ਹਾਂ ਬੱਚਿਆਂ ਨੂੰ ਨਾ ਤਾਂ ਕਿਤੇ ਐਡਮਿਸ਼ਨ ਮਿਲਦੀ ਹੈ, ਜੇ ਮਿਲ ਗਈ ਤਾਂ ਰੋਲ ਨੰਬਰ ਨਹੀਂ ਦਿੱਤੇ ਜਾਂਦੇ, ਜੇ ਰੋਲ ਨੰਬਰ ਦੇ ਵੀ ਦਿੱਤੇ ਜਾਂਦੇ ਹਨ ਤਾਂ ਸਰਟੀਫਿਕੇਟ ਦੇਣ ਲੱਗਿਆਂ ਉਨ੍ਹਾਂ ਨੂੰ ਫਿਰ ਔਖਾ ਕੀਤਾ ਜਾਂਦਾ ਹੈ। ਉਨ੍ਹਾਂ ਬੱਚਿਆਂ ਨੂੰ ਅੱਜ ਪਿਛਲੇ ਤਿੰਨ ਸਾਲ ਤੋਂ ਕਿਸੇ ਕਿਸਮ ਦਾ ਕੋਈ ਵੀ ਵਜ਼ੀਫਾ ਨਹੀਂ ਦਿੱਤਾ ਗਿਆ। ਸਿਰਫ 5% ਵਜ਼ੀਫਾ ਮਿਲਦਾ ਹੈ। ਮੈਂ ਇੱਕ ਸਕੂਲ ਦੇ ਵਿੱਚ ਗਿਆ, ਉਥੇ ਕਿਸੇ ਨੂੰ 762/- ਰੁਪਏ, ਕਿਸੇ ਨੂੰ 265/- ਰੁਪਏ ਪਰ ਚਾਰ ਫਿੱਗਰਜ਼ ਵਿੱਚ ਕਿਸੇ ਨੂੰ ਵੀ ਵਜ਼ੀਫਾ ਨਹੀਂ ਆਇਆ ਸੀ। ਸਾਲ 2014-15 ਦਾ ਵਜ਼ੀਫਾ ਹੀ ਆਇਆ ਹੋਇਆ ਹੈ। ਜਿਹੜਾ ਬੱਚਾ ਪੜ੍ਹ ਰਿਹਾ ਹੈ, ਉਸ ਨੂੰ ਵਜ਼ੀਫੇ ਦੀ ਲੋੜ ਅੱਜ ਹੈ। ਪਿਛਲੇ

ਦਾ ਕੀ ਮਤਲਬ ਹੈ? ਪਹਿਲਾਂ ਜਦੋਂ ਬਜਟ ਪੇਸ਼ ਹੋਇਆ ਸੀ ਤਾਂ ਮਾਨਯੋਗ ਸਮਾਜ ਭਲਾਈ ਮੰਤਰੀ ਜੀ ਨੇ ਕਿਹਾ ਸੀ ਕਿ ਵਜ਼ੀਫੇ ਦੇ ਬਜਟ ਵਿੱਚ ਘਪਲਾ ਹੋਇਆ ਹੈ, ਅਸੀਂ ਪੜਤਾਲ ਕਰਵਾ ਰਹੇ ਹਾਂ। ਸਰ, ਉਹ ਪੜਤਾਲ ਕਰਵਾਈ ਨੂੰ ਅੱਜ ਤਿੰਨ ਸਾਲ ਹੋ ਗਏ ਹਨ। ਪਿੱਛੇ ਜਿਹੇ ਮੈਂ ਇਨ੍ਹਾਂ ਦਾ ਬਿਆਨ ਪੜ੍ਹਿਆ, ਬਿਆਨ ਪੜ੍ਹ ਕੇ ਬੜਾ ਦੁੱਖ ਹੋਇਆ, ਇਹ ਕਹਿੰਦੇ ਹਨ ਕਿ ਕੋਈ ਘਪਲਾ ਨਹੀਂ ਹੋਇਆ ਹੈ, ਬਿਲਕੁਲ ਠੀਕ ਹੈ ਅਤੇ ਆਡਿਟ ਕਰ ਲਿਆ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਜੇਕਰ ਕੋਈ ਘਪਲਾ ਨਹੀਂ ਹੋਇਆ ਤਾਂ ਜਿਹੜਾ ਵਜ਼ੀਫੇ ਦਾ 500 ਕਰੋੜ ਰੁਪਿਆ ਸੀ, ਉਹ ਕਿੱਥੇ ਗਿਆ? ਦੱਸੋ ਕਿੱਥੇ ਗਿਆ? ਮੈਂ ਕਈ ਕਾਲਜਾਂ ਵਿੱਚ ਗਿਆ ਸੀ, ਉਨ੍ਹਾਂ ਨੇ ਦੱਸਿਆ ਕਿ ਸਾਡੇ ਕੋਲ ਬਕਾਇਦਾ ਕਈ ਟੀਮਾਂ ਆਈਆਂ ਸਨ ਅਤੇ ਉਨ੍ਹਾਂ ਨੇ ਰਜਿਸਟਰ ਚੈੱਕ ਕੀਤਾ ਸੀ, ਰਜਿਸਟਰ ਚੈੱਕ ਕਰਕੇ ਉਨ੍ਹਾਂ ਨੇ ਕਿਹਾ ਕਿ ਤੁਹਾਡਾ ਇੰਨਾ ਘਪਲਾ ਹੈ, ਬੋਲੋ, ਕਿੰਨੇ ਪੈਸੇ ਦਿਉਗੇ?

**ਸਮਾਜਿਕ ਸੁਰੱਖਿਆ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ (ਸਰਦਾਰ ਸਾਧੂ ਸਿੰਘ) :** ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਗੱਲਾਂ-ਬਾਤਾਂ ਨਾਲ ਨਹੀਂ ਹੋਇਆ। ਇਹ ਐਫ.ਡੀ. ਤੋਂ ਆਡਿਟ ਹੋਇਆ ਹੈ। ਐਵੇਂ ਹੀ ਨਹੀਂ ਹੋਇਆ। ਐਫ.ਡੀ. ਤੋਂ ਆਡਿਟ ਹੋਇਆ ਹੈ, ਉਸ ਹਿਸਾਬ ਨਾਲ ਕੰਮ ਹੋਇਆ ਹੈ। ਗੱਲਾਂ-ਬਾਤਾਂ ਨਾਲ ਨਹੀਂ ਹੋਇਆ।

**ਸ਼੍ਰੀ ਬੁੱਧ ਰਾਮ :** ਤੁਸੀਂ ਹੀ ਕਿਹਾ ਸੀ ਕਿ ਇਸ ਵਿੱਚ ਐਮਬੈਜ਼ਲਮੈਂਟ ਹੋਈ ਹੈ।

**ਸਮਾਜਿਕ ਸੁਰੱਖਿਆ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ:** ਜੋ ਮੈਂ ਤੁਹਾਨੂੰ ਕਹਿ ਰਿਹਾ ਹਾਂ ਕਿ ਆਡਿਟ ਨਾਲ ਕੰਪੈਰੀਜ਼ਨ ਕਰ ਲਉ, ਉਸ ਤੋਂ ਬਾਅਦ ਕੋਈ ਗੱਲ ਨਿਕਲੇ ਤਾਂ ਦੱਸਣਾ।

**ਸ਼੍ਰੀ ਬੁੱਧ ਰਾਮ :** ਉਨ੍ਹਾਂ ਨੂੰ ਕਿਹਾ ਗਿਆ ਕਿ ਕਲੀਨ ਚਿੱਟ ਦੇ ਦਿੰਦਾ ਹਾਂ ਅਤੇ ਲੱਖਾਂ ਰੁਪਏ ਲੈ ਗਏ। ਸਾਨੂੰ ਕਿਸੇ ਨੇ ਸਹੁੰ ਖਵਾ ਕੇ ਕਿਹਾ ਹੈ ਕਿ ਸਾਡਾ ਨਾਂ ਨਾ ਲੈਣਾ, ਸਾਡੇ ਤੋਂ 50 ਹਜ਼ਾਰ ਜਾਂ ਲੱਖ ਰੁਪਏ ਲੈ ਕੇ ਕਲੀਨ ਚਿੱਟ ਦਿੱਤੀ ਹੈ। ਸਰ, ਇੱਥੋਂ ਤੱਕ ਹਾਲਤ ਹੋਈ ਹੈ। ਦਲਿਤਾਂ ਨਾਲ ਇੰਨਾ ਵੱਡਾ ਧੋਖਾ ਕਰਨ ਦਾ ਕੀ ਮਤਲਬ ਹੈ?

**ਮਾਨਯੋਗ ਡਿਪਟੀ ਸਪੀਕਰ :** ਧੰਨਵਾਦ, ਬੁੱਧ ਰਾਮ ਜੀ।

**ਸ਼੍ਰੀ ਬੁੱਧ ਰਾਮ :** ਨਹੀਂ ਸਰ, ਬਜਟ ਤੇ ਬੋਲਣਾ ਹੈ। ਪਹਿਲਾਂ ਪੰਜਾਬੀ ਬੋਲੀ ਦੇ ਮਤੇ ਤੇ ਨਹੀਂ ਬੋਲਣ ਦਿੱਤਾ। ਇਹ ਕੋਈ ਗੱਲ ਹੈ ਜੀ।

**ਮਾਨਯੋਗ ਡਿਪਟੀ ਸਪੀਕਰ :** ਤੁਹਾਨੂੰ ਤਿੰਨ ਮਿੰਟ ਜ਼ਿਆਦਾ ਦਿੱਤੇ ਹਨ। ਹੋਰ ਮੈਂਬਰਾਂ ਨੇ ਵੀ ਬੋਲਣਾ ਹੈ।

**ਸ਼੍ਰੀ ਬੁੱਧ ਰਾਮ :** ਸਰ, ਸਾਨੂੰ ਘੱਟੋ-ਘੱਟ ਵਜ਼ੀਫੇ ਬਾਰੇ ਜ਼ਰੂਰ ਬੋਲਣਾ ਚਾਹੀਦਾ ਹੈ। ਪਿਛਲੇ ਬਜਟ ਵਿੱਚ ਜੋ ਪੈਸਾ ਰੱਖਿਆ ਗਿਆ ਸੀ, ਉਹ ਵੀ ਨਹੀਂ ਲੱਗਿਆ। ਮੈਂ ਤਾਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਜਿੰਨਾ ਬਜਟ ਰੱਖਿਆ ਜਾਂਦਾ ਹੈ, ਉਹ ਲਗਾਇਆ ਨਹੀਂ ਜਾਂਦਾ।

ਤੁਸੀਂ ਕਿਹਾ ਹੈ ਕਿ ਅਸੀਂ 12ਵੀਂ ਤੱਕ ਕਲਾਸਾਂ ਦੀ ਫੀਸ ਫਰੀ ਕਰ ਦਿੱਤੀ। ਐਫ.ਐਮ. ਸਾਹਿਬ, ਤੁਸੀਂ ਧਿਆਨ ਦੇਵੋ ਕਿ ਕੀ ਤੁਸੀਂ ਇਕੱਲੀ ਟਿਊਸ਼ਨ ਫੀਸ ਫਰੀ ਕਰੋਗੇ ਜਾਂ ਸਾਰੀ ਫੀਸ ਫਰੀ ਕਰੋਗੇ? ਕਿਉਂਕਿ ਜਿਹੜੀ ਫੀਸ ਲਈ ਜਾਂਦੀ ਹੈ, ਉਸ ਨਾਲ ਪੀ.ਟੀ.ਏ. ਲਈ ਜਾਂਦੀ ਹੈ, ਸਪੋਰਟਸ ਫੰਡ ਲਿਆ ਜਾਂਦਾ ਹੈ, ਕੰਪਿਊਟਰ ਫੰਡ, ਕਲਚਰਲ ਫੰਡ, ਅਮਲਗਾਮੇਟਿਡ ਫੰਡ ਲਿਆ ਜਾਂਦਾ ਹੈ, ਐਡਮਿਸ਼ਨ ਫੰਡ ਲਿਆ ਜਾਂਦਾ ਹੈ। 12ਵੀਂ ਦੀ ਰਜਿਸਟ੍ਰੇਸ਼ਨ ਫੀਸ 150/- ਰੁਪਿਆ ਹੈ, ਕੰਟੀਨਿਊਐਂਸ ਫੀਸ 100/- ਰੁਪਿਆ ਹੈ, 1200/- ਪ੍ਰੀਖਿਆ ਫੀਸ ਹੈ, ਪ੍ਰੈਕਟੀਕਲ ਵਾਸਤੇ 150/- ਰੁਪਿਆ ਹੈ ਜਿਹੜੇ ਕਿ ਚਾਰ ਹੁੰਦੇ ਹਨ, ਟੋਟਲ 1900/- ਰੁਪਏ ਬਣਦਾ ਹੈ। ਸੋ, ਤੁਸੀਂ ਇਹ ਸਾਰੀ ਫੀਸ ਮੁਆਫ ਕਰੋਗੇ ਕਿ ਇਕੱਲੀ ਟਿਊਸ਼ਨ ਫੀਸ ਮੁਆਫ ਕਰੋਗੇ? ਇਸੇ ਤਰ੍ਹਾਂ ਦਸਵੀਂ ਵਿੱਚ ਵੀ ਟਿਊਸ਼ਨ ਫੀਸ ਹੈ, ਅਮਲਗਾਮੇਟਿਡ ਫੰਡ ਹੈ, ਕੰਪਿਊਟਰ ਫੰਡ ਹੈ, ਪੀ.ਟੀ.ਏ. ਹੈ, ਸਪੋਰਟਸ ਹੈ, ਕਲਚਰਲ ਐਕਟੀਵਿਟੀ ਹੈ। ਇਸ ਦਾ ਟੋਟਲ 2554/- ਰੁਪਏ ਬਣਦਾ ਹੈ। ਮੈਂ ਐਫ.ਐਮ. ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਹ ਵਧੀਆ ਗੱਲ ਹੈ ਅਤੇ ਅਸੀਂ ਇਸ ਦੀ ਤਾਈਦ ਕਰਦੇ ਹਾਂ। ਅਸੀਂ ਆਸ ਕਰਦੇ ਹਾਂ ਕਿ ਤੁਸੀਂ ਪ੍ਰੀਖਿਆ ਫੀਸ 12ਵੀਂ ਤੱਕ ਦੇ ਬੱਚਿਆਂ ਨੂੰ ਮੁਆਫ ਕਰੋਗੇ।

**ਮਾਨਯੋਗ ਡਿਪਟੀ ਸਪੀਕਰ:** ਸ਼੍ਰੀ ਬੁੱਧ ਰਾਮ ਜੀ, ਕਨਕਲੂਡ ਕਰ ਦਿਉ।

**ਸ਼੍ਰੀ ਬੁੱਧ ਰਾਮ :** ਸਰ, ਬਜਟ ਤੇ ਬੋਲਣਾ ਹੈ।

**ਮਾਨਯੋਗ ਸਪੀਕਰ :** ਟਾਈਮ ਤਾਂ ਉੱਨਾ ਹੀ ਹੈ। ਟਾਈਮ ਅਨੁਸਾਰ ਚੱਲਣਾ ਹੈ। ਤੁਹਾਡੇ ਹੋਰ ਵਕਤਾਵਾਂ ਨੇ ਵੀ ਬੋਲਣਾ ਹੈ।

**ਸ਼੍ਰੀ ਬੁੱਧ ਰਾਮ :** ਅਗਲੀ ਗੱਲ ਇਹ ਹੈ ਕਿ ਬਜਟ ਵਿੱਚ ਬਿਜਲੀ ਸਮਝੌਤੇ ਰੱਦ ਕਰਨ ਲਈ ਕੋਈ ਗੱਲ ਨਹੀਂ ਹੈ। ਅੱਜ ਬਿਜਲੀ ਇੰਨੀ ਮਹਿੰਗੀ ਹੋ ਰਹੀ ਹੈ ਕਿ ਹਰੇਕ ਦੋ ਮਹੀਨੇ ਬਾਅਦ ਬੰਦੇ ਨੂੰ ਹੁੰਦਾ ਹੈ ਕਿ ਹੁਣ ਮੇਰੀ ਜੇਬ ਖਾਲੀ ਹੋਣ ਵਾਲੀ ਹੈ। ਪੀ.ਐਸ.ਪੀ.ਸੀ.ਐਲ. ਵਾਲੇ ਵਾਧੇ ਵਿੱਚ ਹਨ। ਦੂਜੇ ਪਾਸੇ ਤੁਸੀਂ ਦੇਖੋ ਕਿ ਜੇਕਰ ਵਾਧੇ ਵਿੱਚ ਹਨ ਤਾਂ ਬਿਜਲੀ ਦਾ ਇੰਨਾ ਰੇਟ ਵਧਣ ਦੇ ਕੀ ਕਾਰਨ ਹਨ? ਬਿਜਲੀ ਸਮਝੌਤੇ ਰੱਦ ਕਿਉਂ ਨਹੀਂ ਕੀਤੇ ਜਾਂਦੇ? ਸਾਡੇ ਬੱਚੇ 'ਆਈਲੈਟਸ' ਰਾਹੀਂ ਵੱਡੀ ਪੱਧਰ ਤੇ ਬਾਹਰ ਜਾ ਰਹੇ ਹਨ। 'ਆਈਲੈਟਸ' ਉਦਯੋਗ ਚੱਲ ਪਿਆ ਹੈ। ਪੂੰਜੀਗਤ ਸਰਮਾਇਆ ਵਿਦੇਸ਼ਾਂ ਨੂੰ ਜਾ ਰਿਹਾ ਹੈ। ਇਸ ਬਾਰੇ ਮੰਤਰੀ ਜੀ ਨੇ ਕੋਈ ਰੋਡਮੈਪ ਨਹੀਂ ਦੱਸਿਆ।

ਪੰਜਾਬੀ ਭਾਸ਼ਾ ਨੂੰ ਪ੍ਰਫੁੱਲਤ ਕਰਨ ਲਈ ਆਪਾਂ ਗੱਲ ਕੀਤੀ ਹੈ। ਸਾਡਾ ਪੰਜਾਬ ਟੈਕਸਟ ਬੁੱਕ ਬੋਰਡ ਹੁੰਦਾ ਸੀ।

**ਮਾਨਯੋਗ ਡਿਪਟੀ ਸਪੀਕਰ :** ਧੰਨਵਾਦ, ਜੀ।

**ਸ਼੍ਰੀ ਬੁੱਧ ਰਾਮ :** ਜਿੱਥੇ ਗਰੀਬ ਤਬਕੇ ਨੂੰ ਕਿਤਾਬਾਂ ਮਿਲ ਜਾਂਦੀਆਂ ਸਨ। ਪਟਿਆਲਾ ਵਿੱਚ ਇੱਕ ਸੈਂਟਰਲ ਯੂਨੀਵਰਸਿਟੀ ਹੈ।

**ਮਾਨਯੋਗ ਡਿਪਟੀ ਸਪੀਕਰ :** ਬੈਠੋ ਜੀ।ਹਾਂ ਜੀ, ਸਰਦਾਰ ਬਿਕਰਮ ਸਿੰਘ ਜੀ। (ਵਿਘਨ)

**ਸ਼੍ਰੀ ਬੁੱਧ ਰਾਮ :** ਜੋ ਕਿ ਮੁੱਖ ਮੰਤਰੀ ਜੀ ਦੇ ਆਪਣੇ ਸ਼ਹਿਰ ਵਿੱਚ ਹੈ, ਉੱਥੇ ਅੱਧੀਆਂ ਪੋਸਟਾਂ ਖਾਲੀ ਪਈਆਂ ਹਨ।

**ਮਾਨਯੋਗ ਡਿਪਟੀ ਸਪੀਕਰ :** ਧੰਨਵਾਦ ਜੀ। ਹਾਂ ਜੀ ਮਜੀਠੀਆ ਜੀ। (ਵਿਘਨ) (ਸ਼ੋਰ)

**ਸ਼੍ਰੀ ਬੁੱਧ ਰਾਮ :** ਕਨਕਲੂਡ ਕਰ ਲੈਣ ਦਿਉ।ਮੈਂ ਕੱਲ੍ਹ ਪੰਜਾਬੀ ਯੂਨੀਵਰਸਿਟੀ, ਪਟਿਆਲਾ ਗਿਆ ਹਾਂ, ਉਹ 350 ਕਰੋੜ ਰੁਪਏ ਦੇ ਘਾਟੇ ਵਿੱਚ ਹਨ। ਤੁਸੀਂ ਪੰਜਾਬੀ ਯੂਨੀਵਰਸਿਟੀ ਲਈ ਵੀ ਕੋਈ ਪੈਸਾ ਨਹੀਂ ਰੱਖਿਆ। ਮੈਂ ਇੱਕ ਹੋਰ ਬੇਨਤੀ ਕਰਦਾ ਹਾਂ ਕਿ ਤੁਸੀਂ ਓਪਨ ਯੂਨੀਵਰਸਿਟੀ ਖੋਲ੍ਹ ਦਿੱਤੀ ਹੈ, ਅਸੀਂ ਉਸ ਦਾ ਸਵਾਗਤ ਕਰਦੇ ਹਾਂ ਪਰ ਜਦੋਂ ਪੰਜਾਬੀ ਯੂਨੀਵਰਸਿਟੀ ਵਿੱਚ ਆਲਰੇਡੀ ਡਿਸਟੈਂਟ ਐਜੂਕੇਸ਼ਨ ਐਗਜ਼ਿਸਟ ਕਰਦਾ ਹੈ ਤਾਂ ਇਹ ਓਪਨ ਯੂਨੀਵਰਸਿਟੀ ਕਿਤੇ ਬਠਿੰਡਾ, ਬਰਨਾਲਾ ਜਾਂ ਮਾਨਸਾ ਵੱਲ ਵੀ ਖੋਲ੍ਹੀ ਜਾ ਸਕਦੀ ਸੀ। ਦੋਨੋਂ ਹੀ ਯੂਨੀਵਰਸਿਟੀਆਂ ਇੱਕੋ ਥਾਂ ਤੇ ਖੋਲ੍ਹ ਦੇਣਾ, ਕਦੇ ਵੀ ਵਾਜਬ ਨਹੀਂ ਹੈ।

ਸੋ, ਲਾਸਟ ਵਿੱਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਜ਼ਿਆਦਾ ਟਾਈਮ ਨਹੀਂ ਦੇਣਾ ਤਾਂ ਤੁਹਾਡੀ ਮਰਜ਼ੀ ਹੈ। ਮੈਂ ਲਾਸਟ ਵਿੱਚ ਬੇਨਤੀ ਕਰਦਾ ਹਾਂ ਕਿ ਮਜ਼ਦੂਰਾਂ ਲਈ ਕਰਜ਼ਾ ਮੁਆਫੀ ਸਕੀਮ ਨੂੰ ਇੰਪਲੀਮੈਂਟ ਕਰੋ। ਮਜ਼ਦੂਰ ਬਹੁਤ ਦੁਖੀ ਹਨ। ਮਜ਼ਦੂਰ ਦੀ ਕੀ ਡੈਫੀਨੇਸ਼ਨ ਹੋਣੀ ਚਾਹੀਦੀ ਹੈ? ਜੇ ਉਸ ਕੋਲ ਇੱਕ ਕਿੱਲਾ ਜ਼ਮੀਨ ਹੈ, ਉਹ ਪੰਜ ਕਿੱਲੇ ਠੇਕੇ ਤੇ ਲੈਂਦਾ ਹੈ। ਇੱਕ ਮਜ਼ਦੂਰ ਵੀ 5 ਕਿੱਲੇ ਠੇਕੇ ਤੇ ਜ਼ਮੀਨ ਲੈ ਲੈਂਦਾ ਹੈ। ਅਸੀਂ ਮਜ਼ਦੂਰ ਕਿਸ ਨੂੰ ਮੰਨਾਂਗੇ, ਇਸ ਗੱਲ ਦੀ ਵੀ ਡੈਫੀਨੇਸ਼ਨ ਸਿੱਧ ਕਰਨੀ ਚਾਹੀਦੀ ਹੈ ਕਿ ਇਨ੍ਹਾਂ ਮਜ਼ਦੂਰਾਂ ਦਾ ਹੀ ਕਰਜ਼ਾ ਮੁਆਫ ਕੀਤਾ ਜਾਵੇਗਾ। ਮੈਂ ਸਮਝਦਾ ਹਾਂ ਕਿ ਸਾਡੇ ਵਿੱਤ ਮੰਤਰੀ ਸਾਹਿਬ ਅੱਗੇ ਆਉਣਗੇ ਅਤੇ ਦਲਿਤਾਂ ਦੇ ਸਬੰਧ ਵਿੱਚ, ਵਜ਼ੀਫੇ ਸਬੰਧੀ ਅਤੇ ਮਗਨਰੇਗਾ ਸਕੀਮ ਸਬੰਧੀ ਰਿਵਾਈਜ਼ਡ ਰਾਸ਼ੀ ਬਜਟ ਵਿੱਚ ਪਾਉਣਗੇ। ਤੁਹਾਡਾ ਬਹੁਤ ਬਹੁਤ ਧੰਨਵਾਦ।

**ਮਾਨਯੋਗ ਡਿਪਟੀ ਸਪੀਕਰ:** ਧੰਨਵਾਦ, ਧੰਨਵਾਦ। ਸ਼੍ਰੀ ਬੁੱਧ ਰਾਮ ਜੀ, ਤੁਹਾਡਾ ਧੰਨਵਾਦ। ਹਾਂ ਜੀ, ਮਜੀਠੀਆ ਜੀ।

**ਸਰਦਾਰ ਬਿਕਰਮ ਸਿੰਘ ਮਜੀਠੀਆ (ਮਜੀਠਾ):** ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਜੀ। ਕਾਂਗਰਸ ਸਰਕਾਰ ਵੱਲੋਂ ਇਹ ਚੌਥਾ ਬਜਟ ਪੇਸ਼ ਹੋਇਆ ਹੈ, ਇਸ ਤੋਂ ਬਾਅਦ ਇਨ੍ਹਾਂ ਨੇ ਅਖੀਰਲਾ ਬਜਟ ਪੇਸ਼ ਕਰਨਾ ਹੈ ਤੇ ਉਹ ਬੇਸੀਕਲੀ ਇਲੈਕਸ਼ਨ ਈਅਰ ਹੀ ਮੰਨਿਆ ਜਾਵੇਗਾ ਕਿਉਂਕਿ ਉਸ ਤੋਂ ਬਾਅਦ ਇਲੈਕਸ਼ਨ ਈਅਰ ਆ ਜਾਣਾ ਹੈ। ਬੜੇ ਵੱਡੇ ਵਾਅਦਿਆਂ ਕਰਕੇ and with very high hopes ਲੋਕਾਂ ਨੇ ਇਨ੍ਹਾਂ ਤੇ ਬਹੁਤ ਵਿਸ਼ਵਾਸ ਕਰਦਿਆਂ ਇਨ੍ਹਾਂ ਨੂੰ ਬਹੁਮਤ ਦਿੱਤਾ ਤੇ ਇਨ੍ਹਾਂ ਕੋਲ 77 ਸੀਟਾਂ ਆਈਆਂ। ਡਿਪਟੀ ਸਪੀਕਰ ਸਾਹਿਬ, ਜਿਸ ਦਿਨ ਇਹ ਬਜਟ ਪੇਸ਼ ਹੋਇਆ ਉਸ ਤੋਂ ਅਗਲੇ ਦਿਨ ਦੀਆਂ ਅਖਬਾਰਾਂ ਵਿੱਚ ਇਸ ਬਜਟ ਬਾਰੇ ਵੱਖ-ਵੱਖ ਲੋਕਾਂ ਦੀਆਂ ਟਿੱਪਣੀਆਂ ਆਈਆਂ ਸਨ। ਇਹ ਠੀਕ ਹੈ ਕਿ ਜਿਹੜੇ ਅਸੀਂ ਇਥੇ ਬੈਠੇ ਹਾਂ, ਅਸੀਂ ਕਰਦੇ ਤਾਂ ਲੋਕਾਂ ਦੀ ਨੁਮਾਇੰਦਗੀ ਹਾਂ ਮਗਰ ਹੌਲੀ-ਹੌਲੀ ਸਮਾਂ ਪਾ ਕੇ ਸਾਡੀ ਬਾਹਰ ਦੀ ਸੁਣਨ ਸ਼ਕਤੀ ਦਾ ਫਰਕ ਰਹਿ ਜਾਂਦਾ ਹੈ, ਇਸ ਲਈ ਕਈ ਵਾਰੀ ਜਿਹੜੇ ਰੂਲਿੰਗ ਵਿੱਚ ਬੈਠੇ ਹੁੰਦੇ ਹਨ ਤਾਂ ਉਹ ਅਗਲੀ ਵਾਰੀ ਆਪੋਜ਼ੀਸ਼ਨ ਵਿੱਚ ਆ ਜਾਂਦੇ ਹਨ। ਡਿਪਟੀ ਸਪੀਕਰ ਸਾਹਿਬ, ਜਿਨ੍ਹਾਂ ਕਿਸਾਨਾਂ ਨਾਲ ਵੱਡੇ-ਵੱਡੇ ਵਾਅਦੇ ਕੀਤੇ ਗਏ ਸਨ, ਉਨ੍ਹਾਂ ਕਿਸਾਨਾਂ ਦਾ ਦਰਦ, ਉਨ੍ਹਾਂ ਦੀ ਪੀੜਾ, ਖੁਦਕੁਸ਼ੀ ਵਾਲੇ ਪਰਿਵਾਰਾਂ ਦੀ ਨਬਜ਼ ਸੁਣੀ ਜਾਵੇ, ਜਿਨ੍ਹਾਂ ਦੇ ਬੱਚੇ ਅਨਾਥ ਹੋ ਗਏ ਹਨ ਜਾਂ ਜਿਨ੍ਹਾਂ ਦੇ ਬੱਚਿਆਂ ਨੂੰ ਅੱਜ ਸਕੂਲ ਦੀ ਫੀਸ ਦੇਣ ਵਿੱਚ ਪ੍ਰਾਬਲਮ ਆ ਰਹੀ ਹੈ।ਜੇ ਮੈਂ ਇਕੱਲੇ ਬਜਟ ਬਾਰੇ ਗੱਲ ਕਰਾਂ ਤਾਂ ਸਰਕਾਰ ਕਿਹੜੇ ਪ੍ਰਾਮਿਸਿਜ਼ ਤੇ ਬਣੀ ਹੈ? ਇਹ ਸਰਕਾਰ ਇਕੱਲੇ ਇਸ ਪ੍ਰਾਮਿਸ ਤੇ ਨਹੀਂ ਬਣੀ ਸੀ ਕਿ ਬਜਟ ਦੇ ਅਨੁਮਾਨ ਪੇਸ਼ ਹੋਣਗੇ ਜਾਂ ਕੀ ਘਾਟਾ ਹੈ, ਕੀ ਵਾਧਾ ਹੈ, ਉਸ ਗੱਲ ਤੇ ਮੈਂ ਬਾਅਦ ਵਿੱਚ ਆਵਾਂਗਾ ਮਗਰ ਲੋਕਾਂ ਦੇ ਨਾਲ ਧੋਖਾ ਕੀਤਾ ਗਿਆ ਹੈ। ਸੁਭਾਵਿਕ ਹੈ ਕਿ ਅੱਜ ਉਹ ਲੋਕ ਵੀ ਮਹਿਸੂਸ ਕਰਦੇ ਸੀ ਕਿ ਚੌਥਾ ਬਜਟ ਪੇਸ਼ ਹੋ ਗਿਆ ਹੈ, ਉਹ ਲੱਭਦੇ ਸੀ ਕਿ ਬਜਟ ਵਿੱਚ ਸਾਡੇ ਲਈ ਕੀ ਰੱਖਿਆ ਗਿਆ ਹੈ, ਮੁਲਾਜ਼ਮ ਆਪਣੇ ਵਾਸਤੇ ਲੱਭਦੇ ਸੀ, ਐਸ.ਸੀ. ਭਾਈਚਾਰਾ ਆਪਣੇ ਵਾਸਤੇ ਲੱਭਦਾ ਸੀ। ਜਿਵੇਂ ਬੁੱਧ ਰਾਮ ਜੀ ਬੋਲ ਕੇ ਗਏ ਹਨ ਕਿ 32% ਅਬਾਦੀ ਐਸ.ਸੀ. ਭਾਈਚਾਰੇ ਦੀ ਹੈ, ਡਿਪਟੀ ਸਪੀਕਰ ਸਾਹਿਬ, ਤੁਸੀਂ ਵੀ ਉਸ ਭਾਈਚਾਰੇ ਦੇ ਦਰਦ ਨੂੰ ਸਮਝਦੇ ਹੋ। ਐਸ.ਸੀ. ਸਕਾਲਰਸ਼ਿਪ ਪ੍ਰੋਗਰਾਮ ਹੀ ਉਡਾ ਦਿੱਤਾ ਗਿਆ ਹੈ, ਉਸ ਦਾ ਕੋਈ ਜ਼ਿਕਰ ਹੀ ਨਹੀਂ ਹੈ। ਇਹ ਗੱਲ ਵੱਖਰੀ ਹੈ ਕਿ ਤਿੰਨ ਸਾਲ ਐਸ.ਸੀ. ਸਕਾਲਰਸ਼ਿਪ ਦਿੱਤੀ ਹੀ ਨਹੀਂ ਹੈ। ਅੱਜ ਇਹ ਹਾਲਾਤ ਬਣ ਗਏ ਕਿ ਉਸ ਸਕੀਮ ਨੂੰ ਉਡਾ ਹੀ ਦਿੱਤਾ ਹੈ। ਬੱਚੇ ਅਲੱਗ ਹੈਰਾਨ-ਪਰੇਸ਼ਾਨ ਹਨ। ਮੈਂ ਅੱਜ ਕਾਂਗਰਸ ਪਾਰਟੀ ਦਾ ਚੋਣ ਮੈਨੀਫੈਸਟੋ ਵੀ ਨਾਲ ਲੈ ਕੇ ਆਇਆ ਹਾਂ (ਚੋਣ ਮੈਨੀਫੈਸਟੋ ਦਿਖਾਉਂਦੇ ਹੋਏ) ਇਸ

ਵਿੱਚ ਕਿਸਾਨ ਖੁਦਕੁਸ਼ੀ ਵਾਲੇ ਪਰਿਵਾਰਾਂ ਨਾਲ ਵਾਅਦਾ ਕੀਤਾ ਸੀ ਕਿ ਦਸ-ਦਸ ਲੱਖ ਰੁਪਿਆ ਮਦਦ ਦੇ ਤੌਰ ਤੇ ਦਿੱਤਾ ਜਾਵੇਗਾ ਤੇ ਨਾਲ ਹੀ ਇਹ ਵੀ ਵਾਅਦਾ ਕੀਤਾ ਸੀ ਕਿ ਇੱਕ-ਇੱਕ ਨੌਕਰੀ ਦਿਆਂਗੇ। ਇਹ ਵਾਅਦਾ ਕੀਤਾ ਸੀ ਕਿ ਸਾਰਾ ਹੀ ਕਰਜ਼ਾ ਚਾਹੇ ਉਹ ਆੜ੍ਹਤੀਏ ਦਾ ਹੈ, ਚਾਹੇ ਉਹ ਬੈਂਕ ਦਾ ਹੈ, ਚਾਹੇ ਉਹ ਕੋਆਪਰੇਟਿਵ ਦਾ ਹੈ, ਉਹ ਮੁਆਫ ਕਰਾਂਗੇ। ਮਗਰ ਡਿਪਟੀ ਸਪੀਕਰ ਸਾਹਿਬ, ਜੇ ਕਿਸਾਨੀ ਦੇ ਦਰਦ ਨੂੰ ਸਮਝਿਆ ਹੁੰਦਾ ਪਰ ਅਜਿਹਾ ਨਹੀਂ ਹੈ। ਅਫਸੋਸ ਦੀ ਗੱਲ ਇਹ ਹੈ ਕਿ ਜਿਸ ਦਿਨ ਇਹ ਬਜਟ ਪੇਸ਼ ਹੋਇਆ, ਅਗਲੇ ਦਿਨ ਅਖਬਾਰ ਵਿੱਚ ਬਜਟ ਸਬੰਧੀ ਖਬਰ ਲੱਗੀ ਅਤੇ ਨਾਲ ਹੀ ਜੋਗੇ ਤੋਂ ਕਿਸਾਨ ਦੀ ਖੁਦਕੁਸ਼ੀ ਦੀ ਖਬਰ ਵੀ ਲੱਗ ਗਈ। ਇਹ ਸੁਭਾਵਿਕ ਹੈ ਕਿ ਕਿਸਾਨ ਦੀ ਸੁਣਵਾਈ ਨਹੀਂ ਹੋਈ। ਕਿਸੇ ਨੇ ਬੜੇ ਖੂਬ ਲਫਜ਼ਾਂ ਵਿੱਚ ਲਿਖਿਆ ਹੈ-

"वो वक्त गुज़र गया जब मुझे तेरी आरज़ू थी
अब तू खुदा भी बन जाए तो मैं तेरा सजदा न करूं।"

ਅੱਜ ਜਿਹੜੇ ਬਾਹਰ ਬੈਠੇ ਲੋਕ ਹਨ, ਜਿਨ੍ਹਾਂ ਦੀ ਅਸੀਂ ਨੁਮਾਇੰਦਗੀ ਕਰਦੇ ਹਾਂ, ਉਨ੍ਹਾਂ ਦੇ ਕਿੰਨੇ ਮਸਲੇ ਹੱਲ ਹੋਏ ਹਨ? ਇਹ ਪਵਿੱਤਰ ਸਦਨ ਹੈ ਤੇ ਪਵਿੱਤਰ ਸਦਨ ਵਿੱਚ ਬਜਟ ਇੱਕ ਬੜਾ sacred document ਮੰਨਿਆ ਜਾਂਦਾ ਹੈ ਮਗਰ ਮੈਂ ਅਫਸੋਸ ਨਾਲ ਕਹਿੰਦਾ ਹਾਂ ਕਿ ਇਸ ਵਿੱਚ ** ** ਹੈ, ਇਸ ਨੂੰ ਲੀਪਾਪੋਚੀ ਤੇ ਸੁਰਖੀ-ਬਿੰਦੀ ਲਗਾ ਕੇ ਪੇਸ਼ ਕੀਤਾ ਗਿਆ ਹੈ। ਅੰਗਰੇਜ਼ੀ ਵਿੱਚ ਕਹਿ ਦਿੰਦੇ ਹਨ ਕਿ it's like putting ** ** ਮੂੰਹ ਤੇ ਲਿਪਸਟਿਕ ਲਗਾ ਦੇਣੀ, ਇਹ ਉਹੋ ਜਿਹਾ ਕੰਮ ਹੋਇਆ ਹੈ। ਇਸ ਵਿੱਚ ਵੱਡੀ ਗੱਲ ਇਹ ਹੈ ਕਿ ਸਾਰੇ ਹੀ ਬਜਟ ਵਿੱਚ ਝੂਠੇ ਵਾਅਦੇ ਕੀਤੇ ਗਏ, ਸ਼ੁਰੂ ਵਿੱਚ ਖਜ਼ਾਨਾ ਮੰਤਰੀ ਸਾਹਿਬ ਨੇ ਬੜੇ ਸਟ੍ਰੌਂਗ ਲਫਜ਼ ਵਰਤੇ ਹਨ ਤੇ ਇੱਕ ਵਿੱਲ ਦੀ ਗੱਲ ਕੀਤੀ ਹੈ ਪਰ ਇਸ ਵਿੱਚ ਵਿੱਲ ਤਾਂ ਕਿਤੇ ਦੇਖਣ ਨੂੰ ਨਹੀਂ ਮਿਲ ਰਹੀ ਜੀ। ਉਨ੍ਹਾਂ ਲੋਕਾਂ ਪ੍ਰਤੀ ਵਿੱਲ, ਉਨ੍ਹਾਂ ਲੋਕਾਂ ਦੇ ਮਸਲੇ ਹੱਲ ਕਰਨ ਪ੍ਰਤੀ ਮੈਨੂੰ ਕਿਤੇ ਵੀ ਵਿੱਲ ਦਿਖਾਈ ਨਹੀਂ ਦਿੱਤੀ, ਸਿਵਾਏ false hope ਦੇ This entire budget is ** ** ਲਾਉਣਾ, ਮੈਂ ਇਨ੍ਹਾਂ ਲਾਰਿਆਂ ਨੂੰ ਇੱਕ-ਇੱਕ ਤਰੀਕੇ ਨਾਲ ਤੁਹਾਡੇ ਸਾਹਮਣੇ ਰੱਖਣ ਦੀ ਕੋਸ਼ਿਸ਼ ਕਰਾਂਗਾ। ਡਿਪਟੀ ਸਪੀਕਰ ਸਾਹਿਬ, ਜਿਵੇਂ ਮੈਂ ਪਹਿਲਾਂ ਗੱਲ ਕੀਤੀ ਹੈ ਕਿ ਸੁਰਖੀ ਬਿੰਦੀ ਲਾ ਕੇ ਇਹ ਬਜਟ ਪੇਸ਼ ਹੋ ਗਿਆ। Before coming to the revenue generation and development expenditure, I will briefly mention the failures

**Expunged as ordered by the Hon'ble Speaker.

[ਸਰਦਾਰ ਬਿਕਰਮ ਸਿੰਘ ਮਜੀਠੀਆ]

of the Government in the people's court. ਡਿਪਟੀ ਸਪੀਕਰ ਸਾਹਿਬ, ਜੇ ਮੈਂ ਇਕੱਲੇ ਵਾਅਦਿਆਂ ਦੀ ਗੱਲ ਕਰ ਦੇਵਾਂ ਤਾਂ ਜਿੰਨੀ ਤਿੰਨ ਸਾਲਾਂ ਵਿੱਚ ਲੋਕਾਂ ਪ੍ਰਤੀ ਦੇਣਦਾਰੀ ਬਣ ਗਈ ਹੈ, ਜਿਨ੍ਹਾਂ ਨੇ ਮੈਨੀਫੈਸਟੋ ਬਣਾਇਆ ਸੀ, ਇਹ ਇਨ੍ਹਾਂ ਦੀ ਖੁਸ਼ਕਿਸਮਤੀ ਹੈ ਕਿ ਮੈਨੀਫੈਸਟੋ ਬਣਾਇਆ ਔਰ ਮੁੜ ਕੇ ਉਹ ਖਜ਼ਾਨੇ ਤੇ ਆ ਕੇ ਆਪ ਬੈਠ ਗਏ। ਚਾਹੀਦਾ ਤਾਂ ਇਹ ਸੀ ਕਿ ਇਸੇ ਕਾਗਜ਼ ਨੂੰ ਲਾਗੂ ਕਰ ਦਿੰਦੇ ਤੇ ਅੱਜ ਮੇਰੇ ਵੀਰ ਜਿੰਨੇ ਉੱਥੇ ਬੈਠੇ ਹਨ, ਕੋਈ ਗੁੱਸਾ ਨਾ ਕਰ ਜਾਵੇ, ਅੰਦਰਖਾਤੇ ਦੱਬੀ ਜ਼ੁਬਾਨ 'ਤੇ ਇਹ ਵੀ ਕਹਿੰਦੇ ਹਨ ਕਿ ਮਾਰੇ ਜਾਵਾਂਗੇ, ਖਜ਼ਾਨਾ ਖਾਲੀ ਹੈ, ਮਾਰੇ ਜਾਵਾਂਗੇ। ਇਹ ਜਿੰਨੇ ਵਾਅਦੇ ਹਨ, ਅੱਜ ਮੈਂ ਵੱਡੀ ਗੱਲ ਕਰ ਦੇਵਾਂ ਕਿ ਦੇਣਦਾਰੀਆਂ ਕਿਹੜੀਆਂ ਲੋਕਾਂ ਪ੍ਰਤੀ ਖੜ੍ਹੀਆਂ ਹੋਈਆਂ ਹਨ? ਕਿਸਾਨ ਖੁਦਕੁਸ਼ੀ ਰੁਕ ਨਹੀਂ ਰਹੀ। ਅੱਜ ਕੋਈ ਢਾਈ ਹਜ਼ਾਰ ਅੰਕੜਾ ਕਹਿੰਦਾ ਹੈ, ਕੋਈ ਤਿੰਨ ਹਜ਼ਾਰ ਕਹਿੰਦਾ ਹੈ, ਉਹ ਹਾਲੇ ਤੱਕ ਕੰਮ ਰੁਕ ਨਹੀਂ ਰਿਹਾ। ਉਨ੍ਹਾਂ ਪ੍ਰਤੀ 85 ਹਜ਼ਾਰ ਕਰੋੜ ਰੁਪਿਆ ਦੇਣ ਵਾਲਾ ਖੜ੍ਹਾ ਹੈ, ਜੇ ਉਹ ਦੇ ਦਿੱਤਾ ਹੁੰਦਾ ਤਾਂ ਅੱਜ ਕਿਸਾਨ ਖੁਦਕੁਸ਼ੀ ਰੁਕ ਗਈ ਹੁੰਦੀ। ਉਹ ਵੀਡੀਓ ਵੀ ਤੁਰੀ ਫਿਰਦੀ ਹੈ ਜਿੱਥੇ ਖਜ਼ਾਨਾ ਮੰਤਰੀ ਸਾਹਿਬ ਇਹ ਡਾਕੂਮੈਂਟ ਰਿਲੀਜ਼ ਕਰ ਰਹੇ ਹਨ, ਸਾਬਕਾ ਪ੍ਰਧਾਨ ਮੰਤਰੀ ਸਾਹਿਬ ਨਾਲ ਖੜ੍ਹੇ ਹਨ ਤੇ ਇੱਕ ਵੀਡੀਓ ਉਹ ਵੀ ਤੁਰੀ ਫਿਰਦੀ ਹੈ। ਮੈਨੂੰ ਲੱਗਦਾ ਹੈ ਕਿ ਸਮਰਾਲੇ ਦੀ ਹੈ, ਜਿੱਥੇ ਮੁੱਖ ਮੰਤਰੀ ਸਾਹਿਬ ਨੇ ਕਿਹਾ ਸੀ ਕਿ ਮੈਂ ਲਕੀਰ ਮਾਰ ਦੇਵਾਂਗਾ। ਲਕੀਰ ਤਾਂ ਵੱਜੀ ਨਹੀਂ, ਜਿਹੜਾ ਕਿਸਾਨ ਕਰਜ਼ ਮੁਆਫੀ "ਕਰਜ਼ਾ ਕੁਰਕੀ ਖਤਮ ਫਸਲ ਦੀ ਪੂਰੀ ਰਕਮ" ਦਾ poster boy ਬੁੱਧ ਸਿੰਘ ਸੀ, ਉਸ ਨੂੰ ਕੁਝ ਕਾਂਗਰਸੀ ਲੀਡਰਾਂ ਤੋਂ ਕੁੱਟ ਜ਼ਰੂਰ ਪੈ ਗਈ। ਉਹ ਤਕੜਾ ਹੈ ਜਿਹੜਾ ਹਾਲੇ ਵੀ ਨਜਿੱਠੀ ਜਾਂਦਾ ਹੈ। ਅਨਇੰਪਲਾਇਮੈਂਟ ਅਲਾਊਂਸ 2500/- ਰੁਪਏ ਦੇਣ ਦਾ ਵਾਅਦਾ ਸੀ, ਘਰ-ਘਰ ਨੌਕਰੀ ਦੇਣੀ ਤਾਂ ਕੀ ਸੀ, ਜੇ 2500/- ਰੁਪਏ ਦਾ 3 ਸਾਲਾਂ ਦਾ ਹਿਸਾਬ ਲਗਾਈਏ, ਮੈਂ ਸਰਕਾਰੀ ਅੰਕੜੇ ਕੱਢ ਕੇ ਲਿਆਇਆ ਹਾਂ। ਮੈਂ ਚਰਚਾ ਵਿੱਚ ਨਹੀਂ ਪੈਂਦਾ, ਕੋਈ ਕਹਿੰਦਾ ਹੈ ਕਿ 20 ਲੱਖ ਨੌਜਵਾਨ ਅਨਇੰਪਲਾਇਡ ਹਨ ਅਤੇ ਸਰਕਾਰੀ ਅੰਕੜੇ ਕਹਿੰਦੇ ਹਨ ਕਿ 11 ਲੱਖ ਹਨ। ਜੇ ਤਿੰਨ ਸਾਲਾਂ ਦਾ ਲਗਾਈਏ ਤਾਂ 11 ਲੱਖ ਦੇ ਹਿਸਾਬ ਨਾਲ 9900 ਕਰੋੜ ਪੰਜਾਬ ਦੇ ਨੌਜਵਾਨਾਂ ਪ੍ਰਤੀ ਇਨ੍ਹਾਂ ਦਾ ਖੜ੍ਹਾ ਹੈ ਜਿਸ ਦਾ ਜ਼ਿਕਰ ਵੀ ਨਹੀਂ ਹੈ। ਪੈਨਸ਼ਨ ਦੀ ਗੱਲ ਕਰ ਲਓ, 750/- ਰੁਪਏ ਪ੍ਰਤੀ ਮਹੀਨਾ ਕਰ ਦਿੱਤੀ, ਵਾਅਦਾ 2,000/- ਰੁਪਏ ਦਾ ਸੀ। 1,250/- ਰੁਪਿਆ ਖੜ੍ਹਾ ਹੈ, ਚੌਥਾ ਬਜਟ ਪੇਸ਼ ਹੋ ਗਿਆ ਹੈ। ਇਹ 24 ਲੱਖ ਬੈਨੀਫਿਸ਼ਰੀ ਨੂੰ ਪੈਨਸ਼ਨ ਦਿੰਦੇ ਹਨ, ਜੇ ਉਸ ਦਾ ਹਿਸਾਬ ਲਗਾਈਏ ਤਾਂ ਕੋਈ 10,800 ਕਰੋੜ ਇਨ੍ਹਾਂ ਦੇ ਵੱਲ ਖੜ੍ਹਾ ਹੋ ਗਿਆ। ਸ਼ਗਨ ਸਕੀਮ 51,000/- ਰੁਪਏ ਦਾ ਵਾਅਦਾ ਕੀਤਾ ਸੀ, ਚੌਥਾ ਬਜਟ ਪੇਸ਼ ਹੋ ਗਿਆ ਹੈ, 21,000/- ਰੁਪਿਆ ਹਾਲੇ ਤੱਕ ਦਿੱਤਾ ਹੈ, ਜੇ ਬਾਕੀ

30,000/- ਦੇ ਹਿਸਾਬ ਨਾਲ ਤਿੰਨ ਸਾਲਾਂ ਦਾ 70,000 ਬੈਨੀਫਿਸ਼ਰੀ ਦੇ ਹਿਸਾਬ ਨਾਲ ਲਗਾਵਾਂ ਤਾਂ 7560 ਕਰੋੜ ਰੁਪਿਆ ਖੜ੍ਹਾ ਹੋ ਗਿਆ ਹੈ। ਜਿਹੜੇ ਸੂਬੇ ਦੇ ਕੋਈ 2000 ਕਿਸਾਨ ਸੁਸਾਇਡ ਵਾਲੇ ਪਰਿਵਾਰ ਹਨ, ਜੇ ਮੈਂ ਉਨ੍ਹਾਂ ਦੀ ਗਿਣਤੀ ਲਗਾਵਾਂ, ਉਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ ਦੀ ਨਹੀਂ, ਜਿਹੜਾ ਇਕੱਲਾ 10 ਲੱਖ ਮਦਦ ਦੀ ਤੁਸੀਂ ਗੱਲ ਕੀਤੀ ਹੈ ਤਾਂ ਲਿਹ ਕੋਈ 250 ਕਰੋੜ ਉਨ੍ਹਾਂ ਪ੍ਰਤੀ ਦੇਣ ਵਾਲਾ ਖੜ੍ਹਾ ਹੋ ਗਿਆ। ਜੇ ਮੈਂ ਮੈਨੀਫੈਸਟੋ ਦੇ ਵਾਅਦੇ ਅਨੁਸਾਰ ਕੁੱਲ ਹਿਸਾਬ ਲਗਾਵਾਂ ਤਾਂ ਇਨ੍ਹਾਂ ਦਾ 1,13,500 ਕਰੋੜ ਪਿਛਲੇ ਤਿੰਨ ਸਾਲਾਂ ਦਾ ਬਣਦਾ ਹੈ, ਜੋ ਇਨ੍ਹਾਂ ਨੇ ਪੰਜਾਬ ਦੇ ਲੋਕਾਂ ਨੂੰ ਦੇਣਾ ਸੀ, ਮਗਰ ਦਿੱਤਾ ਨਹੀਂ। ਇਹ ਲੋਕਾਂ ਦੀ ਕਚਹਿਰੀ ** ** ਵੱਜੀ ਹੈ, ਜਦੋਂ ਇਹ ਇਲੈਕਸ਼ਨ ਜਿੱਤ ਕੇ ਆਏ ਸੀ, ਜਿਹੜੇ ਉਦੋਂ ਦੇ ਵਾਅਦੇ ਹਨ, ਉਨ੍ਹਾਂ ਵਾਅਦਿਆਂ ਅਨੁਸਾਰ 1,13,500 ਕਰੋੜ ਦੀ ਦੇਣਦਾਰੀ ਲੋਕਾਂ ਪ੍ਰਤੀ ਬਣ ਗਈ ਹੈ। ਫਿਰ ਡਿਪਟੀ ਸਪੀਕਰ ਸਾਹਿਬ, ਇਹ ਕਹਿੰਦੇ ਕਿ ਮੈਂ ਸਾਰੇ ਰਿਟਾਇਰ ਕਰ ਦੇਣੇ ਹਨ। ਬਹੁਤ ਚੰਗੀ ਗੱਲ ਹੈ, ਸ਼ੁਕਰ ਹੈ, ਘਰ-ਘਰ ਨੌਕਰੀ ਦਾ ਵਾਅਦਾ ਸੀ। ਇਹ ਤਾਂ ਪਹਿਲੇ ਸਾਲ ਹੀ ਫੈਸਲਾ ਹੋ ਜਾਣਾ ਚਾਹੀਦਾ ਸੀ, ਮਗਰ ਦੇਰ ਆਇਦ ਦਰੁਸਤ ਆਇਦ। 2 ਲੱਖ ਵੈਕੰਸੀਜ਼ ਹੋ ਜਾਣੀਆਂ ਹਨ, ਜੇ 2 ਲੱਖ ਵੈਕੰਸੀਜ਼ ਦਾ ਹਿਸਾਬ ਬੇਸਿਕ ਪੇਅ ਨਾਲ ਲਗਾਵਾਂ ਤਾਂ 3600 ਕਰੋੜ ਰੁਪਿਆ ਸਾਲ ਦਾ ਚਾਹੀਦਾ ਹੈ, ਜਿਹੜੀ ਨਵੀਂ ਭਰਤੀ ਕਰਨੀ ਹੈ। ਜੇ ਮੈਂ ਸਰਕਾਰ ਦੇ ਪੇਸ਼ ਕੀਤੇ ਗਏ ਮੈਨੀਫੈਸਟੋ ਤੇ ਗੱਲ ਕਰਾਂ ਤਾਂ ਬੜੀ ਹੈਰਾਨਗੀ ਹੋਈ ਹੈ। ਇਹ ਤਾਂ ਮੈਂ ਲੋਕਾਂ ਦੀ ਕਚਹਿਰੀ ਦੀਆਂ ਦੇਣਦਾਰੀਆਂ ਦੱਸੀਆਂ ਹਨ। ਇਨ੍ਹਾਂ ਨੇ ਆਪਣੀ ਸਪੀਚ ਵਿੱਚ ਲਫਜ਼ ਵਰਤਿਆ ਹੈ ਕਿ ਇਹ ਰੈਵੇਨਿਊ ਸਰਪੱਲਸ ਬਜਟ ਹੈ। ਡਿਪਟੀ ਸਪੀਕਰ ਸਾਹਿਬ, ਜਿਹੜੀਆਂ ਦੇਣਦਾਰੀਆਂ ਸਰਕਾਰ ਦੇ ਖਾਤੇ ਵਿਚ ਖੜ੍ਹੀਆਂ ਹਨ, ਪਾਵਰ ਸਬਸਿਡੀ 4000 ਕਰੋੜ, 3000 ਕਰੋੜ ਦੇ ਪੈਂਡਿੰਗ ਬਿੱਲ ਪਏ ਹਨ, ਜਿਹੜੇ ਇਲੈਕਟ੍ਰੀਸਿਟੀ ਦੇ ਵੱਖ-ਵੱਖ ਵਿਭਾਗਾਂ ਦੇ ਪੈਂਡਿੰਗ ਬਿੱਲ ਪਏ ਹਨ, ਉਹ 2,000 ਕਰੋੜ ਰੁਪਏ ਦੇ ਪਏ ਹਨ। ਜਿਹੜੇ ਮੁਲਾਜ਼ਮਾਂ ਦੀ ਸ਼੍ਰੀ ਬੁੱਧ ਰਾਮ ਜੀ ਗੱਲ ਕਰਕੇ ਗਏ ਹਨ, ਜੇ ਡੀ.ਏ. ਅਤੇ ਏਰੀਅਰਜ਼ ਦਾ ਜੋੜ ਲਗਾਈਏ ਤਾਂ ਇਹ 5500 ਕਰੋੜ ਰੁਪਿਆ ਬਣਦਾ ਹੈ। Dues of retiring employees, ਜਿਹੜੇ ਤਕਰੀਬਨ 30,000 ਰਿਟਾਇਰ ਹੋ ਜਾਣੇ ਹਨ, ਉਨ੍ਹਾਂ ਦਾ ਕੋਈ 3500 ਕਰੋੜ ਰੁਪਿਆ ਬਣਦਾ ਹੈ। ਜੇਕਰ ਮੈਂ ਇਨ੍ਹਾਂ ਸਾਰਿਆਂ ਦਾ ਟੋਟਲ ਲਗਾਵਾਂ ਤਾ 18,000 ਕਰੋੜ ਰੁਪਿਆ, ਇਨ੍ਹਾਂ ਦਾ ਲੋਕਾਂ ਪ੍ਰਤੀ various heads ਥੱਲੇ ਬਕਾਇਆ ਰਹਿੰਦਾ ਹੈ। ਸਰਕਾਰ ਦੇ ਤਿੰਨ ਸਾਲ ਨਿਕਲ ਗਏ ਹਨ। ਬੜੀ ਖੁਸ਼ੀ ਹੋਈ, ਜਦੋਂ ਸਪੀਚ ਮੁੱਕਣ ਲੱਗੀ ਤਾਂ ਸੀ.ਐਮ. ਸਾਹਿਬ ਨੇ ਕਿਹਾ ਕਿ ਅਸੀਂ 6ਵਾਂ ਪੇਅ ਕਮਿਸ਼ਨ ਲਾਗੂ ਕਰਾਂਗੇ, ਇਨ੍ਹਾਂ ਨੂੰ ਜਾਗ ਤਾਂ ਆਈ। ਇਹ ਕਹਿੰਦੇ ਹਨ ਕਿ 6ਵੇਂ ਪੇਅ ਕਮਿਸ਼ਨ ਲਈ 4000 ਕਰੋੜ ਰੁਪਿਆ, ਬਜਟ ਵਿੱਚ ਰੱਖ

**Expunged as ordered by the Hon'ble Speaker.

ਲਿਆ ਹੈ ਪਰ ਪਤਾ ਨਹੀਂ ਇਹ ਕਿਵੇਂ ਨਿਕਲੇਗਾ ਕਿਉਂਕਿ ਪਿਛਲੀਆਂ ਕਈ ਸਕੀਮਾਂ ਦੇ ਪੈਸੇ ਨਹੀਂ ਨਿਕਲੇ। ਫਿਰ ਗੌਰਮਿੰਟ ਆਫ ਇੰਡੀਆ ਨੇ ਇਨ੍ਹਾਂ ਨੂੰ 2000 ਕਰੋੜ ਦੇ ਫੰਡਜ਼ ਰਿਲੀਜ਼ ਕਰ ਦਿੱਤੇ ਪਰ ਉਹ ਟਰੈਜ਼ਰੀ ਵਿੱਚ ਹੀ ਰਹਿ ਗਏ ਅਤੇ ਲਾਭਪਾਤਰੀਆਂ ਨੂੰ ਨਹੀਂ ਮਿਲੇ। ਜੇਕਰ ਮੈਂ ਕੁੱਲ ਹਿਸਾਬ ਲਗਾਵਾਂ ਤਾਂ ਕੋਈ 24,000 ਕਰੋੜ ਰੁਪਿਆ, ਜਿਹੜਾ ਕਿ ਲੈਣ-ਦੇਣ ਦਾ ਹਿਸਾਬ ਹੈ, ਉਹ ਵੱਖਰਾ ਹੈ। Even in the last Budget he had fooled the simple and trusting people of Punjab. Zero release to the beneficiaries of 148 schemes in the last year's budget. ਕੋਈ 9000 ਕਰੋੜ ਦੀ ਐਲੋਕੇਸ਼ਨ ਸੀ, ਜਿਸ ਵਿਚੋਂ ਜ਼ੀਰੋ ਰਿਲੀਜ਼ ਹੋਈ। ਇਹ ਜ਼ਰੂਰ ਹੈ ਕਿ ਜਦੋਂ ਬਜਟ ਪੇਸ਼ ਹੋਣਾ ਸੀ, ਮਹੀਨੇ ਦੇ ਅੰਦਰ-ਅੰਦਰ ਕੁਝ ਸਕੀਮਾਂ ਦਾ ਪੈਸਾ ਟਰੈਜ਼ਰੀ ਵਿੱਚ ਤਾਂ ਪਿਆ ਪਰੰਤੂ ਕਿਸੇ ਲਾਭਪਾਤਰੀ ਕੋਲ ਨਹੀਂ ਪਹੁੰਚਿਆ। ਕਿਸੇ ਲਾਭਪਾਤਰੀ ਨੂੰ ਕੋਈ ਦੁਆਨੀ ਤੱਕ ਨਹੀਂ ਮਿਲੀ। ਇਹੋ ਜਿਹੀਆਂ 148 ਸਕੀਮਾਂ ਹਨ। ਡਿਪਟੀ ਸਪੀਕਰ ਸਾਹਿਬ, ਇਹ ਤਾਂ ਦੂਰ ਦੀ ਗੱਲ ਹੈ ਪਰੰਤੂ ਇੱਥੇ ਤਾਂ ਸੀ.ਐਮ. ਸਾਹਿਬ ਨਾਲ ਵੀ ** ** ਵੱਜ ਗਈ, ਸ਼ਾਇਦ ਇਸ ਲਈ ਅੱਜ ਆਏ ਨਹੀਂ। ਇਨ੍ਹਾਂ ਨੇ ਪਿਛਲੇ ਬਜਟ ਵਿੱਚ ਐਲਾਨਿਆ ਸੀ ਕਿ Heritage grant for Qila Mubarak, Patiala, ਉਸ ਲਈ ਪੈਸੇ ਦੇਵਾਂਗੇ ਪਰ ਕੁਝ ਨਹੀਂ ਦਿੱਤਾ। Up-gradation of Patiala Medical College for increasing MBBS seats, ਕੁਝ ਨਹੀਂ ਦਿੱਤਾ। Up-gradation of Government Dental College and Arts College in Patiala, ਕੁਝ ਨਹੀਂ ਦਿੱਤਾ। Up-gradation of Infrastructure in Government Ayurvedic Hospital, Patiala ਪਰ ਕੁਝ ਨਹੀਂ ਦਿੱਤਾ। ਭਾਵੇਂ ਕੱਲ੍ਹ ਲੈ ਆਉਣਗੇ ਕਿ ਜਾਰੀ ਕਰ ਦਿੱਤਾ ਮਗਰ ਉਥੇ ਇੱਕ ਇੱਟ ਤੱਕ ਨਹੀਂ ਲੱਗੀ। ਉਥੇ ਵੇਖਣ ਨੂੰ ਕੁਝ ਨਹੀਂ ਮਿਲਦਾ। ਇਸੇ ਤਰ੍ਹਾਂ ਡੇਰਾ ਬਾਬਾ ਨਾਨਕ ਸਾਹਿਬ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ 550ਵਾਂ ਸਾਲ ਮਨਾਇਆ। ਇਸ ਲਈ ਵੀ ਬਜਟ ਵਿੱਚ ਪ੍ਰੋਵੀਜ਼ਨ ਰੱਖ ਦਿੱਤੀ ਕਿ 25 ਕਰੋੜ ਰੁਪਿਆ ਦੇਵਾਂਗੇ, ਮੈਂ ਸਮਝਦਾ ਹਾਂ ਕਿ ਗੁਰੂ ਦੇ ਨਾਂ ਤੇ ਵੀ ਖੋਰਾ ਲਗਾ ਗਏ, ਪੰਜ ਕਰੋੜ ਰੁਪਿਆ ਦਿੱਤਾ, ਜੋ ਕਿ ਸਾਡੇ ਸਾਹਮਣੇ ਹੈ। ਇੱਕ ਗੱਲ ਤਾਂ ਹੈ ਕਿ ਜਿਹੜੇ ਖਜ਼ਾਨਾ ਮੰਤਰੀ ਸਾਹਿਬ ਹਨ, ਉਹ every section of society, ਚਾਹੇ ਉਹ ਸੁਸਾਈਡ ਕਾਰਨ ਵਾਲੇ ਫਾਰਮਰ ਦੀ ਫੈਮਿਲੀ ਹੈ, ਚਾਹੇ ਉਹ ਖੇਤ ਮਜ਼ਦੂਰ ਹੈ, ਚਾਹੇ ਉਹ ਐਸ.ਸੀ. ਹੈ, ਚਾਹੇ ਉਹ ਬੀ.ਸੀ. ਹੈ, ਚਾਹੇ ਉਹ ਮੁਲਾਜ਼ਮ ਹੈ, ਚਾਹੇ ਉਹ ਰੂਰਲ ਵਿੱਚ ਹੈ, ਚਾਹੇ ਉਹ ਅਰਬਨ ਵਿੱਚ ਹੈ, ਸਾਰਿਆਂ ਲਈ ਮਾਪਦੰਡ ਇੱਕੋ ਹੀ ਰੱਖਦੇ ਹਨ। They are all treated with equal contempt. For development and planned expenditure

---

**Expunged as ordered by the Hon'ble Speaker.

ਇਨ੍ਹਾਂ ਨੇ ਪਿਛਲੇ ਬਜਟ ਵਿੱਚ 20,905 ਕਰੋੜ ਰੱਖਿਆ ਮਗਰ, 8000 ਕਰੋੜ ਰੁਪਿਆ ਜਾਰੀ ਕੀਤਾ ਇਸ ਵਿਚੋਂ 60% ਜਾਰੀ ਨਹੀਂ ਕੀਤਾ। ਇਹ ਹਿੰਦੁਸਤਾਨ ਟਾਈਮਜ਼ ਅਤੇ ਹੋਰ ਅਖਬਾਰਾਂ ਵਿੱਚ ਵੀ ਖਬਰ ਬਣੀ ਹੈ। ਪਿਛਲੇ ਸਾਲ ਨਾਲੋਂ ਕੈਪੀਟਲ ਐਕਸਪੈਂਡੀਚਰ 19,641 ਕਰੋੜ ਤੋਂ ਘਟਾ ਕੇ 10,280 ਕਰੋੜ ਰੁਪਿਆ ਕਰ ਦਿੱਤਾ ਜਿਹੜਾ ਕਿ 50 ਫੀਸਦੀ ਹੈ। ਡਿਪਟੀ ਸਪੀਕਰ ਸਾਹਿਬ, ਵਿੱਤ ਮੰਤਰੀ ਇੱਕ ਬਜਟ ਪੇਸ਼ ਕਰਦਾ ਹੈ ਪਰ ਇਹ ਦੇਸ਼ ਦੇ ਪਹਿਲੇ ਖਜ਼ਾਨਾ ਮੰਤਰੀ ਹਨ ਜਿਹੜੇ ਦੋ ਬਜਟ ਪੇਸ਼ ਕਰ ਦਿੰਦੇ ਹਨ ਕਿਉਂਕਿ ਜੇਕਰ ਤੁਸੀਂ ਇਨ੍ਹਾਂ ਦੇ ਬਜਟ ਐਸਟੀਮੇਟਸ ਵੇਖੋ ਅਤੇ ਰਿਵਾਈਜ਼ਡ ਐਸਟੀਮੇਟਸ ਵੇਖੋ ਤਾਂ ਅੰਤਰ ਬਹੁਤ ਜ਼ਿਆਦਾ ਹੈ ਇਹ ਇਨ੍ਹਾਂ ਦੀ ਮਰਜ਼ੀ ਹੈ ਪਰ ਫਿਰ ਵੀ ਇਨ੍ਹਾਂ ਨੂੰ ਵਧਾਈ ਹੋਵੇ। I will compare last year's budget with current year announcement. There is repeat of same announcements but action that has not been taken in the previous year also. ਸਮਾਰਟ ਫੋਨ ਬਾਰੇ ਤਾਂ ਤੁਹਾਨੂੰ ਸਾਰਿਆਂ ਨੂੰ ਹੀ ਪਤਾ ਹੈ ਕਿ ਚਾਈਨਾ ਵਿੱਚ ਕਰੋਨਾ ਵਾਇਰਸ ਫੈਲ ਗਿਆ ਹੈ। ਇਹ ਤਾਂ ਸ਼ੁਕਰ ਕਰੋ ਕਿ ਬਜਟ ਆ ਗਿਆ, ਇਸ ਨੂੰ ਨਾ ਕਰੋਨਾ ਵਾਇਰਸ ਹੋ ਗਿਆ ਨਹੀਂ ਤਾਂ ਫਿਕਰ ਪੈ ਗਿਆ ਸੀ। ਕਈ ਕਾਲਜਾਂ ਦਾ ਜ਼ਿਕਰ ਹੋਇਆ, ਆਈ.ਟੀ.ਆਈਜ਼ ਦਾ ਜ਼ਿਕਰ ਹੋਇਆ।

**ਮਾਨਯੋਗ ਡਿਪਟੀ ਸਪੀਕਰ:** ਮਜੀਠੀਆ ਜੀ, ਕਨਕਲੂਡ ਕਰੋ ਜੀ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਡਿਪਟੀ ਸਪੀਕਰ ਸਾਹਿਬ, ਮੈਂ ਨੇੜੇ ਹੀ ਲਗਾ ਰਿਹਾ ਹਾਂ ਕਿਉਂਕਿ ਅੱਜ ਸਾਡਾ ਕੋਈ ਹੋਰ ਬੁਲਾਰਾ ਬੋਲ ਨਹੀਂ ਰਿਹਾ ਹੈ। ਮੈਨੂੰ ਬੋਲਣ ਦਿਓ ਜੀ।

**ਮਾਨਯੋਗ ਡਿਪਟੀ ਸਪੀਕਰ:** ਠੀਕ ਹੈ ਜੀ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਆਈ.ਟੀ.ਆਈਜ਼ ਦੀਆਂ ਬੜੀਆਂ ਸਕੀਮਾਂ ਹਨ। ਡਿਪਟੀ ਸਪੀਕਰ ਸਾਹਿਬ, ਜੇਕਰ ਤੁਸੀਂ ਚਾਹੋਗੇ ਤਾਂ ਮੈਂ ਸਾਰੀ ਲਿਸਟ ਲੈ ਕੇ ਆਇਆ ਹਾਂ। ਇਨ੍ਹਾਂ ਨੇ ਪਿਛਲੇ ਬਜਟ ਵਿੱਚ ਇਹ ਸਾਰੀਆਂ 148 ਸਕੀਮਾਂ ਐਲਾਨੀਆਂ ਸਨ ਅਤੇ ਉਸ ਵਿੱਚ ਬੈਨੀਫਿਸ਼ਰੀ ਨੂੰ ਜ਼ੀਰੋ ਪੈਸਾ ਪਹੁੰਚਿਆ। ਮੈਂ ਉਹ ਵੀ ਤੁਹਾਨੂੰ ਦਿਖਾ ਦਿੰਦਾ ਹਾਂ। ਡਿਪਟੀ ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ numbers don't lie. ਇਨ੍ਹਾਂ ਨੇ ਕਿਹਾ ਹੈ ਕਿ ਬਜਟ ਸਰਪਲੱਸ ਹੈ। ਸਪੀਕਰ ਸਾਹਿਬ, ਮੈਂ ਪੰਜਾਬ ਦੇ ਖਜ਼ਾਨਾ ਮੰਤਰੀ ਸਾਹਿਬ ਦੀ ਕਾਰਗੁਜ਼ਾਰੀ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ, Budget estimates 2019-20, GST ਵਿੱਚ 17,109 ਕਰੋੜ ਰੁਪਿਆ ਲਿਖਿਆ ਸੀ, ਰਿਵਾਈਜ਼ਡ ਐਸਟੀਮੇਟਸ ਵਿੱਚ 13,443 ਕਰੋੜ ਰੁਪਿਆ

[ਸਰਦਾਰ ਬਿਕਰਮ ਸਿੰਘ ਮਜੀਠੀਆ]
ਕਿਹਾ ਹੈ ਜੋ ਕਿ 3,666 ਕਰੋੜ ਰੁਪਏ ਦਾ ਘਾਟਾ ਹੈ। ਵੈਟ ਵਿੱਚ 951 ਕਰੋੜ ਦਾ ਘਾਟਾ ਹੈ। ਸਟੇਟ ਐਕਸਾਈਜ਼ ਦਾ 525 ਕਰੋੜ ਦਾ ਘਾਟਾ ਹੈ। ਸਟੈਂਪ ਐਂਡ ਰਜਿਸਟ੍ਰੇਸ਼ਨ ਦਾ ਘਾਟਾ 250 ਕਰੋੜ ਦਾ ਹੈ। Tax on vehicles ਦਾ ਐਸਟੀਮੇਟ 2460 ਕਰੋੜ ਸੀ ਅਤੇ ਰਿਵਾਈਜ਼ਡ ਐਸਟੀਮੇਟ 2115 ਸੀ, ਇਸ ਵਿੱਚ 345 ਕਰੋੜ ਦਾ ਘਾਟਾ ਹੈ। State owned tax revenues ਤਹਿਤ ਇਨ੍ਹਾਂ ਦੇ ਬਜਟ ਐਸਟੀਮੇਟਸ 37,674 ਕਰੋੜ ਸਨ ਜਦਕਿ ਰਿਵਾਈਜ਼ਡ ਐਸਟੀਮੇਟ 33,739 ਕਰੋੜ ਆਇਆ ਸੀ। ਲਗਭਗ 4000 ਕਰੋੜ ਦਾ ਉਸ ਵਿੱਚ ਘਾਟਾ ਆਇਆ ਹੈ। ਜਿਹੜੀ ਕਾਰਗੁਜ਼ਾਰੀ ਸੂਬੇ ਦੀ ਸੀ, ਉਸ ਵਿੱਚ ਕਿਸੇ ਕਿਸਮ ਦਾ ਵੀ ਇਜ਼ਾਫਾ ਨਹੀਂ ਹੋਇਆ। ਹਰ ਜਗ੍ਹਾ ਜੋ ਇਨ੍ਹਾਂ ਨੇ ਐਸਟੀਮੇਟ ਲਗਾਏ ਸਨ, ਉਸ ਵਿੱਚ ਘਾਟਾ ਹੈ। State owned non tax revenues ਸਬੰਧੀ 9476 ਕਰੋੜ ਬਜਟ ਐਸਟੀਮੇਟ ਸਨ ਅਤੇ 7961.66 ਕਰੋੜ ਆਇਆ ਹੈ। ਇਸ ਵਿੱਚ 1500 ਕਰੋੜ ਰੁਪਏ ਦਾ ਘਾਟਾ ਹੈ। ਜੇਕਰ ਕੁੱਲ ਘਾਟਾ ਲਗਾਈਏ ਤਾਂ 5450 ਕਰੋੜ ਦਾ ਘਾਟਾ ਬਣਦਾ ਹੈ। ਜਿਹੜੀ ਪੰਜਾਬ ਨੇ ਆਪਣੀ ਆਮਦਨ ਵਿੱਚੋਂ ਕਮਾਈ ਕਰਨੀ ਸੀ, ਇਨ੍ਹਾਂ ਨੇ ਜਿਹੜੇ ਬਜਟ ਐਸਟੀਮੇਟ ਦਿੱਤੇ ਸਨ, ਉਸ ਵਿੱਚ 5450 ਕਰੋੜ ਦਾ ਘਾਟਾ ਰਹਿ ਗਿਆ। ਮਗਰ ਇਨ੍ਹਾਂ ਨੇ ਫਿਰ ਵੀ ਕਹਿ ਦਿੱਤਾ ਕਿ ਇਹ ਸਰਪਲੱਸ ਹੈ। ਇੱਕ ਜਗ੍ਹਾ ਜ਼ਰੂਰ ਇਨ੍ਹਾਂ ਨੇ ਰੱਜ ਕੇ ਕਮਾਈ ਕੀਤੀ ਹੈ, ਸਰਕਾਰ ਨੇ ਕਿਹਾ ਤਾਂ ਸੀ ਕਿ ਬਿਜਲੀ 5/- ਰੁਪਏ ਪ੍ਰਤੀ ਯੂਨਿਟ ਦੇਵਾਂਗੇ ਮਗਰ ਪਤਾ ਨਹੀਂ ਉਹ jugglery of figures ਹੈ ਜਾਂ ਐਡਜਸਟਮੈਂਟ ਹੈ ਜਾਂ ਜਿਹੜੀ electricity duty ਵਧਾਈ ਗਈ ਹੈ ਉਹ ਹੈ ਜਾਂ ਜਿਹੜੇ ਰੇਟ ਵਧੇ ਹਨ, ਉਹ ਹਨ। ਸੂਬੇ ਨੂੰ ਇੱਕੋ-ਇੱਕ ਏਰੀਏ ਵਿੱਚ ਵਾਧਾ ਹੋਇਆ ਹੈ, electricity duty ਤਹਿਤ ਇਨ੍ਹਾਂ ਦਾ 2711 ਕਰੋੜ ਬਜਟ ਐਸਟੀਮੇਟ ਸੀ ਜਿਸ ਵਿੱਚ 4474 ਕਰੋੜ ਇਕੱਠਾ ਕੀਤਾ ਗਿਆ। ਇੱਕੋ ਜਗ੍ਹਾ ਵਿੱਚ ਮੁਨਾਫਾ ਆਇਆ ਭਾਵੇਂ ਲੋਕਾਂ ਦੀਆਂ ਚੀਕਾਂ ਕਢਵਾ ਦਿੱਤੀਆਂ ਪਰ ਉਸ ਵਿੱਚ ਇਨ੍ਹਾਂ ਨੂੰ ਇਜ਼ਾਫਾ ਜ਼ਰੂਰ ਹੋਇਆ। All state parameters show a downward trend. State income has fallen under every head. Shortfall of Rs. 5500 crore in the revised estimates as given in the budget. ਡਿਪਟੀ ਸਪੀਕਰ ਸਾਹਿਬ, surprisingly ਇਨ੍ਹਾਂ ਨੇ 2020-21 ਦੇ ਬਜਟ ਨੂੰ ਸਰਪਲੱਸ ਦੱਸ ਦਿੱਤਾ ਜਾਂ ਤਾਂ ਮੈਂ ਇਸ ਨੂੰ ਹੱਥ ਦੀ ਸਫਾਈ ਕਹਿ ਸਕਦਾ ਹਾਂ ਜਾਂ ਇੱਕ ਸਮਰਾਟ ਜਾਦੂਗਰ ਹੋਇਆ ਹੈ, ਉਸ ਨੂੰ ਵੀ ਅੱਜ ਇਨ੍ਹਾਂ ਨੇ ਫੇਲ੍ਹ ਕਰ ਦਿੱਤਾ। ਜਦੋਂ ਆਪਣੀ ਕਮਾਈ ਤਾਂ ਕਿਸੇ ਤਰੀਕੇ ਨਾਲ ਨਹੀਂ ਵਧੀ, ਉਸ ਤੇ ਪਤਾ ਨਹੀਂ ਕਿਹੜਾ ਜਾਦੂ ਫੇਰਿਆ ਕਿ ਸਕੀਮਾਂ ਜਾਰੀ ਨਹੀਂ ਕਰਨੀਆਂ ਮਗਰ ਫਿਰ ਵੀ ਇਨ੍ਹਾਂ ਨੇ ਕਹਿ ਦਿੱਤਾ ਕਿ ਸਰਪਲੱਸ ਹੈ। ਅਗਲੇ ਸਾਲ ਦਾ ਜਿਹੜਾ ਬਜਟ ਪੇਸ਼ ਕੀਤਾ ਹੈ ਉਸ ਵਿੱਚ ਦੱਸ ਦਿੱਤਾ ਕਿ ਸਾਡੀ ਤਾਂ 19%

ਗਰੋਥ ਆਵੇਗੀ। ਇਸ ਗੱਲ ਦੀ ਕਿਸੇ ਨੂੰ ਵੀ ਸਮਝ ਨਹੀਂ ਆ ਰਹੀ ਕਿ 19% ਗਰੋਥ ਕਿਵੇਂ ਆ ਜਾਵੇਗੀ। ਇਹ ਨਹੀਂ ਕਿ ਆਪਣੀ ਆਮਦਨ ਵਿੱਚ ਵਾਧਾ ਹੋਵੇਗਾ। Liquor ਮਾਫੀਆ ਜਿਵੇਂ ਚੱਲ ਰਿਹਾ, ਉਸੇ ਤਰ੍ਹਾਂ ਹੀ ਚੱਲੇਗਾ, ਉਸ ਵਿੱਚ ਕੋਈ ਗਰੋਥ ਨਹੀਂ।ਜੇ ਕਰ ਉਸ ਵਿੱਚ ਵਾਧਾ ਦਿਖਾਇਆ ਹੈ ਤਾਂ ਜਿਹੜੇ ਪੈਸੇ ਐਨ.ਡੀ.ਏ. ਦੀ ਸਰਕਾਰ ਤੋਂ ਸੈਂਟਰਲ ਸ਼ਹਿਰ ਦੇ ਪੈਸੇ ਆਉਣੇ ਹਨ, ਉਸ ਵਿੱਚ ਗਰੋਥ ਹੈ, ਹੋਰ ਕਿਤੇ ਵੀ ਗਰੋਥ ਨਹੀਂ ਹੈ। Revenue receipts ਸਬੰਧੀ ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਤੁਸੀਂ 19% ਦੀ ਗਰੋਥ ਦੀ ਗੱਲ ਕਰ ਦਿੱਤੀ, ਜਿਵੇਂ ਤੁਹਾਨੂੰ ਪਤਾ ਹੀ ਹੈ ਕਿ 365 ਦਿਨ ਤਾਂ ਸਾਲ ਵਿੱਚ ਹੁੰਦੇ ਹੀ ਹਨ, ਇਸ ਵਿੱਚ ਇੱਕ ਗੱਲ ਜ਼ਰੂਰ ਹੈ ਕਿ ਇਨ੍ਹਾਂ ਨੇ ਇੱਕ ਦਿਨ ਟੇਬਲ ਥਪਥਪਾਉਣ ਲਈ ਇੱਥੇ ਰੱਖਿਆ ਹੈ। ਬਜਟ ਵਾਲਾ ਦਿਨ ਟਪਾ ਦਿਓ ਮੁੜ ਕੇ ਚੋਰਮੋਰੀ ਰਾਹੀਂ ਨਵੇਂ-ਨਵੇਂ ਬੋਝ ਲੋਕਾਂ ਤੇ ਲਿਆਉਂਦੇ ਰਹਾਂਗੇ। ਜਿਵੇਂ ਬਿਜਲੀ ਵਧਾ ਦਿੱਤੀ, 1% ਰਜਿਸਟ੍ਰੇਸ਼ਨ ਫੀਸ ਵੀ ਵਧਾ ਦਿੱਤੀ। ਇਹ ਨਵਾਂ ਹੀ ਕੰਮ ਕਰ ਦਿੱਤਾ ਹੈ। ਹੁਣ ਜੇਕਰ ਤਹਿਸੀਲਦਾਰ ਦੇ ਦਰਸ਼ਨ ਕਰਨੇ ਹੋਣ ਤਾਂ ਉਸ ਦਾ 500/- ਰੁਪਿਆ ਲਗਾ ਦਿੱਤਾ। ਜੇ ਤਤਕਾਲੀ ਦਰਸ਼ਨ ਕਰਨੇ ਹੋਣ ਤਾਂ 5000/- ਰੁਪਏ ਉਸ ਦਾ ਲਗਾ ਦਿੱਤਾ। ਮੈਂ ਤਾਂ ਹੈਰਾਨ ਹੋ ਗਿਆ ਜੀ, ਬੜੇ ਕਮਾਲ ਦੀ ਗੱਲ ਹੈ। ਅੱਜ ਇੱਥੇ ਕੀ ਇਹ ਆਨ ਦਿ ਫਲੋਰ ਕੁਮਿਟਮੈਂਟ ਦੇਣਗੇ ਕਿ ਜਿਹੜਾ ਬਜਟ 28 ਤਰੀਕ ਨੂੰ ਪੇਸ਼ ਕੀਤਾ ਹੈ, ਇਸ ਤੋਂ ਬਾਅਦ ਇਹ ਕੋਈ ਨਵੇਂ ਟੈਕਸਿਜ਼ ਨਹੀਂ ਲਗਾਉਣਗੇ ਅਤੇ ਬੈਕ ਡੋਰ ਤੋਂ ਕਿਸੇ ਨਵੇਂ ਟੈਕਸ ਦੀ ਐਂਟਰੀ ਨਹੀਂ ਹੋਵੇਗੀ? In a nutshell, either the FM has purposefully inflated the Budget Estimates for 2019-2020 or it is the State Government's inefficiency to achieve those. ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਇੱਕ ਟੇਬਲ ਬਣਾਇਆ ਹੈ ਜੀ। ਮੈਂ ਤੁਹਾਨੂੰ ਦਿਖਾ ਦਿੰਦਾ ਹਾਂ (ਬਜਟ ਕਾਪੀ ਦਿਖਾਉਂਦੇ ਹੋਏ) ਇੱਕ ਤਾਂ ਇਨ੍ਹਾਂ ਨੇ ਡਰਾਇੰਗਾਂ ਬੜੀਆਂ ਬਣਾਈਆਂ ਹਨ। ਤੁਸੀਂ 74 ਨੰ: ਪੇਜ ਤੇ ਸਾਰੇ ਵੇਖ ਸਕਦੇ ਹੋ। ਇਸ ਵਿੱਚ ਇਨ੍ਹਾਂ ਨੇ ਆਪ ਹੀ ਕਬੂਲ ਲਿਆ ਕਿ ਸਾਡੀ ਕਾਰਗੁਜ਼ਾਰੀ ਤਾਂ ਜ਼ੀਰੋ ਹੈ। ਸਾਡਾ ਹਾਲ ਤਾਂ ਮਾੜਾ ਹੈ। ਜਿਹੜੇ ਪੈਸੇ ਦਿੱਲੀ ਦੀ ਸਰਕਾਰ ਤੋਂ ਭਾਵੇਂ ਉਹ ਗ੍ਰਾਂਟ-ਇਨ-ਏਡ ਆ ਰਹੀ ਹੈ ਤੇ ਭਾਵੇਂ ਉਹ ਸ਼ੇਅਰ ਇਨ ਸੈਂਟਰਲ ਟੈਕਸ ਆ ਰਿਹਾ ਹੈ। ਉਸ ਕਰਕੇ ਹੀ ਸਾਡੀ ਗੱਡੀ ਚੱਲ ਰਹੀ ਹੈ। ਇਨ੍ਹਾਂ ਨੂੰ ਵਿੰਡਫਾਲ ਹੋਇਆ ਹੈ। ਇਨ੍ਹਾਂ ਨੂੰ 9700 ਕਰੋੜ ਰੁਪਏ ਦਾ ਵਿੰਡਫਾਲ ਗੌਰਮਿੰਟ ਆਫ ਇੰਡੀਆ ਤੋਂ ਹੋਇਆ ਹੈ। ਗ੍ਰਾਂਟ-ਇਨ-ਏਡ ਗੌਰਮਿੰਟ ਆਫ ਇੰਡੀਆ ਤੋਂ 2100 ਕਰੋੜ ਰੁਪਏ, ਇਸ ਤੋਂ ਇਲਾਵਾ ਜੀ.ਐਸ.ਟੀ/ਵੈਟ ਦੇ, ਰੈਵੇਨਿਊ ਡੈਫੀਸਿਟ ਗ੍ਰਾਂਟ ਬਾਇ ਗੌਰਮਿੰਟ ਆਫ ਇੰਡੀਆ 3600 ਕਰੋੜ ਰੁਪਏ, ਇਸ ਦਾ ਜ਼ਰੂਰ ਫਾਇਦਾ ਹੋਇਆ ਹੈ।

**ਮਾਨਯੋਗ ਡਿਪਟੀ ਸਪੀਕਰ :** ਸਰਦਾਰ ਬਿਕਰਮ ਸਿੰਘ ਜੀ, ਕਨਕਲੂਡ ਕਰੋ, ਕਨਕਲੂਡ ਕਰੋ। ਤੁਹਾਡੀ ਪਾਰਟੀ ਦਾ ਟਾਈਮ ਹੋ ਗਿਆ ਹੈ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਮੈਂ ਕਨਕਲੂਡ ਹੀ ਕਰ ਰਿਹਾ ਹਾਂ ਜੀ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਡੈੱਟ ਦੀ ਗੱਲ ਬੜੀ ਕੀਤੀ ਹੈ। ਮੈਂ ਜਿਹੜੀ ਗੱਲ ਪਿੱਛੇ ਕਰਕੇ ਗਿਆ ਸੀ ਕਿ ਇਨ੍ਹਾਂ ਦੀ ਆਪਣੀ ਕਾਰਗੁਜ਼ਾਰੀ ਤਾਂ ਹਰ ਸੈਕਟਰ ਵਿੱਚ ਫੇਲ੍ਹ ਹੈ। ਇਹ ਤਾਂ ਐਨ.ਡੀ.ਏ. ਸਰਕਾਰ ਦੀ ਮਿਹਰਬਾਨੀ ਹੈ (ਭਾਰਤੀ ਜਨਤਾ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ ਕਰਦੇ ਹੋਏ) ਜਿਹੜੇ ਇਥੇ ਬੈਠੇ ਹਨ, ਇਹ ਮਾੜਾ-ਮੋਟਾ ਉੱਥੇ ਕਹਿ ਆਏ ਹੋਣੇ ਜਿਸ ਕਰਕੇ ਸਰਕਾਰ ਦੀ ਗੱਡੀ ਚੱਲੀ ਜਾਂਦੀ ਹੈ, ਨਹੀਂ ਤਾਂ ਕੰਮ ਓਵਰਡਰਾਫਟ ਹੀ ਰਹੇ ਹਨ। (ਵਿਘਨ) ਮੈਂ ਅਖੀਰ ਤੇ ਹੀ ਆ ਰਿਹਾ ਹਾਂ ਜੀ। ਇਨ੍ਹਾਂ ਨੇ ਬੜਾ ਰੌਲਾ ਪਾਇਆ ਸੀ ਕਿ ਅਸੀਂ ਕਰਜ਼ਾ ਨਹੀਂ ਵਧਣ ਦਿਆਂਗੇ, ਅਸੀਂ ਰੋਟੀ ਘੱਟ ਖਾ ਲਵਾਂਗੇ, ਕੋਈ ਦਫਤਰ ਆਵੇ ਤਾਂ ਉਸ ਨੂੰ ਚਾਹ ਨਹੀਂ ਪਿਆਵਾਂਗੇ, ਮਗਰ ਕਰਜ਼ਾ ਨਹੀਂ ਵਧਣ ਦਿਆਂਗੇ, ਇਹ ਹਿੰਦੁਸਤਾਨ ਟਾਈਮਜ਼ ਅਖਬਾਰ ਨੇ ਹੀ ਲਿਖ ਦਿੱਤਾ (ਅਖਬਾਰ ਦਿਖਾਉਂਦੇ ਹੋਏ) ਕਿ 1 ਲੱਖ 82 ਹਜ਼ਾਰ ਕਰੋੜ (2016-17), 2 ਲੱਖ 48 ਹਜ਼ਾਰ ਕਰੋੜ (2020-21).... (ਵਿਘਨ)

**ਮਾਨਯੋਗ ਡਿਪਟੀ ਸਪੀਕਰ :** ਧੰਨਵਾਦ, ਧੰਨਵਾਦ। ਸਰਦਾਰ ਕੁਲਜੀਤ ਸਿੰਘ ਨਾਗਰਾ ਜੀ, ਤੁਸੀਂ ਬੋਲੋ। (ਵਿਘਨ)

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਰ, ਮੈਂ ਦੋ ਮਿੰਟ ਵਿੱਚ ਕਨਕਲੂਡ ਕਰ ਰਿਹਾ ਹਾਂ ਜੀ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਆਪ ਹੀ ਦੱਸ ਦਿੱਤਾ ਹੈ ਕਿ 2020-21 ਤੱਕ 66 ਹਜ਼ਾਰ ਕਰੋੜ ਰੁਪਏ ਕਰਜ਼ਾ ਹੋਰ ਕਰ ਦੇਣਾ ਹੈ। ਮੈਨੂੰ ਲਗਦਾ ਹੈ ਕਿ election year ਵਿੱਚ ਰੱਜ ਕੇ ਖਰਚ ਕਰਨਾ ਹੈ। ਇਨ੍ਹਾਂ ਨੇ 1 ਲੱਖ ਕਰੋੜ ਰੁਪਏ ਦਾ ਹੋਰ ਕਰਜ਼ਾ ਚੜ੍ਹਾ ਦੇਣਾ ਹੈ, ਜਦੋਂ ਤੱਕ ਇਨ੍ਹਾਂ ਦੀ ਵਾਰੀ ਖਤਮ ਹੋਣੀ ਹੈ। (ਵਿਘਨ ) ਡਿਪਟੀ ਸਪੀਕਰ ਸਾਹਿਬ, ਵੱਡੀ ਗੱਲ ਮੈਨੂੰ ਕਿਸੇ ਇੰਪਲਾਈ ਨੇ ਕਿਹਾ ਕਿ ਇਹ ਗੱਲ ਜ਼ਰੂਰ ਕਰਿਓ। ਇਨ੍ਹਾਂ ਨੇ ਇੱਕ ਬੋਰਡ ਲਗਾਇਆ ਹੈ, ਜਿੱਥੇ ਇਨ੍ਹਾਂ ਨੇ ਲਿਖਿਆ ਹੈ ਕਿ Dear, I am extremely sorry for not offering tea to you in my office. ਡਿਪਟੀ ਸਪੀਕਰ ਸਾਹਿਬ, ਪੰਜਾਬੀ ਤਾਂ ਚਾਹ ਪਿਲਾਉਂਦਾ ਹੈ। ਅਗਰ ਅਸੀਂ ਤੁਹਾਡੇ ਕੋਲ ਵੀ ਜਾਈਏ, ਵਿਚਾਰਾਂ ਦਾ ਮਤਭੇਦ ਹੋ ਸਕਦਾ ਹੈ ਪਰ ਤੁਸੀਂ ਵੀ ਬੰਦੇ ਦੀ ਵਧੀਆ ਸੇਵਾ ਕਰਕੇ ਭੇਜੋਗੇ। ਇਨ੍ਹਾਂ ਨੇ ਕਿਹਾ ਹੈ ਕਿ every action of governance in this office is full of tea. ਮਗਰ ਇਹ ਕਿਹੜੀ tea ਪਿਲਾਉਂਦੇ ਹਨ? ਮੈਨੂੰ ਇੱਕ ਮੁਲਾਜ਼ਮ ਨੇ ਕਿਹਾ ਕਿ It is thoughtlessness, it is escapism and it is arrogance. ਪੰਜਾਬ ਵਿੱਚ ਜਿਹੜੇ ਲੋਕ ਬੈਠੇ ਹਨ, ਤੁਸੀਂ ਉਨ੍ਹਾਂ ਦਲਿਤ ਪਰਿਵਾਰਾਂ ਦਾ ਦਰਦ

ਨਹੀਂ ਸਮਝ ਰਹੇ, ਤੁਸੀਂ ਖੁਦਕੁਸ਼ੀ ਵਾਲੇ ਪਰਿਵਾਰਾਂ ਦਾ ਦਰਦ ਨਹੀਂ ਸਮਝ ਰਹੇ। ਅੱਜ ਹਰ ਵਰਗ ਪਰੇਸ਼ਾਨ ਦਿਖ ਰਿਹਾ ਹੈ। ਭਾਵੇਂ ਉਹ ਵੱਡੇ ਬਿਜਲੀ ਦੇ ਬਿੱਲ ਹਨ (ਵਿਘਨ) ਭਾਵੇਂ ਕੋਈ ਵੀ ਗੱਲ ਹੈ। ਸਰਕਾਰ ਦਾ ਦਿਵਾਲੀਆ ਨਿਕਲ ਚੁੱਕਿਆ ਹੈ। (ਵਿਘਨ)

**ਮਾਨਯੋਗ ਡਿਪਟੀ ਸਪੀਕਰ :** ਧੰਨਵਾਦ, ਧੰਨਵਾਦ ਬਿਕਰਮ ਜੀ, ਹਾਂ ਜੀ, ਨਾਗਰਾ ਸਾਹਿਬ। ਤੁਸੀਂ ਬੋਲੋ। ਸਰਦਾਰ ਬਿਕਰਮ ਸਿੰਘ ਜੀ, ਬੈਠ ਜਾਓ, ਬੈਠ ਜਾਓ।

**ਸਲਾਹਕਾਰ/ਮੁੱਖ ਮੰਤਰੀ (ਸਰਦਾਰ ਕੁਲਜੀਤ ਸਿੰਘ ਨਾਗਰਾ ):** ਧੰਨਵਾਦ ਸਪੀਕਰ ਸਾਹਿਬ, ...

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ) :** ਤੁਹਾਡੇ ਕੋਲੋਂ ਸਰਦਾਰ ਪਰਮਿੰਦਰ ਸਿੰਘ ਢੀਂਡਸਾ ਵਾਲੀ ਗੱਲ ਨਹੀਂ ਬਣੀ। I am missing him. ( ਹਾਸਾ)

**ਮਾਨਯੋਗ ਡਿਪਟੀ ਸਪੀਕਰ :** ਹਾਂ ਜੀ, ਨਾਗਰਾ ਜੀ। (ਵਿਘਨ) (ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਟਰੇਜ਼ਰੀ ਬੈਂਚਿਜ਼ ਤੋਂ ਕਈ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਉਤੇ ਖੜ੍ਹੇ ਹੋ ਕੇ ਬੋਲਣ ਲਈ ਸਮਾਂ ਮੰਗ ਰਹੇ ਸਨ।)

**ਮਾਨਯੋਗ ਡਿਪਟੀ ਸਪੀਕਰ:** ਪਲੀਜ਼, ਤੁਸੀਂ ਬੈਠ ਜਾਵੋ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਡਿਪਟੀ ਸਪੀਕਰ ਸਾਹਿਬ, ਮੈਂ ਧੰਨਵਾਦੀ ਹਾਂ ਕਿ ਅੱਜ ਖਜ਼ਾਨਾ ਮੰਤਰੀ ਸਾਹਿਬ ਆਪ ਹੀ ਕਬੂਲ ਕਰ ਗਏ ਕਿ ਉਹ ਹਮੇਸ਼ਾ ਗੱਲ ਹੱਕ ਦੀ ਕਰਦਾ ਸੀ..(ਵਿਘਨ) ਜਿਹੜਾ ਪੰਜਾਬ ਦੇ ਕਿਸਾਨਾਂ ਦੀ ਗੱਲ ਹੈ, ਉਹ ਕਦੇ ਮਿਸ ਕਰਦੇ ਹੋ? (ਵਿਘਨ)(ਸ਼ੋਰ)

**ਮਾਨਯੋਗ ਡਿਪਟੀ ਸਪੀਕਰ:** ਹਾਂ ਜੀ, ਨਾਗਰਾ ਜੀ।(ਵਿਘਨ)(ਸ਼ੋਰ)

**ਸਲਾਹਕਾਰ/ਮੁੱਖ ਮੰਤਰੀ (ਸਰਦਾਰ ਕੁਲਜੀਤ ਸਿੰਘ ਨਾਗਰਾ):** ਡਿਪਟੀ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਅੱਜ ਤੁਸੀਂ ਮੈਨੂੰ ਇੱਥੇ ਬੋਲਣ ਦਾ ਮੌਕਾ ਦਿੱਤਾ ਹੈ । ਮੈਂ ਸਤਿਕਾਰਯੋਗ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਜੀ ਦਾ ਧੰਨਵਾਦੀ ਹਾਂ ਜਿਨ੍ਹਾਂ ਦੀ ਅਗਵਾਈ ਵਾਲੀ ਸਰਕਾਰ ਦੇ ਬਹੁਤ ਹੀ ਸਤਿਕਾਰਯੋਗ ਵਿੱਤ ਮੰਤਰੀ ਸਾਹਿਬ ਵੱਲੋਂ ਚੌਥਾ ਬਜਟ ਪੇਸ਼ ਕੀਤਾ ਗਿਆ ਹੈ। (ਵਿਘਨ) ਤੁਸੀਂ ਵਿੱਤ ਮੰਤਰੀ ਸਾਹਿਬ ਵੱਲੋਂ ਪੇਸ਼ ਕੀਤੇ ਗਏ ਚੌਥੇ ਬਜਟ ਦੇ ਸਮਰਥਨ ਵਿਚ ਬੋਲਣ ਦਾ ਮੌਕਾ ਦਿੱਤਾ ਹੈ। ਸਰਕਾਰ ਦੇ ਤਕਰੀਬਨ ਤਿੰਨ ਸਾਲ ਪੂਰੇ ਹੋਣ ਜਾ ਰਹੇ ਹਨ, ਇਨ੍ਹਾਂ ਤਿੰਨ ਸਾਲਾਂ ਦੇ ਵਿੱਚ ਸਾਡੀ

ਸਰਕਾਰ ਨੂੰ ਪਿਛਲੀ ਸਰਕਾਰ ਨੇ ਜੋ ਇੱਕ ਵਿੱਤੀ ਘਾਟਾ ਦਿੱਤਾ ਸੀ, ਇੱਕ ਸੰਕਟ ਦਿੱਤਾ ਸੀ, ਉਸ ਦੇ ਬਾਵਜੂਦ ਸਰਕਾਰ ਉਸ ਸੰਕਟ ਵਿਚੋਂ ਕੱਢਣ ਦੇ ਆਪਣੇ ਵਾਅਦੇ ਉਤੇ ਖਰਾ ਉਤਰਦੀ ਨਜ਼ਰ ਆ ਰਹੀ ਹੈ। ਸਤਿਕਾਰਯੋਗ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਜੀ ਵੱਲੋਂ, ਵਿੱਤ ਮੰਤਰੀ, ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਵਲੋਂ ਤੇ ਸਮੁੱਚੀ ਕੈਬਨਿਟ ਅਤੇ ਸਰਕਾਰ ਦੀ ਪੂਰੀ ਟੀਮ ਵੱਲੋਂ ਜਾਨ ਤੋੜ ਕੇ ਕੀਤੀ ਮਿਹਨਤ ਦੀ ਝਲਕ ਇਸ ਅਜ਼ੀਮ ਸਦਨ ਵਿੱਚ ਵਿੱਤ ਮੰਤਰੀ ਜੀ ਵਲੋਂ ਪੇਸ਼ ਕੀਤੇ ਗਏ ਬਜਟ ਵਿਚੋਂ ਨਜ਼ਰ ਆਉਂਦੀ ਹੈ...(ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਕੁਲਤਾਰ ਸਿੰਘ ਸੰਧਵਾਂ ਵਲੋਂ ਵਿਘਨ) ਸੰਧਵਾਂ ਸਾਹਿਬ, ਇਸ ਤਰ੍ਹਾਂ ਹੈ ਕਿ ਜੇ ਤਾਂ ਆਪਾਂ ਇੱਕ-ਦੂਜੇ ਨੂੰ ਡਿਸਟਰਬ ਕਰਨਾ ਹੈ ਫਿਰ ਤਾਂ ਵੇਖ ਲਵੋ।(ਵਿਘਨ) ਬੁਲਾਰੇ ਬੋਲ ਕੇ ਗਏ ਹਨ, ਮੇਰੀ ਬੇਨਤੀ ਹੈ ਕਿ ਆਪਾਂ ਇੱਕ-ਦੂਜੇ ਨੂੰ ਬੋਲਣ ਦਾ ਮੌਕਾ ਦੇਈਏ।

**ਮਾਨਯੋਗ ਡਿਪਟੀ ਸਪੀਕਰ:** ਨਾਗਰਾ ਜੀ, ਨਾਗਰਾ ਜੀ। (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਦਰਸ਼ਨ ਸਿੰਘ ਬਰਾੜ ਵੱਲੋਂ ਵਿਘਨ) ਬਰਾੜ ਸਾਹਿਬ, ਪਲੀਜ਼, ਪਲੀਜ਼। ਤੁਸੀਂ ਆਪਣੇ ਹੀ ਸਪੀਕਰ ਨੂੰ ਡਿਸਟਰਬ ਕਰ ਰਹੇ ਹੋ।

**ਸਲਾਹਕਾਰ/ਮੁੱਖ ਮੰਤਰੀ :** ਡਿਪਟੀ ਸਪੀਕਰ ਸਾਹਿਬ, ਇਸ ਬਜਟ ਵਿੱਚ ਸਭ ਤੋਂ ਵੱਡੀ ਗੱਲ ਮੈਂ ਮਹਿਸੂਸ ਕਰਦਾ ਹਾਂ ਕਿ ਪੰਜਾਬ ਦੇ ਲੋਕਾਂ ਦੇ ਉਤੇ ਮੌਜੂਦਾ ਪੰਜਾਬ ਦੀ ਸਰਕਾਰ ਵੱਲੋਂ ਇੱਕ ਵੀ ਰੁਪਏ ਦਾ ਵਾਧੂ ਬੋਝ ਨਹੀਂ ਪਾਇਆ ਗਿਆ, ਕੋਈ ਨਵਾਂ ਬੋਝ ਨਹੀਂ ਪਾਇਆ ਗਿਆ। ਇਹ ਬਹੁਤ ਹੀ ਅਹਿਮ ਗੱਲ ਹੈ। ਮੈਂ ਇਸ ਲਈ ਵੀ ਧੰਨਵਾਦ ਕਰਦਾ ਹਾਂ ਕਿ ਸਰਕਾਰੀ ਮੁਲਾਜ਼ਮਾਂ ਦੀ ਲੰਮੇ-ਸਮੇਂ ਤੋਂ ਚਲਦੀ ਆ ਰਹੀ ਡੀ.ਏ. ਦੀ ਮੰਗ ਨੂੰ ਤੁਸੀਂ 1 ਮਾਰਚ ਤੋਂ ਜਾਰੀ ਕਰਨ ਦਾ ਫੈਸਲਾ ਕੀਤਾ ਹੈ, ਵਿੱਤ ਮੰਤਰੀ ਸਾਹਿਬ, ਮੈਂ ਉਸ ਗੱਲ ਲਈ ਵੀ ਤੁਹਾਡਾ ਧੰਨਵਾਦ ਕਰਦਾ ਹਾਂ। ਡਿਪਟੀ ਸਪੀਕਰ ਸਾਹਿਬ, ਸਰਕਾਰ ਨੇ ਇੱਕ ਬਹੁਤ ਵੱਡਾ ਫੈਸਲਾ ਲਿਆ ਹੈ ਕਿ ਰਿਟਾਇਰਮੈਂਟ ਦੀ ਉਮਰ 60 ਸਾਲ ਤੋਂ 58 ਸਾਲ ਕੀਤੀ ਹੈ। (ਥੰਪਿੰਗ) ਡਿਪਟੀ ਸਪੀਕਰ ਸਾਹਿਬ, ਇਸ ਫੈਸਲੇ ਦਾ ਭਰਵਾਂ ਸਵਾਗਤ ਪੰਜਾਬ ਦੇ ਵਿੱਚ ਹੋ ਰਿਹਾ ਹੈ ਔਰ ਪੰਜਾਬ ਦਾ ਨੌਜਵਾਨ ਇਹ ਮਹਿਸੂਸ ਕਰ ਰਿਹਾ ਹੈ ਕਿ ਉਸ ਦੇ ਵਾਸਤੇ ਨੌਕਰੀਆਂ ਦੇ ਦਰਵਾਜ਼ੇ ਖੁੱਲ੍ਹ ਰਹੇ ਹਨ। ਮੈਂ ਇਸ ਵਾਸਤੇ ਵੀ ਸਰਕਾਰ ਦਾ ਧੰਨਵਾਦ ਕਰਦਾ ਹਾਂ ਕਿ ਮੰਡੀ ਫੀਸ 4 ਪ੍ਰਤੀਸ਼ਤ ਤੋਂ ਘਟਾ ਕੇ 1 ਪ੍ਰਤੀਸ਼ਤ ਕੀਤੀ ਗਈ ਹੈ। ਡਿਪਟੀ ਸਪੀਕਰ ਸਾਹਿਬ, ਪ੍ਰਾਇਮਰੀ ਸਕੂਲਾਂ ਵਿੱਚ ਜਿਥੇ ਖਾਸ ਤੌਰ ਤੇ ਗਰੀਬਾਂ ਦੇ ਬੱਚੇ ਪੜ੍ਹਦੇ ਹਨ, ਉਥੇ ਜੋ ਫਰੀ ਟਰਾਂਸਪੋਰਟ ਦੀ ਸੁਵਿਧਾ ਪੰਜਾਬ ਦੀ ਸਰਕਾਰ ਦੇਣ ਜਾ ਰਹੀ ਹੈ, ਮੈਂ ਉਸ ਲਈ ਵੀ ਸਰਕਾਰ ਦਾ ਧੰਨਵਾਦ ਕਰਦਾ ਹਾਂ। (ਥੰਪਿੰਗ) ਡਿਪਟੀ ਸਪੀਕਰ ਸਾਹਿਬ, 12ਵੀਂ ਤੱਕ ਸਾਰੇ ਵਿਦਿਆਰਥੀਆਂ ਨੂੰ ਮੁਫਤ ਵਿੱਦਿਆ ਦੇਣ ਦਾ ਫੈਸਲਾ ਲਿਆ ਹੈ, ਉਸ

ਵਾਸਤੇ ਵੀ ਅਸੀਂ ਸਾਰੇ ਅਤੇ ਸਾਰਾ ਪੰਜਾਬ ਤੁਹਾਡਾ ਧੰਨਵਾਦ ਕਰਦਾ ਹੈ। (ਥੰਪਿੰਗ) ਡਿਪਟੀ ਸਪੀਕਰ ਸਾਹਿਬ, ਮੈਂ ਖਾਸ ਤੌਰ ਉਤੇ ਸਾਡੇ ਰਾਜ ਸਭਾ ਦੇ ਮੈਂਬਰ, ਸਤਿਕਾਰਯੋਗ ਸ਼੍ਰੀਮਤੀ ਅੰਬਿਕਾ ਸੋਨੀ ਜੀ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਆਪਣੇ ਪਰਿਵਾਰ ਦੀ ਤਕਰੀਬਨ 27 ਏਕੜ ਜ਼ਮੀਨ ਪੰਜਾਬ ਸਰਕਾਰ ਨੂੰ ਮਿਲਟਰੀ ਅਕੈਡਮੀ ਲਈ ਦਿੱਤੀ ਹੈ, ਇਸ ਲਈ ਉਨ੍ਹਾਂ ਦਾ ਸਮੁੱਚੇ ਸਦਨ ਵਲੋਂ ਧੰਨਵਾਦ ਕਰਦਾ ਹਾਂ। (ਥੰਪਿੰਗ)

ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਐਗਰੀਕਲਚਰ ਲਈ 12,526 ਕਰੋੜ, ਕਿਸਾਨਾਂ ਨੂੰ ਮੁਫਤ ਬਿਜਲੀ ਲਈ 8275 ਕਰੋੜ, ਕਰਜ਼ਾ ਮੁਆਫੀ ਲਈ 2000 ਕਰੋੜ, ਜਿਨ੍ਹਾਂ ਵਿਚੋਂ 520 ਕਰੋੜ ਬੇਜ਼ਮੀਨੇ ਖੇਤੀ ਮਜ਼ਦੂਰਾਂ ਲਈ ਰੱਖੇ ਗਏ ਹਨ, ਮੈਂ ਇਸ ਲਈ ਵੀ ਸਰਕਾਰ ਦਾ ਧੰਨਵਾਦ ਕਰਦਾ ਹਾਂ। (ਥੰਪਿੰਗ)

ਡਿਪਟੀ ਸਪੀਕਰ ਸਾਹਿਬ, ਪੰਜਾਬ ਪੇਂਡੂ ਅਵਾਸ ਯੋਜਨਾ ਦੇ ਤਹਿਤ ਕੱਚੇ, ਅੱਧ-ਪੱਕੇ ਘਰਾਂ ਦੇ ਮਾਲਕਾਂ ਨੂੰ ਪੱਕੇ ਘਰ ਦੇਣ ਲਈ ਇਕ ਬਹੁਤ ਵੱਡਾ ਫੈਸਲਾ ਲਿਆ ਗਿਆ ਹੈ, ਪੂਰੇ ਹਿੰਦੁਸਤਾਨ ਵਿੱਚ ਇਹ ਪਹਿਲੀ ਸਰਕਾਰ ਹੈ, ਜਿਹੜੀ ਪ੍ਰਧਾਨ ਮੰਤਰੀ ਅਵਾਸ ਯੋਜਨਾ ਤੋਂ ਪਾਸੇ ਹੋ ਕੇ ਗਰੀਬਾਂ ਲਈ ਕੰਮ ਕਰ ਰਹੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਇੱਥੇ ਇਹ ਗੱਲ ਜ਼ਰੂਰ ਕਹਿਣੀ ਚਾਹੁੰਦਾ ਹਾਂ ਕਿ ਪੰਜਾਬ ਸਟੇਟ ਦੇ ਮੱਧ ਪ੍ਰਦੇਸ਼, ਰਾਜਸਥਾਨ, ਯੂ.ਪੀ. ਤੋਂ ਅਲੱਗ ਪੈਰਾਮੀਟਰਜ਼ ਹਨ। ਪ੍ਰਧਾਨ ਮੰਤਰੀ ਅਵਾਸ ਯੋਜਨਾ ਦੇ ਪੈਰਾਮੀਟਰਜ਼ ਵਿੱਚ ਸਾਡੇ ਗਰੀਬ ਲੋਕ ਨਹੀਂ ਆਉਂਦੇ। ਉਨ੍ਹਾਂ ਨੇ ਕੰਧਾਂ ਪੱਕੀਆਂ ਕੀਤੀਆਂ ਹੋਈਆਂ ਹਨ ਅਤੇ ਛੱਤਾਂ ਕੱਚੀਆਂ ਹਨ। ਇਸ ਵਾਸਤੇ ਸਾਨੂੰ ਬੜੀ ਸਮੱਸਿਆ ਆਉਂਦੀ ਸੀ। ਮੈਂ ਇੱਥੇ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਕਾਬਲ ਦੋਸਤ ਇੱਥੋਂ ਉੱਠ ਕੇ ਚਲੇ ਗਏ ਹਨ, ਜੇਕਰ ਇੱਥੇ ਹੁੰਦੇ ਤਾਂ ਮੈਂ ਉਨ੍ਹਾਂ ਨੂੰ ਦੱਸਦਾ ਕਿ ਪੰਜਾਬ ਨਾਲ ਧੋਖਾ ਕਿੱਥੇ ਹੋਇਆ ਹੈ? ਸਾਲ 2007 ਅਤੇ 2011 ਵਿੱਚ ਇਕ ਸਰਵੇ ਹੋਇਆ ਸੀ, ਉਸ ਸਰਵੇ ਵਿੱਚ ਇੱਕ ਲਿਸਟ ਬਣਾਈ ਗਈ ਸੀ ਕਿ ਉਹ ਕਿਹੜੇ ਗਰੀਬ ਹਨ, ਜਿਨ੍ਹਾਂ ਨੂੰ ਪੱਕੇ ਘਰਾਂ ਦੀ ਜ਼ਰੂਰਤ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਮੌਕੇ ਦੀ ਸਰਕਾਰ ਨੇ ਉਸ ਸਰਵੇ ਵੱਲ ਧਿਆਨ ਨਹੀਂ ਦਿੱਤਾ। ਡਿਪਟੀ ਸਪੀਕਰ ਸਾਹਿਬ, ਮੇਰੇ ਹਲਕੇ ਫਤਹਿਗੜ੍ਹ ਸਾਹਿਬ ਵਿੱਚ ਸਿਰਫ 350 ਮਕਾਨ ਨਿਕਲੇ ਪਰ ਹੁਣ ਜਦੋਂ ਸਰਵੇ ਵਾਸਤੇ ਆਪਣੀ ਸਰਕਾਰ ਨੇ ਫਾਰਮ ਭਰਵਾਏ ਤਾਂ 5320 ਮਕਾਨ ਨਿਕਲੇ, ਜਿਨ੍ਹਾਂ ਨੂੰ ਕੱਚੀਆਂ ਛੱਤਾਂ ਤੋਂ ਪੱਕੀਆਂ ਛੱਤਾਂ ਚਾਹੀਦੀਆਂ ਹਨ। ਇਨ੍ਹਾਂ ਦੀ ਉਸ ਵੇਲੇ ਦੀ ਗੈਰ-ਜ਼ਿੰਮੇਵਾਰਾਨਾ ਸਰਕਾਰ ਨੇ, ਉਸ ਸਰਵੇ ਵੱਲ ਧਿਆਨ ਨਾ ਦੇ ਕੇ ਗਰੀਬਾਂ ਨਾਲ ਘੋਰ ਅਨਿਆਂ ਕੀਤਾ, ਜੋ ਕਿ ਅੱਜ ਸਾਨੂੰ ਭੁਗਤਣਾ ਪੈ ਰਿਹਾ ਹੈ। ਪ੍ਰਧਾਨ ਮੰਤਰੀ ਅਵਾਸ ਯੋਜਨਾ ਵਿੱਚ ਪੰਜਾਬ ਨੂੰ ਬਹੁਤ ਥੋੜ੍ਹਾ ਪੈਸਾ ਮਿਲ ਰਿਹਾ ਹੈ। ਮੇਰੇ ਸਾਰੇ ਸਾਥੀਆਂ ਨੇ ਰਲ ਕੇ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕੀਤੀ ਕਿ

ਇਸ ਨਾਲ ਸਾਡਾ ਨਹੀਂ ਸਰਨਾ। ਇਸ ਵਾਸਤੇ ਪੰਜਾਬ ਪੇਂਡੂ ਵਿਕਾਸ ਯੋਜਨਾ ਸ਼ੁਰੂ ਕੀਤੀ ਜਾਵੇ ਅਤੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਜਿਹੜਾ ਅੱਜ ਅਸੀਂ ਸਾਲ ਮਨਾ ਰਹੇ ਹਾਂ, ਇਹ ਉਨ੍ਹਾਂ ਨੂੰ ਸਮਰਪਿਤ ਕੀਤਾ ਜਾਵੇ, ਉਸ ਵਾਸਤੇ 500 ਕਰੋੜ ਰੁਪਿਆ ਰੱਖਿਆ ਗਿਆ ਹੈ। ਵਿਕਸਤ ਖੇਤੀਬਾੜੀ ਯੋਜਨਾਵਾਂ ਲਈ 200 ਕਰੋੜ ਰੁਪਿਆ ਰੱਖਿਆ ਗਿਆ ਹੈ।

ਰਾਮਪੁਰਾ ਫੂਲ ਵਿਖੇ ਨਵਾਂ ਵੈਟਰਨਰੀ ਕਾਲਜ 92 ਕਰੋੜ ਦੀ ਲਾਗਤ ਨਾਲ ਸਥਾਪਿਤ ਕੀਤਾ ਗਿਆ ਹੈ, 62 ਕਰੋੜ ਦੀ ਲਾਗਤ ਨਾਲ ਪਿੰਡ ਸੱਪਾਂਵਾਲੀ, ਜ਼ਿਲ੍ਹਾ ਫਾਜ਼ਿਲਕਾ ਵਿਖੇ ਖੋਲ੍ਹਿਆ ਜਾਣਾ ਹੈ। ਖੇਤੀਬਾੜੀ ਵਿੱਚ ਪ੍ਰਫੁੱਲਤਾ ਲਿਆਉਣ ਲਈ ਦੋ ਕਾਲਜ ਗੁਰਦਾਸਪੁਰ ਅਤੇ ਬਲਾਚੌਰ ਵਿਖੇ ਖੋਲ੍ਹੇ ਜਾਣੇ ਹਨ। ਮੈਗਾ ਡੇਅਰੀ ਪ੍ਰਾਜੈਕਟ ਬੱਸੀ ਪਠਾਣਾ ਲਈ 41 ਕਰੋੜ ਰੁਪਏ ਰੱਖੇ ਗਏ ਹਨ ਜਿਸ ਵਾਸਤੇ ਮੈਂ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ। ਵਿੱਤ ਮੰਤਰੀ ਸਾਹਿਬ, ਮੇਰੀ ਜਨਮ ਭੂਮੀ ਬਸੀ ਪਠਾਣਾਂ ਹੈ ਅਤੇ ਉਥੇ ਤੁਸੀਂ ਇੰਨਾ ਵੱਡਾ ਪ੍ਰਾਜੈਕਟ ਲਗਾਇਆ ਹੈ, ਮੇਰਾ ਦੋਸਤ ਜੀ.ਪੀ. ਸਿੰਘ ਜੋ ਕਿ ਉਥੋਂ ਦੇ ਐਮ.ਐਲ.ਏ ਹਨ, ਅਸੀਂ ਤੁਹਾਡਾ ਬਹੁਤ-ਬਹੁਤ ਧੰਨਵਾਦ ਕਰਦੇ ਹਾਂ। (ਥੰਪਿੰਗ)

ਤਰਨਤਾਰਨ ਵਿਖੇ ਮੱਝ ਖੋਜ ਕੇਂਦਰ ਲਈ 20 ਕਰੋੜ ਰੁਪਿਆ, ਜਲੰਧਰ ਵਿਖੇ ਮਿਲਕ ਪਾਊਡਰ ਪਲਾਂਟ ਲਈ 35 ਕਰੋੜ ਰੁਪਿਆ, ਕਪੂਰਥਲਾ ਵਿਖੇ ਕੈਟਲ ਫੀਡ ਪਲਾਂਟ ਲਈ 13 ਕਰੋੜ ਰੁਪਿਆ, ਅਵਾਰਾ ਪਸ਼ੂਆਂ ਦੀ ਸਾਂਭ-ਸੰਭਾਲ ਲਈ 25 ਕਰੋੜ ਰੁਪਿਆ, ਕ੍ਰਿਸ਼ੀ ਸਿੰਜਾਈ ਯੋਜਨਾ ਲਈ 141 ਕਰੋੜ ਰੁਪਿਆ, ਨਹਿਰੀ ਸਿੰਜਾਈ ਲਈ 2510 ਕਰੋੜ, ਗੁਰਦਾਸਪੁਰ ਅਤੇ ਬਟਾਲਾ ਦੀਆਂ ਗੰਨਾ ਮਿੱਲਾਂ ਦੇ ਆਧੁਨਿਕੀਕਰਨ ਲਈ 50 ਕਰੋੜ ਰੁਪਿਆ, ਪਰਾਲੀ ਦੀ ਸਾਂਭ-ਸੰਭਾਲ ਲਈ 20 ਕਰੋੜ ਰੁਪਿਆ, ਫਸਲਾਂ ਦੀ ਵਿਭਿੰਨਤਾ ਲਈ 200 ਕਰੋੜ ਰੁਪਿਆ ਰੱਖਿਆ ਗਿਆ ਹੈ।

ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ 138 ਬਲਾਕਾਂ ਵਿਚੋਂ 109 ਬਲਾਕਾਂ ਵਿੱਚ ਅਸੀਂ ਲੋੜ ਤੋਂ ਵੱਧ ਪਾਣੀ ਕੱਢ ਰਹੇ ਹਾਂ। ਮੈਂ ਥੋੜ੍ਹਾ ਜਿਹਾ ਇਸ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਜੇਕਰ ਆਪਾਂ ਮੰਨ ਲਈਏ ਕਿ 100% ਰੀਚਾਰਜ ਹੈ ਤਾਂ ਉਸ ਦੇ ਮੁਕਾਬਲੇ - ਸੰਗਰੂਰ ਵਿਚੋਂ ਅਸੀਂ 260% ਪਾਣੀ ਕੱਢ ਰਹੇ ਹਾਂ। 100% ਪਾਣੀ ਥੱਲੇ ਜਾ ਰਿਹਾ ਹੈ ਅਤੇ 260% ਅਸੀਂ ਬਾਹਰ ਕੱਢ ਰਹੇ ਹਾਂ। ਪਟਿਆਲਾ ਵਿੱਚ 217% ਕੱਢ ਰਹੇ ਹਾਂ, ਜਲੰਧਰ ਵਿੱਚ 239% ਕੱਢ ਰਹੇ ਹਾਂ, ਕਪੂਰਥਲਾ ਵਿੱਚ 224% ਕੱਢ ਰਹੇ ਹਾਂ। ਅਸੀਂ ਸਮੂਹ ਪੰਜਾਬ ਵਿਚੋਂ 100% ਦੇ ਮੁਕਾਬਲੇ 165% ਪਾਣੀ ਬਾਹਰ ਕੱਢ ਰਹੇ ਹਾਂ। ਅੱਜ ਸੋਚਣ ਦੀ ਲੋੜ ਹੈ ਕਿ ਪੰਜਾਬ ਦੇ ਕੋਲ ਇਕ ਤਾਂ ਉਪਜਾਊ

ਜ਼ਮੀਨ ਹੈ ਅਤੇ ਦੂਜਾ ਸਾਡੇ ਕੋਲ ਨੈਚੂਰਲ ਰਿਸੋਰਸ ਪਾਣੀ ਹੈ।ਅੱਜ ਦੁਨੀਆ ਵਿੱਚ ਪੰਜਾਬੀ ਆਪਣੀ ਮਿਹਨਤ ਦੇ ਸਦਕਾ ਜਾਣੇ ਜਾਂਦੇ ਹਨ। ਮਾਈਕਰੋ ਸਿੰਜਾਈ ਸਿਸਟਮ ਅਤੇ ਅੰਡਰ ਗਰਾਊਂਡ ਸਿੰਜਾਈ ਸਿਸਟਮ ਲਈ 100 ਕਰੋੜ ਰੁਪਿਆ, 'ਪਾਣੀ ਬਚਾਉ ਪੈਸਾ ਬਚਾਉ' ਸਕੀਮ ਤਹਿਤ ਰੱਖਿਆ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਸਾਡੇ ਕੋਲ ਬਹੁਤ ਸਾਰੇ ਖਾਲੇ ਅਤੇ ਸੂਏ ਵੀ ਪੈਂਦੇ ਹਨ, ਉਥੇ ਵੀ ਮੋਟਰਾਂ ਲੱਗੀਆਂ ਹੋਈਆਂ ਹਨ। ਮੈਂ ਆਪਣੇ ਹਲਕੇ ਵਿੱਚ ਲਗਵਾਈਆਂ ਹਨ, ਉਥੇ ਅਸੀਂ ਮੀਟਰ ਲਗਵਾਏ ਹਨ। ਵਿੱਤ ਮੰਤਰੀ ਸਾਹਿਬ ਨੇ ਉਪਰਾਲਾ ਕੀਤਾ ਹੈ। ਅਸੀਂ ਉਥੇ ਕਿਸਾਨਾਂ ਨੂੰ ਕਿਹਾ ਹੈ ਕਿ ਤੁਸੀਂ ਆਪਣੇ ਮੀਟਰ ਲਗਾਉ ਅਤੇ ਜਦੋਂ ਤੁਹਾਨੂੰ ਲੋੜ ਹੋਵੇ , ਤੁਸੀਂ ਪਾਣੀ ਲੈ ਲਵੋ। ਜਿੰਨੀ ਬਿਜਲੀ ਪਿਛਲੇ ਸਾਲ ਵਰਤੀ ਗਈ ਹੈ, ਉਨ੍ਹਾਂ ਦੇ ਖਾਤਿਆਂ ਵਿੱਚ ਉਨੇ ਪੈਸੇ ਪਾ ਦਿੱਤੇ ਗਏ ਹਨ ਅਤੇ ਉਨ੍ਹਾਂ ਨੂੰ ਕਿਹਾ ਗਿਆ ਹੈ ਕਿ ਸੂਏ ਦਾ ਪਾਣੀ ਲਗਾਉ। ਸੂਏ ਦਾ ਪਾਣੀ ਲਗਾ ਕੇ ਉਹ ਪਾਣੀ ਬਚਾ ਰਹੇ ਹਨ ਅਤੇ ਅੱਜ ਸਾਡੇ ਕਿਸਾਨਾਂ ਕੋਲ ਕਿਸੇ ਕੋਲ 50,000 ਰੁਪਿਆ, ਕਿਸੇ ਕੋਲ 60,000 ਰੁਪਿਆ ਅਤੇ ਕਿਸੇ ਕੋਲ 40,000 ਰੁਪਿਆ ਬਿਜਲੀ ਦੀ ਸਬਸਿਡੀ ਦੇ ਤੌਰ ਤੇ ਉਨ੍ਹਾਂ ਦੇ ਖਾਤੇ ਵਿੱਚ ਜਾ ਰਿਹਾ ਹੈ। ਡਾਇਰੈਕਟ ਬੈਨੀਫਿਟ ਟਰਾਂਸਫਰ ਆਫ ਇਲੈਕਟ੍ਰੀਸਿਟੀ ਤਹਿਤ ਛੇ ਫੀਡਰ ਸ਼ੁਰੂ ਕੀਤੇ ਗਏ ਸੀ, ਉਨ੍ਹਾਂ ਵਿਚੋਂ ਮੈਂ ਦੋ ਫੀਡਰ ਆਪਣੇ ਹਲਕੇ ਵਿੱਚ ਪਾਇਲਟ ਕਰਵਾਏ ਸੀ। ਇਸ ਤਰ੍ਹਾਂ ਹੁਣ 221 ਕਿਸਾਨਾਂ ਨੂੰ ਫਾਇਦਾ ਹੋਇਆ ਹੈ ਔਰ 2020-21 ਵਿਚ 244 ਫੀਡਰਾਂ ਨੂੰ ਕਵਰ ਕਰਨਾ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਐਜੂਕੇਸ਼ਨ ਵਿੱਚ ਬੜਾ ਬੁਰਾ ਹਾਲ ਸੀ, ਸਾਡੀ ਸਰਕਾਰ ਨੇ ਉਸ ਵਿੱਚ ਸੁਧਾਰ ਲਿਆਉਣ ਲਈ ਬਹੁਤ ਵੱਡੇ ਉਪਰਾਲੇ ਕੀਤੇ ਹਨ । ਸਕੂਲ ਐਜੂਕੇਸ਼ਨ ਨੂੰ ਪਿਛਲੀ ਸਰਕਾਰ ਨੇ ਅਣਗੌਲਿਆ ਕੀਤਾ ਸੀ। ਸਕੂਲ ਐਜੂਕੇਸ਼ਨ ਨੂੰ ਉਪਰ ਚੁੱਕਣ ਲਈ, ਜਿਥੇ ਗਰੀਬਾਂ ਦੇ ਬੱਚੇ ਪੜ੍ਹਦੇ ਹਨ, ਉਸ ਦੇ ਵਾਸਤੇ ਸਾਡੀ ਸਰਕਾਰ ਨੇ 8,419 ਕਰੋੜ ਰੁਪਏ ਰੱਖੇ ਹਨ, ਇਹ ਪਿਛਲੇ ਸਾਲ ਦੇ ਮੁਕਾਬਲੇ ਤਕਰੀਬਨ ਸਾਢੇ 14% ਜ਼ਿਆਦਾ ਹੈ, ਇਸ ਵਿਚ ਸਾਲ ਦਰ ਸਾਲ ਵਾਧਾ ਹੁੰਦਾ ਰਿਹਾ ਹੈ, ਇਹ ਵਾਧਾ ਤਿੰਨ ਸਾਲਾਂ ਵਿਚ ਤਕਰੀਬਨ 24% ਹੋ ਚੁੱਕਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਬਾਰਡਰ ਦੇ ਸਕੂਲਾਂ ਵਿਚ ਪਹਿਲਾਂ ਕੋਈ ਟੀਚਰ ਪੜ੍ਹਾਉਣ ਨਹੀਂ ਜਾਂਦਾ ਸੀ। ਬਾਰਡਰ ਦੇ ਏਰੀਏ ਵਿੱਚ ਇੱਕ ਸੋਹਲ ਪਿੰਡ ਦਾ ਸਕੂਲ ਹੈ ਅਤੇ ਭਿੱਖੀਵਿੰਡ ਦਾ ਸਕੂਲ ਹੈ। ਪਿੰਡ ਸੋਹਲ ਦੇ ਸਕੂਲ ਵਿੱਚ 23 ਨਵੇਂ ਟੀਚਰ ਬਾਰਡਰ ਏਰੀਆ ਸਕੂਲ ਸਕੀਮ ਤਹਿਤ ਭਰਤੀ ਕੀਤੇ ਹਨ। ਅੱਜ ਬਾਰਡਰ ਏਰੀਏ ਦੇ ਮੇਰੇ ਸਾਥੀ ਬੈਠੇ ਹਨ। ਬਾਰਡਰ ਏਰੀਆ ਵਿੱਚ ਸਰਕਾਰੀ ਸਕੂਲਾਂ ਵਿੱਚ ਦੁਬਾਰਾ ਤੋਂ ਐਜੂਕੇਸ਼ਨ ਵਧੀਆ ਚੱਲਣੀ ਸ਼ੁਰੂ ਹੋਈ ਹੈ।

**ਮਾਨਯੋਗ ਡਿਪਟੀ ਸਪੀਕਰ:** ਸਮਾਪਤ ਕਰੋ ਜੀ। ਬਾਕੀ ਸਾਥੀਆਂ ਨੇ ਵੀ ਬੋਲਣਾ ਹੈ।

**ਸਲਾਹਕਾਰ/ ਮੁੱਖ ਮੰਤਰੀ:** ਡਿਪਟੀ ਸਪੀਕਰ ਸਾਹਿਬ, ਮੇਰਾ ਟਾਈਮ ਉਨ੍ਹਾਂ ਵਿੱਚ ਖਪਤ ਨਾ ਕਰੋ। ਮੇਰੇ ਬੜੇ ਅਹਿਮ ਮੁੱਦੇ ਹਨ। ਮੈਂ ਤੁਹਾਨੂੰ ਬੇਨਤੀ ਕਰਦਾ ਹਾਂ। ਸਾਡੇ ਕੋਲ ਟਾਈਮ ਹੈ ਜੀ। ਸਾਡੇ ਸਰਕਾਰੀ ਸਕੂਲਾਂ ਦੀ ਐਨਰੋਲਮੈਂਟ ਵਧੀ ਹੈ। ਸਾਡੇ ਕੋਲ ਪ੍ਰੀ-ਪ੍ਰਾਇਮਰੀ ਸਕੂਲਾਂ ਵਿੱਚ ਸਾਲ 2018-19 ਵਿਚ 1,78,119 ਲੱਖ ਬੱਚੇ ਸਨ ਅਤੇ ਹੁਣ ਸਾਲ 2019-20 ਵਿਚ 2,16,604 ਲੱਖ ਬੱਚੇ ਹਨ। ਇਸੇ ਤਰ੍ਹਾਂ ਹੀ ਪਹਿਲੀ ਤੋਂ ਪੰਜਵੀਂ ਜਮਾਤ ਤੱਕ, ਛੇਵੀਂ ਤੋਂ ਅੱਠਵੀਂ ਜਮਾਤ ਤੱਕ, ਨੌਵੀਂ ਤੋਂ ਦਸਵੀਂ ਜਮਾਤ ਤੱਕ ਅਤੇ ਗਿਆਰਵੀਂ ਤੇ ਬਾਰ੍ਹਵੀਂ ਵਿਚ ਟੋਟਲ ਪਰਸੈਂਟੇਜ ਵਧੀ ਹੈ, ਜਿਸ ਕਾਰਨ ਇਸ ਸਾਲ 23,11,726 ਲੱਖ ਬੱਚਿਆਂ ਦੀ ਥਾਂ ਤੇ 24,21,617 ਲੱਖ ਬੱਚੇ ਆਏ ਹਨ। ਇਸ ਤਰ੍ਹਾਂ 4.75% ਦਾ ਵਾਧਾ ਸਰਕਾਰੀ ਸਕੂਲਾਂ ਵਿਚ ਹੋਇਆ ਹੈ। ਸਾਡੇ ਕੋਲ ਟੋਟਲ ਅਧਿਆਪਕ 1,12,000 ਲੱਖ ਹਨ। ਕੱਚੇ ਅਧਿਆਪਕਾਂ ਨੂੰ ਪੱਕੇ ਕਰਨ ਦੇ ਪ੍ਰੋਗਰਾਮ ਤਹਿਤ ਐਸ.ਐਸ.ਏ. ਅਤੇ ਰਮਸਾ ਅਧੀਨ ਕੰਮ ਕਰਦੇ ਹੋਏ 8,886 ਅਧਿਆਪਕ ਪੱਕੇ ਕੀਤੇ ਹਨ। ਵਿਭਾਗ ਅਧੀਨ ਕੰਮ ਕਰਦੇ 5,178 ਅਧਿਆਪਕ ਪੱਕੇ ਕੀਤੇ ਹਨ, ਟੋਟਲ ਮਿਲਾ ਕੇ 14,064 ਅਧਿਆਪਕਾਂ ਨੂੰ ਪੰਜਾਬ ਵਿੱਚ ਪੱਕਾ ਕੀਤਾ ਗਿਆ ਹੈ। ਚੰਡੀਗੜ੍ਹ ਦੇ ਅਧਿਆਪਕ ਰੌਲਾ ਪਾਉਂਦੇ ਹਨ ਕਿ ਸਾਨੂੰ ਵੀ ਪੰਜਾਬ ਦੀ ਤਰਜ਼ ਤੇ ਪੱਕਾ ਕੀਤਾ ਜਾਵੇ। ਇਸੇ ਤਰ੍ਹਾਂ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ 17,083 ਨਵੇਂ ਕਲਾਸ ਰੂਮ ਬਣੇ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਪਹਿਲੀ ਵਾਰ ਹੋਇਆ ਹੈ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਨਤੀਜੇ ਪ੍ਰਾਈਵੇਟ ਸਕੂਲਾਂ ਨਾਲੋਂ ਅੱਗੇ ਲੰਘ ਗਏ ਹਨ। ਸਰਕਾਰੀ ਸਕੂਲਾਂ ਦੇ ਨਤੀਜੇ ਪ੍ਰਾਈਵੇਟ ਸਕੂਲਾਂ ਨਾਲੋਂ ਤਕਰੀਬਨ 5.11 ਫੀਸਦੀ ਵਧੇ ਹਨ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਕੁਲਤਾਰ ਸਿੰਘ ਸੰਧਵਾਂ ਅਤੇ ਸਰਦਾਰ ਮਨਜੀਤ ਸਿੰਘ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

**ਸਲਾਹਕਾਰ/ ਮੁੱਖ ਮੰਤਰੀ:** ਜੇਕਰ ਤੁਸੀਂ ਵੇਖਣਾ ਚਾਹੁੰਦੇ ਹੋ ਤਾਂ ਮੈਂ ਤੁਹਾਨੂੰ ਰਿਕਾਰਡ ਦਿਖਾ ਦਿੰਦਾ ਹਾਂ।

**ਮਾਨਯੋਗ ਡਿਪਟੀ ਸਪੀਕਰ:** (ਆਮ ਆਦਮੀ ਪਾਰਟੀ ਦੇ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ) ਪਲੀਜ਼ ਬੈਠ ਜਾਓ।

**ਸਲਾਹਕਾਰ/ ਮੁੱਖ ਮੰਤਰੀ:** ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਵਿਚ ਕੁੱਲ 45 ਫੀਸਦੀ ਬੱਚੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਹਨ ਪ੍ਰੰਤੂ ਦਿੱਲੀ ਦੇ ਵਿਚ 34 ਫੀਸਦੀ ਬੱਚੇ

ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਹਨ। ਇਹ ਅੰਕੜੇ ਦੇਖ ਲਓ।

**ਸਰਦਾਰ ਮਨਜੀਤ ਸਿੰਘ:** ਡਿਪਟੀ ਸਪੀਕਰ ਸਾਹਿਬ, ਕੀ ਪੁਆਇੰਟ ਆਫ ਆਰਡਰ ਲੈ ਸਕਦੇ ਹਾਂ?

**ਸਲਾਹਕਾਰ/ ਮੁੱਖ ਮੰਤਰੀ:** ਇਸ ਵਿਚ ਕਿਹੜਾ ਪੁਆਇੰਟ ਆਫ ਆਰਡਰ ਹੈ?

**ਮਾਨਯੋਗ ਡਿਪਟੀ ਸਪੀਕਰ:** ਨਾਗਰਾ ਜੀ, ਇੱਕ ਮਿੰਟ ਜੀ। ਹਾਂ ਜੀ ਦੱਸੋ, ਮਨਜੀਤ ਸਿੰਘ ਜੀ।

**ਸਰਦਾਰ ਮਨਜੀਤ ਸਿੰਘ:** ** **

**Mr. Deputy Speaker:** This is no point of order. ਨਾਗਰਾ ਜੀ, ਤੁਸੀਂ ਕਨਕਲੂਡ ਕਰੋ।

**ਸਲਾਹਕਾਰ/ ਮੁੱਖ ਮੰਤਰੀ:** ਡਿਪਟੀ ਸਪੀਕਰ ਸਾਹਿਬ, ਮੈਂ ਆਪਣੇ ਸਾਥੀਆਂ ਨੂੰ ਬੇਨਤੀ ਕਰ ਲੈਂਦਾ ਹਾਂ, ਮੈਂ ਇਨ੍ਹਾਂ ਦੇ ਖਾਤੇ ਵਿਚੋਂ ਪੰਜ ਮਿੰਟ ਲੈ ਲੈਂਦਾ ਹਾਂ ਜੀ।ਮੇਰੀ ਗੱਲ ਸੁਣ ਲਓ ਜੀ।

**ਮਾਨਯੋਗ ਡਿਪਟੀ ਸਪੀਕਰ:** ਟਾਈਮ ਲਿਮਟ ਹੈ ਜੀ।

**ਸਲਾਹਕਾਰ/ ਮੁੱਖ ਮੰਤਰੀ:** ਮੇਰੀ ਇਨ੍ਹਾਂ ਸਾਥੀਆਂ ਨੂੰ (ਆਮ ਆਦਮੀ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ) ਬੇਨਤੀ ਹੈ ਕਿ ਤੁਹਾਡੇ ਕੋਲ ਟਾਈਮ ਹੈ, ਤੁਸੀਂ ਜਵਾਬ ਦੇ ਦਿਓ ਪਰ ਕਿਰਪਾ ਕਰਕੇ ਆਪਾਂ ਇਕ ਦੂਜੇ ਨੂੰ ਨਾ ਟੋਕੀਏ। ਮੈਨੂੰ ਸਭ ਤੋਂ ਜ਼ਿਆਦਾ ਟੋਕਣਾ ਆਉਂਦਾ ਹੈ।

**ਮਾਨਯੋਗ ਡਿਪਟੀ ਸਪੀਕਰ:** ਨਾਗਰਾ ਜੀ, please carry on.

**ਸਲਾਹਕਾਰ/ ਮੁੱਖ ਮੰਤਰੀ:** ਡਿਪਟੀ ਸਪੀਕਰ ਸਾਹਿਬ, ਸਕੂਲਾਂ ਦੇ ਇਨਫਰਾਸਟਰੱਕਚਰ ਦੇ ਮਾਮਲੇ ਵਿੱਚ ਪੰਜਾਬ ਪੂਰੇ ਭਾਰਤ ਵਿਚੋਂ ਇੱਕ ਨੰਬਰ ਤੇ ਹੈ। ਇਹ ਡਾਟਾ ਜਿਥੋਂ ਮਰਜ਼ੀ ਲੈ ਲਓ। ਹੁਣ 10ਵੀਂ ਦੇ ਨਤੀਜਿਆਂ ਦੀ ਗੱਲ ਕਰੀਏ। ਪੰਜਾਬ ਦੇ ਕੁੱਲ 3,597 ਸਕੂਲ ਹਨ ਅਤੇ ਦਿੱਲੀ ਵਿਚ 995 ਸਕੂਲ ਹਨ। ਪੰਜਾਬ ਦੇ 942 ਸਕੂਲਾਂ ਦੇ ਨਤੀਜੇ 100 ਫੀਸਦੀ ਆਏ ਪਰ ਦਿੱਲੀ ਦੇ ਕੇਵਲ 60 ਸਕੂਲਾਂ ਦੇ ਨਤੀਜੇ 100 ਫੀਸਦੀ ਆਏ। ਜੇ ਮੈਂ ਕੁਝ ਗਲਤ ਬੋਲਦਾ ਹੋਵਾਂ ਤਾਂ ਇਹ ਮੈਨੂੰ ਦੱਸਣ। ਅੱਗੇ ਸੁਣ ਲਓ, ਸਾਲ 2017 ਵਿਚ ਪੰਜਾਬ ਦੇ ਸਕੂਲਾਂ ਦਾ ਦਸਵੀਂ ਦਾ ਨਤੀਜਾ 52 ਫੀਸਦੀ ਸੀ ਤੇ ਦਿੱਲੀ ਦੇ ਸਕੂਲਾਂ ਦਾ ਨਤੀਜਾ 92 ਫੀਸਦੀ ਸੀ। ਸਾਲ 2018 ਵਿੱਚ ਪੰਜਾਬ ਦਾ 58 ਫੀਸਦੀ ਤੇ ਦਿੱਲੀ ਦਾ 68 ਫੀਸਦੀ ਹੋ ਗਿਆ ਅਤੇ ਸਾਲ 2019 ਵਿੱਚ ਪੰਜਾਬ ਦੇ ਸਕੂਲਾਂ ਦਾ ਨਤੀਜਾ 88.15 ਫੀਸਦੀ ਹੋ ਗਿਆ ਅਤੇ ਦਿੱਲੀ ਦੇ ਸਕੂਲਾਂ ਦਾ ਨਤੀਜਾ 71 ਫੀਸਦੀ ਰਹਿ ਗਿਆ, ਇਹ 10ਵੀਂ ਦੇ ਨਤੀਜੇ ਹਨ। ਡਿਪਟੀ

****Not recorded as ordered by the Chair.

ਸਪੀਕਰ ਸਾਹਿਬ, ਇਹ ਕੁਆਲਿਟੀ ਪਰਸੈਂਟੇਜ ਵਿੱਚ ਇਨਕਰੀਜ਼ ਹੈ। ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ 100 ਫੀਸਦੀ ਨਤੀਜੇ ਵਾਲੇ 942 ਸਕੂਲ ਹਨ ਅਤੇ ਦਿੱਲੀ ਵਿਚ ਕੇਵਲ 60 ਸਕੂਲ ਹਨ, ਜਿਨ੍ਹਾਂ ਵਿਚ 100 ਫੀਸਦੀ ਨਤੀਜਾ ਆਇਆ ਹੈ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਕੁਲਤਾਰ ਸਿੰਘ ਸੰਧਵਾਂ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਡਿਪਟੀ ਸਪੀਕਰ:** ਸੰਧਵਾਂ ਜੀ, ਤਸੀਂ ਬੈਠ ਜਾਓ, ਤੁਹਾਨੂੰ ਟਾਈਮ ਮਿਲਣਾ ਹੈ।

**ਸਲਾਹਕਾਰ/ ਮੁੱਖ ਮੰਤਰੀ:** ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਬੋਲ ਰਿਹਾ ਹਾਂ ਕਿਉਂਕਿ ਇੱਥੇ ਦਿੱਲੀ ਦੇ ਸਕੂਲਾਂ ਦੇ ਮਾਡਲ ਦੀ ਗੱਲ ਚੱਲਦੀ ਸੀ। ਅੱਜ ਸੁਣਨ ਵਾਲੀ ਗੱਲ ਹੈ ਕਿ ਪੰਜਾਬ ਦੇ 2,267 ਸਕੂਲਾਂ ਦੇ 90 ਫੀਸਦੀ ਨਤੀਜੇ ਆਏ ਹਨ ਅਤੇ ਦਿੱਲੀ ਵਿਚ 226 ਸਕੂਲਾਂ ਦੇ 90 ਫੀਸਦੀ ਨਤੀਜੇ ਆਏ ਹਨ।ਇਸੇ ਤਰ੍ਹਾਂ ਮੇਰੇ ਕੋਲ ਹੋਰ ਵੀ ਬਹੁਤ ਡਾਟਾ ਹੈ ਪਰ ਮੈਂ ਦੱਸਣਾ ਨਹੀਂ ਚਾਹੁੰਦਾ।ਇੱਥੇ ਸਰਕਾਰੀ ਸਕੂਲਾਂ ਵਿੱਚ ਫਰੀ ਪ੍ਰਾਇਮਰੀ ਜਮਾਤਾਂ ਚਲਦੀਆਂ ਹਨ।

**ਮਾਨਯੋਗ ਡਿਪਟੀ ਸਪੀਕਰ:** ਨਾਗਰਾ ਜੀ, ਕਨਕਲੂਡ ਕਰੋ, ਟਾਈਮ ਹੋ ਗਿਆ।

**ਸਲਾਹਕਾਰ/ ਮੁੱਖ ਮੰਤਰੀ:** ਮੈਂ ਕਨਕਲੂਡ ਕਰਦਾ ਹਾਂ ਜੀ, ਸਿਰਫ ਦੋ ਮਿੰਟ ਦੇ ਦਿਓ। ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਦਿੱਲੀ ਵਿੱਚ ਕੇ.ਜੀ. ਦੀਆਂ ਜਮਾਤਾਂ 432 ਸਕੂਲਾਂ ਅਤੇ ਨਰਸਰੀ 304 ਸਕੂਲਾਂ ਵਿੱਚ ਪੜ੍ਹਾਈ ਜਾਂਦੀ ਹੈ। ਪੰਜਾਬ ਦੇ ਵਿੱਚ 12,883 ਪ੍ਰਾਇਮਰੀ ਸਕੂਲਾਂ ਵਿੱਚ ਇਹ ਪੜ੍ਹਾਈ ਕਰਵਾਈ ਜਾਂਦੀ ਹੈ। ਦਿੱਲੀ ਵਿੱਚ 29,000 ਵਿਦਿਆਰਥੀ ਹਨ ਅਤੇ ਪੰਜਾਬ ਵਿੱਚ 2,50,000 ਹਜ਼ਾਰ ਹਨ, ਇਹ ਇਨ੍ਹਾਂ ਦਾ ਡਾਟਾ ਹੈ। ਡਿਪਟੀ ਸਪੀਕਰ ਸਾਹਿਬ, ਬੇਨਤੀ ਹੈ ਕਿ ਤੁਸੀਂ ਮੇਰਾ ਟਾਈਮ ਕੱਟੀ ਜਾਂਦੇ ਹੋ, ਮੈਨੂੰ 25 ਮਿੰਟ ਦਿੱਤੇ ਹਨ, ਜਿਹੜੇ ਕਿ ਮੇਰੇ ਹਾਲੇ ਨਹੀਂ ਹੋਏ ਹਨ। ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਪੰਜਾਬ ਦੀ ਸਰਕਾਰ ਦੇ ਵੱਲੋਂ, ਕੈਪਟਨ ਅਮਰਿੰਦਰ ਸਿੰਘ ਜੀ ਤੇ ਵਿੱਤ ਮੰਤਰੀ, ਸਰਦਾਰ ਮਨਪ੍ਰੀਤ ਸਿੰਘ ਜੀ ਵੱਲੋਂ ਸ਼ਹੀਦਾਂ ਦੀ ਧਰਤੀ ਸ੍ਰੀ ਫਤਹਿਗੜ੍ਹ ਸਾਹਿਬ ਵਾਸਤੇ ਭਰਪੂਰ ਫੰਡ ਦਿੱਤੇ ਗਏ ਹਨ, ਜਿਨ੍ਹਾਂ ਦੇ ਵਿੱਚ 200 ਕਰੋੜ ਰੁਪਏ ਦੀਆਂ ਸੜਕਾਂ, 70 ਕਰੋੜ ਰੁਪਏ ਦਾ ਸੀਵਰੇਜ, ਸਾਢੇ ਅੱਠ ਕਰੋੜ ਰੁਪਏ ਦਾ ਪੀਣ ਵਾਲੇ ਪਾਣੀ ਦਾ ਪ੍ਰਾਜੈਕਟ, 100 ਕਰੋੜ ਰੁਪਏ ਪਿੰਡਾਂ ਦੇ ਪੀਣ ਵਾਲੇ ਪਾਣੀ ਦਾ ਪ੍ਰਾਜੈਕਟ, ਚਨਾਰਥਲ ਕਲਾਂ ਦੇ ਵਿੱਚ ਸਬ-ਤਹਿਸੀਲ, 6 ਕਰੋੜ ਰੁਪਏ ਨਾਲ ਸਰਹੰਦ ਦਾ ਗੰਦਾ ਚੋਅ ਪੱਕਾ ਕਰਵਾਇਆ ਹੈ, 3.5 ਕਰੋੜ ਰੁਪਏ ਦਾ ਬੱਸ ਸਟੈਂਡ ਬਣਾਇਆ ਗਿਆ ਹੈ, ਹਲਕੇ ਨੂੰ ਸਰਕਾਰੀ ਡਿਗਰੀ ਕਾਲਜ ਦਿੱਤਾ ਹੈ, ਰੇਲਵੇ ਲਾਈਨ ਦਾ ਅੰਡਰ-ਬਰਿੱਜ ਦਿੱਤਾ ਹੈ, 10 ਕਰੋੜ ਦੀ ਲਾਗਤ ਨਾਲ ਬਾਬਾ ਜ਼ੋਰਾਵਰ ਸਿੰਘ,

ਬਾਬਾ ਫਤਹਿ ਸਿੰਘ ਜੀ ਦੇ ਨਾਂ ਉੱਤੇ ਜੱਚਾ-ਬੱਚਾ ਹਸਪਤਾਲ ਸ਼ੁਰੂ ਕਰਵਾਇਆ ਹੈ। ਮੇਨ ਗੁਰਦੁਆਰਾ ਸਾਹਿਬ, ਫਤਹਿਗੜ੍ਹ ਸਾਹਿਬ ਨੂੰ ਜਾਣ ਵਾਲੀਆਂ ਸੜਕਾਂ 4 ਮਾਰਗੀ ਬਣਾਈਆਂ ਹਨ। ਮੈਂ ਧੰਨਵਾਦ ਕਰਦਾ ਹਾਂ ਕਿ ਇਸ ਬਜਟ ਦੇ ਵਿੱਚ ਪਿੰਡ ਭਗੜਾਣਾ ਵਿਖੇ ਨਵੀਂ ਆਈ.ਟੀ.ਆਈ. ਹਲਕਾ ਫਤਹਿਗੜ੍ਹ ਸਾਹਿਬ ਦੇ ਵਜ਼ੀਰਾਬਾਦ ਪਿੰਡ ਲਈ 125 ਕਰੋੜ ਵਿੱਚ ਨਵਾਂ ਫਾਰਮਾਸੂਟੀਕਲ ਉਦਯੋਗਿਕ ਪਾਰਕ ਅਨਾਊਂਸ ਕੀਤਾ ਹੈ। ਸੜਕਾਂ ਦੇ ਨਵੀਨੀਕਰਨ ਤਹਿਤ ਸਾਨੂੰ ਲਾਂਡਰਾਂ-ਚੰਡੀਗੜ੍ਹ ਤੇ ਸਰਹੰਦ-ਪਟਿਆਲਾ ਵਾਲਾ ਬਾਈਪਾਸ ਦਿੱਤਾ।

ਮੈਂ ਸਰਕਾਰ ਦੇ ਲਈ ਕੁਝ ਇੱਕ ਸੁਝਾਅ ਪੜ੍ਹਾਂਗਾ ਅਤੇ ਸਿਰਫ ਇੱਕ ਮਿੰਟ ਹੀ ਲਵਾਂਗਾ। ਮੈਂ ਮਹਾਂਭਾਰਤ ਤੇ ਇੱਕ ਗੱਲ ਸੁਣਾਉਣੀ ਸੀ। ਇਤਿਹਾਸ ਵਿੱਚ ਮਹਾਂਭਾਰਤ ਹੋਇਆ ਸੀ ਅਤੇ ਪੰਜਾਬ ਵਿੱਚ ਉਹੀ ਮਹਾਂਭਾਰਤ ਦੁਹਰਾਇਆ ਗਿਆ ਹੈ। ਉਦੋਂ ਵੀ ਧ੍ਰਿਤਰਾਸ਼ਟਰ ਨੇ ਅੱਖਾਂ ਤੇ ਪੱਟੀ ਬੰਨ੍ਹ ਕੇ ਪੁੱਤਰ ਮੋਹ ਦੇ ਵਿੱਚ ਆਪਣਾ ਰਾਜ ਖੇਰੂੰ-ਖੇਰੂੰ ਕਰ ਲਿਆ। ਲੋਕਾਂ ਨੂੰ ਲੜਾ ਕੇ ਮਰਵਾ ਦਿੱਤਾ। ਡਿਪਟੀ ਸਪੀਕਰ ਸਾਹਿਬ, ਮਹਾਂਭਾਰਤ ਦੇ ਵਿੱਚ ਜਿਹੜੇ ਕਿਰਦਾਰ ਸਨ, ਧ੍ਰਿਤਰਾਸ਼ਟਰ ਪਿਉ ਸੀ, ਇੱਕ ਮਾਂ ਸੀ, ਇੱਕ ਪੁੱਤ ਸੀ ਤੇ ਇੱਕ ਸਾਲਾ ਸ਼ਕੁਨੀ ਸੀ। ਸਪੀਕਰ ਸਾਹਿਬ, ਜੇ ਆਪਾਂ ਪਿਛਲੇ 10 ਸਾਲਾਂ ਦੇ ਰਾਜ ਨੂੰ ਮਹਾਂਭਾਰਤ ਦੇ ਨਾਲ ਕੰਪੇਅਰ ਕਰ ਲਈਏ ਤਾਂ ਇਸ ਦੇ ਵਿੱਚ ਵੀ ਇੱਕ ਪਿਉ ਸੀ, ਇੱਕ ਮਾਂ ਸੀ, ਇੱਕ ਪੁੱਤ ਸੀ ਤੇ ਇੱਕ ਸਾਲਾ ** ** ਸੀ। ਉਸ ਰਾਜ ਨੇ ਪੰਜਾਬ ਨੂੰ ਅੱਜ ਕਿਸ ਹਾਲਾਤ ਦੇ ਵਿੱਚ ਪਹੁੰਚਾ ਦਿੱਤਾ। ਉਹ ਦਲੇਰ ਪੰਜਾਬ ਜਿਸ ਬਾਰੇ ਕਦੇ ਕਿਹਾ ਜਾਂਦਾ ਸੀ ਕਿ ਜੇ ਕਿਸਾਨ ਵੇਖਣਾ ਹੈ ਤਾਂ ਪੰਜਾਬ ਦਾ ਵੇਖੋ, ਜੇ ਜਵਾਨ ਵੇਖਣਾ ਤਾਂ ਪੰਜਾਬ ਨੂੰ ਵੇਖੋ, ਜੇ ਧੀਆਂ-ਭੈਣਾਂ ਦੀ ਕੋਈ ਇੱਜ਼ਤ ਕਰਨ ਵਾਲਾ ਵੇਖਣਾ ਹੈ ਤਾਂ ਪੰਜਾਬ ਦਾ ਵੇਖੋ, ਜੇ ਦੇਸ਼ ਦੀ ਸਰਹੱਦ ਤੇ ਮਰਨ ਮਿਟਣ ਵਾਲਾ ਵੇਖਣਾ ਹੈ ਤਾਂ ਪੰਜਾਬ ਦਾ ਵੇਖੋ ਪਰ ਇਨ੍ਹਾਂ ਨੇ ਸਾਡੇ ਮੱਥੇ ਤੇ ਕਲੰਕ ਲਗਾ ਦਿੱਤਾ ਅਤੇ ਲਿਖ ਦਿੱਤਾ ਕਿ ਦੇਖੋ ਜੇ ਨਸ਼ੇ ਵਾਲਾ ਵੇਖਣਾ ਤਾਂ ਪੰਜਾਬ ਦਾ ਵੇਖੋ। ਸਾਨੂੰ ਇਹ ਸਭ ਦੇ ਕੇ ਗਏ ਹਨ। ਡਿਪਟੀ ਸਪੀਕਰ ਸਾਹਿਬ, ਅੱਜ ਦੁਬਾਰਾ ਤੋਂ ਫਿਰ ਕੈਪਟਨ ਅਮਰਿੰਦਰ ਸਿੰਘ ਜੀ ਦੀ ਅਗਵਾਈ ਵਿੱਚ ਸਰਕਾਰ ਨੇ ਇਸ ਪੰਜਾਬ ਨੂੰ ਚੁੱਕਿਆ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਅੱਜ ਫਿਰ ਇਨ੍ਹਾਂ ** ** ਤੋਂ ਪੰਜਾਬ ਨੂੰ ਬਚਾਉਣ ਦੀ ਲੋੜ ਹੈ। ਅਜੇ ਇਹ ਹਟੇ ਨਹੀਂ ਹਨ। ਇਹ ਇਥੇ ਬੈਠੇ ਨਹੀਂ ਹਨ। ਵਿੱਤ ਮੰਤਰੀ ਜੀ, ਮੰਤਰੀ ਸਾਹਿਬਾਨ ਬੈਠੇ ਹਨ, ਇਹ ** ** ਮਾਰਨੇ ਬਹੁਤ ਜ਼ਰੂਰੀ ਹਨ।

**ਮਾਨਯੋਗ ਡਿਪਟੀ ਸਪੀਕਰ:** ਕਨਕਲੂਡ ਕਰੋ ਜੀ।

---

**Expunged as ordered by the Hon'ble Speaker.

**ਸਲਾਹਕਾਰ/ ਮੁੱਖ ਮੰਤਰੀ:** ਇਹ ** ** ਮਾਰਨੇ ਬਹੁਤ ਜ਼ਰੂਰੀ ਹਨ। ਜੇ ਨਾ ਮਾਰੇ ਤਾਂ ਇਹ ਫਿਰ ਤੋਂ ਵਾਇਰਸ ਬਣ ਕੇ ਉਭਰਨਗੇ। ਇਸ ਵਾਇਰਸ ਨੂੰ ਖਤਮ ਕਰਨਾ ਜ਼ਰੂਰੀ ਹੈ।

**ਮਾਨਯੋਗ ਡਿਪਟੀ ਸਪੀਕਰ :** ਧੰਨਵਾਦ।

**ਸਲਾਹਕਾਰ/ ਮੁੱਖ ਮੰਤਰੀ:** ਡਿਪਟੀ ਸਪੀਕਰ ਸਾਹਿਬ, ਸਿਰਫ ਦੋ ਸੁਝਾਅ ਦੇਣੇ ਹਨ। ਮੈਂ ਵਿੱਤ ਮੰਤਰੀ ਜੀ ਨੂੰ ਸੁਝਾਅ ਦੇਣਾ ਚਾਹੁੰਦਾ ਹਾਂ ਅਤੇ ਮੇਰੀ ਬੇਨਤੀ ਵੀ ਹੈ ਕਿ ਜਿਹੜਾ ਪੰਜਾਬ ਵਿੱਚ ਨੰਬਰਦਾਰੀਆਂ ਦਾ ਚੱਕਰ ਹੈ, ਇਹ ਪੰਜਾਬ ਦੇ ਲੋਕਾਂ ਨੂੰ ਖਾ ਰਿਹਾ ਹੈ। ਕਈ-ਕਈ ਸਾਲ ਨਾਇਬ ਤਹਿਸੀਲਦਾਰ ਤੋਂ ਲੈ ਕੇ ਐਫ.ਸੀ.ਆਰ. ਤੱਕ ਲੋਕ ਚੱਕਰ ਕੱਟਦੇ ਰਹਿੰਦੇ ਹਨ, ਇਸ ਨੂੰ ਸਰਲ ਕਰੋ। ਇਸ ਨੂੰ ਇੱਕ ਜਾਂ ਦੋ ਥਾਂ ਤੇ ਰੱਖੋ। ਪੰਜ-ਪੰਜ ਥਾਵਾਂ ਤੇ ਲੋਕ ਲੁੱਟੇ ਜਾ ਰਹੇ ਹਨ।

ਇਸੇ ਤਰ੍ਹਾਂ ਰੈਵੇਨਿਊ ਦੇ ਝਗੜੇ ਹਨ। ਪਹਿਲਾਂ ਅਸੀਂ ਰੈਵੇਨਿਊ ਵਿਭਾਗ ਨੂੰ ਦਿੰਦੇ ਹਾਂ, ਇਨ੍ਹਾਂ ਨੂੰ ਵੀ ਖਤਮ ਕਰੋ। ਕਈ ਕੇਸ ਕੋਰਟਾਂ ਵਿੱਚ ਹਨ, ਵਕੀਲ ਵੀ ਖਾ ਰਹੇ ਹਨ।

ਦੂਜਾ, ਪੁਲਿਸ ਮਹਿਕਮੇ ਤੋਂ ਵੀ ਚੌਵੀ ਘੰਟੇ ਡਿਊਟੀ ਲਈ ਜਾਂਦੀ ਹੈ, ਇਨ੍ਹਾਂ ਨੂੰ ਵੀ ਕੋਈ ਮਾੜੀ-ਮੋਟੀ ਰਾਹਤ ਦਿਉ।

ਮੈਂ ਨਿਸ਼ਾਨਦੇਹੀਆਂ ਬਾਰੇ ਵਿੱਤ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਆਪਾਂ ਇਹ ਮੈਨੁਅਲ ਕਰਵਾਉਂਦੇ ਹਾਂ, ਹਰ ਜ਼ਿਲ੍ਹੇ ਵਿੱਚ ਇੱਕ ਸਟੇਸ਼ਨ ਹੋਣਾ ਚਾਹੀਦਾ ਹੈ ਤਾਂ ਕਿ ਨਿਸ਼ਾਨਦੇਹੀਆਂ ਜ਼ਿਆਦਾ ਲੰਮੀਆਂ ਨਾ ਪਈਆਂ ਰਹਿਣ ਅਤੇ ਜਲਦੀ ਹੋ ਜਾਣ।

ਡਿਪਟੀ ਸਪੀਕਰ ਸਾਹਿਬ, ਬੱਸ ਖਤਮ ਕਰ ਰਿਹਾ ਹਾਂ ਜੀ, ਇਹ ਤੁਹਾਡੇ ਧਿਆਨ ਦੇਣ ਵਾਲੀ ਗੱਲ ਹੈ। ਸਾਡੇ ਜਿਹੜੇ ਜ਼ਿਲ੍ਹਾ ਲੈਵਲ ਤੇ ਲਾਲ ਡੋਰੇ ਦੇ ਅੰਦਰ.....

**ਮਾਨਯੋਗ ਡਿਪਟੀ ਸਪੀਕਰ :**ਨਾਗਰਾ ਜੀ, ਬਹੁਤ ਹੋ ਗਿਆ। ਧੰਨਵਾਦ।

**ਸਲਾਹਕਾਰ/ ਮੁੱਖ ਮੰਤਰੀ:** ਡਿਪਟੀ ਸਪੀਕਰ ਸਾਹਿਬ, ਰਿਕੁਐਸਟ ਨਾਲ ਬੱਸ ਅੱਧਾ ਮਿੰਟ ਜੀ। ਲਾਲ ਡੋਰੇ ਦੇ ਅੰਦਰ ਜਿਹੜੇ ਵੀ ਪਿੰਡਾਂ ਵਿੱਚ ਜ਼ਮੀਨ ਦੇ ਮਾਲਕ ਹਨ, ਸਾਡੇ ਕੋਲ ਰਜਿਸਟਰੀਆਂ ਨਹੀਂ ਹਨ, ਤੁਹਾਡੇ ਕੋਲ ਵੀ ਨਹੀਂ ਹੋਵੇਗੀ, ਤੁਹਾਡੇ ਬਜ਼ੁਰਗਾਂ ਦੀ ਜ਼ਮੀਨ ਹੋਵੇਗੀ। ਸਰਕਾਰ ਉਨ੍ਹਾਂ ਨੂੰ ਰਜਿਸਟਰੀਆਂ ਬਣਾ ਕੇ ਦੇਵੇ ਤਾਂ ਕਿ ਜੇ ਕਿਸੇ ਨੇ ਲੋਨ ਲੈਣਾ ਹੈ ਜਾਂ ਕੁਝ ਕਰਨਾ ਹੈ ਤਾਂ ਉਹ ਕਰਵਾ ਸਕੇ। ਇਸੇ ਤਰੀਕੇ ਨਾਲ ਸਕੂਲਾਂ ਵਿੱਚ ਸ਼ਾਮ ਨੂੰ ਜਿਵੇਂ ਪਹਿਲਾਂ ਐਕਟੀਵਿਟੀਜ਼ ਹੁੰਦੀਆਂ ਸਨ, ਉਹ ਸ਼ੁਰੂ ਕੀਤੀਆਂ ਜਾਣ। ਮੈਂ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਪਿਛਲੀ ਗੌਰਮਿੰਟ

**Expunged as ordered by the Hon'ble Speaker.

ਨੇ 10 ਸਾਲਾਂ ਵਿੱਚ ਸ਼ਾਮਲਾਤ ਜ਼ਮੀਨਾਂ ਤੇ ਆਪਣੇ ਜਥੇਦਾਰਾਂ ਦੇ ਕਬਜ਼ੇ ਕਰਵਾਏ ਹਨ। ਰੂਰਲ ਡਿਵੈਲਪਮੈਂਟ ਡਿਪਾਰਟਮੈਂਟ ਦੀਆਂ ਉਨ੍ਹਾਂ ਸ਼ਾਮਲਾਤਾਂ ਨੂੰ ਦੁਬਾਰਾ ਤੋਂ ਘੋਖਿਆ ਜਾਵੇ, ਉਨ੍ਹਾਂ ਦਾ ਰਜਿਸਟਰ ਬਣਾਇਆ ਜਾਵੇ।

**ਮਾਨਯੋਗ ਡਿਪਟੀ ਸਪੀਕਰ :** ਨਾਗਰਾ ਜੀ, ਧੰਨਵਾਦ। ਨਾਗਰਾ ਜੀ, ਧੰਨਵਾਦ। ਹੁਣ ਅਰੁਣ ਨਾਰੰਗ ਜੀ। ਨਾਰੰਗ ਜੀ, ਦੋ ਮਿੰਟ ਹਨ, ਉਸ ਵਿੱਚ ਕਨਕਲੂਡ ਕਰਨਾ ਹੈ। ਪਾਰਟੀ ਦੇ ਟਾਈਮ ਅਨੁਸਾਰ ਤੁਹਾਡਾ ਟਾਈਮ ਇੰਨਾ ਹੀ ਹੈ।

**ਸਰਦਾਰ ਸੁਖਪਾਲ ਸਿੰਘ ਭੁੱਲਰ :** ਡਿਪਟੀ ਸਪੀਕਰ ਸਾਹਿਬ, ਸਿਰਫ ਇੱਕ ਮਿੰਟ ਜੀ, ਇੱਕ ਪੁਆਇੰਟ ਕਹਿਣਾ ਹੈ ਜੀ। ਵਿੱਤ ਮੰਤਰੀ ਸਾਹਿਬ ਨੇ ਐਲਾਨ ਕੀਤਾ ਸੀ ਕਿ ਮਿਲਟਰੀ ਸਕੂਲ ਹੁਸ਼ਿਆਰਪੁਰ ਵਿੱਚ ਬਣਾ ਰਹੇ ਹਨ, ਉੱਥੇ ਹੀ ਸਾਡੇ ਬਹੁਤ ਸੀਨੀਅਰ ਲੀਡਰ ਅੰਬਿਕਾ ਸੋਨੀ ਜੀ ਨੇ 27 ਕਿੱਲੇ ਵਿੱਚ ਬਣੀ-ਬਣਾਈ ਬਿਲਡਿੰਗ ਦਿੱਤੀ ਹੈ, ਮੈਂ ਤੁਹਾਡੇ ਰਾਹੀਂ ਹਾਊਸ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਉਨ੍ਹਾਂ ਲਈ ਇੱਕ ਧੰਨਵਾਦੀ ਮਤਾ ਪੂਰੇ ਹਾਊਸ ਵੱਲੋਂ ਦੇਈਏ ਕਿ ਉਨ੍ਹਾਂ ਨੇ ਪੰਜਾਬ ਦੇ ਨੌਜਵਾਨਾਂ ਵਾਸਤੇ ਕਦਮ ਉਠਾਇਆ ਹੈ।

**ਮਾਨਯੋਗ ਡਿਪਟੀ ਸਪੀਕਰ :** ਧੰਨਵਾਦ। ਹਾਂ ਜੀ, ਨਾਰੰਗ ਜੀ।

**ਸਰਦਾਰ ਸੁਖਪਾਲ ਸਿੰਘ ਭੁੱਲਰ:** ਮਤਾ ਲੈ ਕੇ ਆਉ ਜੀ।

**ਮਾਨਯੋਗ ਡਿਪਟੀ ਸਪੀਕਰ :** ਲਿਆਵਾਂਗੇ ਜੀ।

**ਸ਼੍ਰੀ ਅਰੁਣ ਨਾਰੰਗ (ਅਬੋਹਰ) :** ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਚੌਥਾ ਬਜਟ ਪੇਸ਼ ਹੋਇਆ ਹੈ, ਇਸ ਤੋਂ ਪਹਿਲਾਂ ਵੀ ਇਸ ਸਰਕਾਰ ਦੇ ਤਿੰਨ ਬਜਟ ਪੇਸ਼ ਹੋਏ ਹਨ। ਜਿਹੜੇ ਪਿਛਲੇ ਤਿੰਨ ਬਜਟ ਪੇਸ਼ ਹੋਏ ਹਨ, ਇਸ ਬਜਟ ਦਾ ਵੀ ਲਗਭਗ ਉਹੀ ਹਾਲ ਹੋਣ ਵਾਲਾ ਹੈ। ਡਿਪਟੀ ਸਪੀਕਰ ਸਾਹਿਬ, ਜਿਹੜਾ ਪਹਿਲਾ ਬਜਟ ਪੇਸ਼ ਹੋਇਆ ਸੀ, ਉਸ ਵਿੱਚ ਅਬੋਹਰ ਨੂੰ ਹਾਰਟੀਕਲਚਰ ਯੂਨੀਵਰਸਿਟੀ ਦਿੱਤੀ ਗਈ ਸੀ ਲੇਕਿਨ ਅੱਜ ਤਿੰਨ ਸਾਲ ਪੂਰੇ ਹੋ ਗਏ ਹਨ ਅਤੇ ਉਸ ਯੂਨੀਵਰਸਿਟੀ ਦਾ ਕਿਧਰੇ ਕੋਈ ਨਾਂ ਹੀ ਨਹੀਂ ਹੈ, ਕਿਸੇ ਬਜਟ ਵਿੱਚ ਨਹੀਂ, ਰਾਜਪਾਲ ਦੇ ਭਾਸ਼ਣ ਵਿੱਚ ਨਹੀਂ ਹੈ। ਉਸ ਤੋਂ ਬਾਅਦ ਅਬੋਹਰ ਵਾਸਤੇ ਗੌਰਮਿੰਟ ਕਾਲਜ ਦੀ ਵੀ ਗੱਲ ਹੋਈ ਸੀ ਪਰ ਕੋਈ ਕਾਲਜ ਨਹੀਂ ਆਇਆ। ਅੱਜ ਇਸ ਬਜਟ ਵਿੱਚ ਵੈਟਰਨਰੀ ਕਾਲਜ ਦੀ ਅਨਾਊਂਸਮੈਂਟ ਹੋਈ ਹੈ, ਜੇ ਇਹ ਅਨਾਊਂਸਮੈਂਟ ਸਰਕਾਰ ਪੂਰੀ ਕਰ ਦੇਵੇ ਤਾਂ ਅਸੀਂ ਬਹੁਤ ਧੰਨਵਾਦੀ ਹੋਵਾਂਗੇ ਲੇਕਿਨ ਮੈਨੂੰ ਲਗਦਾ ਨਹੀਂ ਕਿਉਂਕਿ ਪਹਿਲਾਂ ਜੋ ਅਨਾਊਂਸਮੈਂਟਸ ਹੋਈਆਂ ਸਨ, ਉਨ੍ਹਾਂ ਦਾ ਕੁਝ ਨਹੀਂ ਹੋਇਆ। ਇਸ ਨਾਲ ਵੀ ਲਗਭਗ ਇਵੇਂ ਹੀ ਹੋਣ ਵਾਲਾ ਹੈ।

ਅਸੀਂ ਇੱਥੇ ਦਲਿਤਾਂ ਅਤੇ ਗਰੀਬਾਂ ਦੀ ਬੜੀ ਗੱਲ ਕਰਦੇ ਹਾਂ। ਮੈਂ ਇਸ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਅਬੋਹਰ ਵਿੱਚ ਲਗਭਗ 7 ਮਹੀਨੇ ਤੋਂ

[ਸ਼੍ਰੀ ਅਰੁਣ ਨਾਰੰਗ]

ਸਫਾਈ ਸੇਵਕ ਧਰਨੇ ਤੇ ਬੈਠੇ ਹਨ। ਉਨ੍ਹਾਂ ਨੂੰ ਇਸ ਸਰਕਾਰ ਵਿੱਚ ਹਾਲੇ ਤੱਕ 7 ਮਹੀਨੇ ਦੀ ਤਨਖਾਹ ਨਹੀਂ ਮਿਲੀ। 7-7 ਮਹੀਨੇ ਗਰੀਬ ਨੂੰ ਤਨਖਾਹ ਨਾ ਮਿਲੇ ਤਾਂ ਉਹ ਵਿਚਾਰਾ ਆਪਣਾ ਗੁਜ਼ਾਰਾ ਕਿਵੇਂ ਚਲਾਵੇਗਾ?

ਇੱਕ ਪੁਆਇੰਟ ਨਸ਼ਿਆਂ ਬਾਰੇ ਆਇਆ ਹੈ। ਤੁਸੀਂ ਕਹਿੰਦੇ ਹੋ ਕਿ ਅਸੀਂ ਨਸ਼ੇ ਦਾ ਲੱਕ ਤੋੜ ਦਿੱਤਾ ਹੈ। ਡਿਪਟੀ ਸਪੀਕਰ ਸਾਹਿਬ, ਅੱਜ ਵੀ ਦੋ ਨੰਬਰ ਦੀ ਦਾਰੂ ਵਿਕ ਰਹੀ ਹੈ। ਅਬੋਹਰ ਹਲਕੇ ਵਿੱਚ ਨਸ਼ਾ ਆਲੇ-ਦੁਆਲੇ ਸ਼ਰ੍ਹੇਆਮ ਵਿਕ ਰਿਹਾ ਹੈ। ਉੱਥੇ ਪੁਲੀਸ ਜਾਂਦੀ ਹੈ ਲੇਕਿਨ ਉਨ੍ਹਾਂ ਨੂੰ ਫੜਨ ਦੀ ਬਜਾਏ ਵਾਪਸ ਆ ਜਾਂਦੀ ਹੈ। ਹੁਣ ਇਹ ਪਤਾ ਨਹੀਂ ਕਿ ਕਿਹੜਾ nexus ਹੈ, ਇਹ ਗੱਲ ਸਮਝ ਨਹੀਂ ਆਈ।

**ਮਾਨਯੋਗ ਡਿਪਟੀ ਸਪੀਕਰ:** ਕਨਕਲੂਡ ਕਰੋ ਜੀ।

**ਸ਼੍ਰੀ ਅਰੁਣ ਨਾਰੰਗ:** ਬੱਸ ਦੋ ਪੁਆਇੰਟ ਹੋਰ ਹਨ। ਇੱਕ ਮਿੰਟ ਵਿੱਚ ਹੀ ਕਨਕਲੂਡ ਕਰਦਾ ਹਾਂ। ਘਰ-ਘਰ ਨੌਕਰੀ ਜਾਂ ਘਰ-ਘਰ ਰੁਜ਼ਗਾਰ ਦੇਣ ਦਾ ਵੀ ਵਾਅਦਾ ਹੋਇਆ ਸੀ। ਅੱਜ ਪੂਰੇ ਪੰਜਾਬ ਦੇ ਆੜ੍ਹਤੀਆਂ ਦਾ ਪਿਛਲੇ ਸੀਜ਼ਨ ਦਾ ਰਿਫੰਡ ਜਾਂ ਉਨ੍ਹਾਂ ਦਾ ਕਮਿਸ਼ਨ ਹਾਲੇ ਤੱਕ ਨਹੀਂ ਦਿੱਤਾ ਗਿਆ, ਉਹ ਵਿਚਾਰੇ ਤਰਲੇ ਮਾਰਦੇ ਫਿਰਦੇ ਹਨ। ਸੈਂਟਰ ਦੀ ਚਿੱਠੀ ਵੀ ਆ ਗਈ ਹੈ ਕਿ ਇਹ ਰਿਫੰਡ ਦੇ ਦਿੱਤਾ ਜਾਵੇ ਲੇਕਿਨ ਆਪਣੇ ਅਫਸਰ ਵਿੱਚ ਅੜਿੱਕਾ ਪਾਉਂਦੇ ਹਨ ਤੇ ਉਹ ਰਿਫੰਡ ਵੀ ਨਹੀਂ ਦੇ ਰਹੇ ਹਨ। ਇਸੇ ਤਰ੍ਹਾਂ ਹੀ ਇੰਡਸਟਰੀ ਦਾ ਹਾਲ ਹੈ। ਅਸੀਂ ਕਹਿੰਦੇ ਹਾਂ ਕਿ ਪੰਜਾਬ ਵਿੱਚ ਇੰਡਸਟਰੀ ਆਵੇ ਤੇ ਇੰਡਸਟਰੀ ਪ੍ਰਫੁੱਲਤ ਹੋਵੇ ਪਰ ਇੰਡਸਟਰੀ ਦਾ ਪੂਰੇ ਸਾਲ ਦਾ ਜੀ.ਐਸ.ਟੀ. ਰਿਫੰਡ ਹਾਲੇ ਤੱਕ ਸਰਕਾਰ ਨੇ ਨਹੀਂ ਦਿੱਤਾ ਹੈ।

**ਮਾਨਯੋਗ ਡਿਪਟੀ ਸਪੀਕਰ:** ਨਾਰੰਗ ਜੀ, thank you, thank you.

**ਸ਼੍ਰੀ ਅਰੁਣ ਨਾਰੰਗ:** ਬੱਸ, ਇੱਕ ਸੈਕਿੰਡ ਵਿੱਚ ਖਤਮ ਕਰਦਾ ਹਾਂ ਜੀ। ਸਰਕਾਰ ਕੋਲ ਕਰੋੜਾਂ ਰੁਪਏ ਪਏ ਹਨ ਤੇ ਉਹ ਵਿਚਾਰਾ ਇੰਡਸਟਰੀ ਕਿਵੇਂ ਚਲਾਏਗਾ? ਸਾਰਾ ਰੁਪਿਆ ਤਾਂ ਸਰਕਾਰ ਕੋਲ ਆ ਗਿਆ ਹੈ।

**ਮਾਨਯੋਗ ਡਿਪਟੀ ਸਪੀਕਰ:** ਬੀਬੀ ਸਰਵਜੀਤ ਕੌਰ ਜੀ। ਬੀਬੀ ਜੀ, ਤੁਹਾਡਾ ਟਾਈਮ ਪੰਜ ਮਿੰਟ ਹੈ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ (ਜਗਰਾਉਂ, ਐਸ.ਸੀ.):** ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਪੰਜਾਬ ਸਰਕਾਰ ਦੇ ਇਸ ਸਾਲ ਦੇ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ। ਡਿਪਟੀ ਸਪੀਕਰ ਸਾਹਿਬ, ਆਮ ਕਿਹਾ ਜਾਂਦਾ ਸੀ ਕਿ ਕੁੜੀਆਂ ਤਾਂ ਚਿੜੀਆਂ ਹਨ, ਚਿੜੀਆਂ ਦਾ ਕੀ ਹੈ? ਇਸ ਬਜਟ ਵਿੱਚ ਮੈਨੂੰ ਲਗਦਾ ਹੈ ਕਿ ਸਰਕਾਰ women empowerment ਦੀ ਗੱਲ ਕਰਦੇ-ਕਰਦੇ ਔਰਤਾਂ ਨਾਲ ਜਾਣੇ-ਅਣਜਾਣੇ ਵਿੱਚ ਧੱਕਾ ਕਰ ਗਈ ਹੈ। ਕਿਸ ਤਰ੍ਹਾਂ? ਆਸ਼ੀਰਵਾਦ

ਸਕੀਮ ਵਿੱਚ 100 ਕਰੋੜ ਰੁਪਏ ਤੇ ਐਸ.ਸੀ./ਬੀ.ਸੀ. ਲੜਕੀਆਂ, ਤਲਾਕਸ਼ੁਦਾ, ਵਿਧਵਾ, ਵਿਧਵਾਵਾਂ ਦੀਆਂ ਬੇਟੀਆਂ ਦੇ ਵਿਆਹ ਲਈ ਕਈ ਹਜ਼ਾਰ ਕਰੋੜ ਰੁਪਏ ਰੱਖੇ ਸੀ, ਅੰਗਹੀਣ, ਅਨਾਥ ਬੱਚਿਆਂ ਲਈ ਰੱਖੇ ਸੀ, ਜੋ ਧਨ ਲੋਕ ਕਲਿਆਣ ਲਈ ਰੱਖਿਆ ਗਿਆ ਸੀ, ਪੰਜਾਬ ਸਰਕਾਰ ਵੱਲੋਂ ਇਸ ਵੱਲ ਕੋਈ ਬਹੁਤਾ ਧਿਆਨ ਨਾ ਦੇ ਕੇ ਇਸ ਨੂੰ ਰਿਲੀਜ਼ ਨਹੀਂ ਕੀਤਾ ਗਿਆ। ਡਿਪਟੀ ਸਪੀਕਰ ਸਾਹਿਬ, ਮੈਂ ਇੱਕ ਗੱਲ ਪਿਛਲੀ ਵਿਧਾਨ ਸਭਾ ਵਿੱਚ ਕਹੀ ਸੀ ਤਾਂ ਸਦਨ ਦੇ ਹਰ ਬੰਦੇ ਨੇ, ਚਾਹੇ ਉਹ ਕਿਸੇ ਵੀ ਪਾਰਟੀ ਦਾ ਸੀ, ਉਸ ਨੇ ਉਹ ਮਸਲੇ ਨੂੰ ਬੜੀ ਗੰਭੀਰਤਾ ਤੇ ਸੰਜੀਦਗੀ ਨਾਲ ਸੁਣਿਆ ਸੀ ਅਤੇ ਐਜੂਕੇਸ਼ਨ ਮਨਿਸਟਰ ਸਾਹਿਬ ਨੇ ਮੈਨੂੰ ਇਸ ਮਸਲੇ ਤੇ ਐਸ਼ੋਰੈਂਸ ਦਿਵਾਈ ਸੀ ਕਿ ਮੈਂ ਬਹੁਤ ਵਧੀਆ ਕੰਮ ਕਰਦਾ ਹਾਂ। ਹੁਣ ਤੱਕ ਤਿੰਨ ਐਜੂਕੇਸ਼ਨ ਮਨਿਸਟਰ ਸਾਹਿਬ ਹੋਏ ਹਨ ਤੇ ਤਿੰਨਾਂ ਨੇ ਹੀ ਐਸ਼ੋਰੈਂਸ ਦਿਵਾਈ ਸੀ ਕਿ ਛੇਵੀਂ ਤੋਂ ਬਾਰ੍ਹਵੀਂ ਤੱਕ ਪੜ੍ਹਦੀਆਂ ਬੱਚੀਆਂ ਨੂੰ ਸਕੂਲਾਂ ਵਿੱਚ ਸੈਨੀਟਰੀ ਨੈਪਕਿਨ ਪ੍ਰੋਵਾਈਡ ਕਰਵਾਉਣ ਲਈ ਵੈਂਡਿੰਗ ਮਸ਼ੀਨ ਦਿੱਤੀ ਜਾਵੇਗੀ ਕਿਉਂਕਿ ਸਰਕਾਰੀ ਸਕੂਲ ਦੇ ਬੱਚਿਆਂ ਨੂੰ ਅਵੇਅਰ ਕਰਨਾ ਸੀ ਕਿ ਉਨ੍ਹਾਂ ਨੇ self hygiene ਕਿਸ ਤਰ੍ਹਾਂ ਰੱਖਣਾ ਹੈ। ਡਿਪਟੀ ਸਪੀਕਰ ਸਾਹਿਬ, ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਤਿੰਨੋਂ ਵਾਰੀ 24 ਕਰੋੜ, 11 ਕਰੋੜ ਤੇ 10 ਕਰੋੜ ਦਾ ਬਜਟ ਰੱਖਿਆ ਗਿਆ ਪਰ ਬੱਚੀਆਂ ਤੱਕ ਇਹ ਅਮਾਊਂਟ ਕਿਉਂ ਨਹੀਂ ਪਹੁੰਚ ਸਕੀ? ਮੈਨੂੰ ਇਹ ਗੱਲ ਐਨਸ਼ਿਉਰ ਕਰ ਦਿਓ। ਇਹ ਤਾਂ ਬੱਚੀਆਂ ਦੀ ਬੇਸਿਕ ਜ਼ਰੂਰਤ ਸੀ, ਜੇ ਅਸੀਂ ਇਸ ਚੀਜ਼ ਵੱਲ ਧਿਆਨ ਨਹੀਂ ਦੇ ਸਕੇ ਤਾਂ ਅਸੀਂ ਕਦੋਂ ਧਿਆਨ ਦਿਆਂਗੇ? ਡਿਪਟੀ ਸਪੀਕਰ ਸਾਹਿਬ, ਮੈਂ ਇੱਕ ਗੱਲ ਹੋਰ ਕਹਿਣਾ ਚਾਹਾਂਗੀ ਕਿ ਇਸ ਬਜਟ ਵਿੱਚ ਮਾਤਾ ਤ੍ਰਿਪਤਾ ਮਹਿਲਾ ਯੋਜਨਾ, ਕਸਤੂਰਬਾ ਗਾਂਧੀ ਮਹਿਲਾ ਯੋਜਨਾ ਵਰਗੀਆਂ ਮਹਿਲਾਵਾਂ ਦੀ ਭਲਾਈ ਲਈ ਸਕੀਮਾਂ ਰੱਖੀਆਂ ਗਈਆਂ ਹਨ, ਔਰਤਾਂ ਦੇ ਹੱਕ ਲਈ ਰੱਖੀਆਂ ਗਈਆਂ ਹਨ ਪਰ ਬਜਟ ਵਿੱਚ ਕੋਈ ਪ੍ਰੋਵੀਜ਼ਨ ਨਹੀਂ ਰੱਖੀ ਗਈ। ਵਿੱਤ ਮੰਤਰੀ ਸਾਹਿਬ ਨੂੰ ਕਹੋ ਕਿ ਜੇ ਇਸ ਤਰ੍ਹਾਂ ਦੀਆਂ ਸਕੀਮਾਂ ਅਸੀਂ ਸੀਰੀਅਸਲੀ ਲਾਗੂ ਕਰਨੀਆਂ ਹਨ ਤਾਂ ਇਸ ਵਾਸਤੇ ਬਜਟ ਦੀ ਜ਼ਰੂਰਤ ਹੁੰਦੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਇੱਕ ਗੱਲ ਹੋਰ ਕਹਿਣਾ ਚਾਹਾਂਗੀ ਕਿ ਸਾਨੂੰ ਪਤਾ ਹੈ ਸਾਡੀ ਬਾਰਡਰ ਸਟੇਟ ਹੋਣ ਕਰਕੇ, ਦੇਸ਼ ਦੀ ਲੜਾਈ ਲੜਦੇ-ਲੜਦੇ ਪੰਜਾਬ ਕਿਤੇ-ਨਾ-ਕਿਤੇ ਡਾਊਨ ਆ ਜਾਂਦਾ ਹੈ ਜਾਂ ਕਿਤੇ-ਨਾ-ਕਿਤੇ ਸਾਨੂੰ ਕੁਦਰਤੀ

[ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ]

ਆਫਤ ਘੇਰ ਹੀ ਲੈਂਦੀ ਹੈ। ਇਸ ਵਾਸਤੇ ਅਸੀਂ ਇੱਕ ਰੋਡਮੈਪ ਕਿਉਂ ਨਹੀਂ ਤਿਆਰ ਕਰਦੇ? ਜਿਸ ਤਹਿਤ ਅਸੀਂ ਅੱਗੇ ਵਧੀਏ, ਸਾਨੂੰ ਕਮਾਈ ਹੋਵੇ ਤੇ ਅਸੀਂ ਇਹ ਸੋਚੀਏ ਕਿ ਅਸੀਂ ਕਮਾਉਣਾ ਕਿੱਥੋਂ ਹੈ। ਅਸੀਂ ਬੜੀ ਵਾਰੀ Liquor Corporation ਬਣਾਉਣ ਦੀ ਗੱਲ ਕਰ ਚੁੱਕੇ ਹਾਂ। ਜੇ ਤਾਮਿਲਨਾਡੂ ਉਸ ਤੋਂ 60,000 ਕਰੋੜ ਰੁਪਏ ਕਮਾ ਸਕਦਾ ਹੈ ਤਾਂ ਸਾਡੇ ਪੰਜਾਬ ਵਿੱਚ ਐਸੀ ਕਿਹੜੀ ਮਾੜੀ ਗੱਲ ਹੈ ਕਿ ਅਸੀਂ ਪੰਜ ਹਜ਼ਾਰ ਕਰੋੜ ਤੇ ਆ ਕੇ ਖੜ੍ਹ ਜਾਂਦੇ ਹਾਂ? ਜੇ ਅਸੀਂ ਸਿਰਫ ਇੱਕ ਕਾਰਪੋਰੇਸ਼ਨ ਨੂੰ ਇਮਾਨਦਾਰੀ ਨਾਲ ਚਲਾ ਲਈਏ ਤਾਂ ਜਿਹੜਾ ਅਸੀਂ ਅੱਜ ਰੌਂਦੇ ਹਾਂ ਕਿ ਅੱਜ ਸਾਡੇ ਪੰਜਾਬ ਦਾ ਕਰਜ਼ਾ 2,48,000 ਹਜ਼ਾਰ ਕਰੋੜ ਹੈ ਤੇ ਸਾਡਾ ਬਜਟ ਸਿਰਫ 1,54,000 ਕਰੋੜ ਹੈ, ਅਸੀਂ ਉਸ ਪਾਸੇ ਨੂੰ ਵਧੀਏ, ਜਿੱਧਰ ਸਾਡੀ ਸਟੇਟ ਨੂੰ ਕਮਾਈ ਹੋਣੀ ਹੈ। ਇਹ ਠੀਕ ਹੈ ਕਿ ਵਿੱਤ ਮੰਤਰੀ ਸਾਹਿਬ ਪੰਜਾਬ ਲਈ ਬਹੁਤ ਐਫਰਟਸ ਕਰ ਰਹੇ ਹਨ। ਮੇਰੇ ਸਾਥੀ ਨੇ ਸਕੂਲਾਂ ਦੀ ਗੱਲ ਕੀਤੀ ਸੀ ਕਿ ਸਕੂਲ ਬੈਟਰ ਹੋਣੇ ਚਾਹੀਦੇ ਹਨ ਕਿਉਂਕਿ ਸਕੂਲ ਸਾਡੀ ਜ਼ਰੂਰਤ ਹਨ। ਇੱਕ ਗੱਲ ਜ਼ਰੂਰ ਠੀਕ ਹੈ ਕਿ ਸਰਕਾਰ ਸਕੂਲਾਂ ਨੂੰ ਬਿਹਤਰ ਬਣਾਉਣ ਲਈ ਲੋੜੀਂਦੇ ਕਦਮ ਚੁੱਕ ਰਹੀ ਹੈ। ਸਾਨੂੰ ਇਹ ਕੰਪੈਰੀਜ਼ਨ ਨਹੀਂ ਕਰਨਾ ਚਾਹੀਦਾ ਕਿ ਅਸੀਂ ਕਿੱਥੋਂ ਅੱਗੇ ਵੱਧ ਰਹੇ ਹਾਂ, ਕਿਵੇਂ ਅੱਗੇ ਵੱਧ ਰਹੇ ਹਾਂ। ਸਭ ਤੋਂ ਉੱਪਰ ਵਾਲੇ ਅਤੇ ਤਾਕਤਵਰ ਦੇਸ਼ ਅਮਰੀਕਾ ਦੀ ਫਸਟ ਲੇਡੀ ਮਿਲਾਨੀਆ ਟਰੰਪ ਦਿੱਲੀ ਦੇ ਸਕੂਲ ਚੈੱਕ ਕਰਨ ਗਈ, ਉੱਥੋਂ ਦੇ ਬੱਚਿਆਂ ਨਾਲ ਇੰਟਰੈਕਟ ਕੀਤਾ ਤੇ ਉਨ੍ਹਾਂ ਬੱਚਿਆਂ ਨੇ ਡਾਇਰੈਕਟ ਉਨ੍ਹਾਂ ਨਾਲ ਇੰਗਲਿਸ਼ ਵਿੱਚ ਕਨਵਰਸੇਸ਼ਨ ਕੀਤੀ। ਇਹ ਤੁਸੀਂ ਸਾਰਿਆਂ ਨੇ ਵੀ ਦੇਖਿਆ ਹੋਣਾ ਹੈ। ਇਸ ਤਰ੍ਹਾਂ ਕਰੋ, ਜੇ ਕੰਪੈਰੀਜ਼ਨ ਹੀ ਕਰਨਾ ਹੈ ਤਾਂ ਆਪਣੇ ਭੈਣ ਜੀ, ਪ੍ਰਿਯੰਕਾ ਗਾਂਧੀ ਜੀ ਨੂੰ ਬੁਲਾ ਕੇ ਸਕੂਲ ਚੈੱਕ ਕਰਵਾ ਲੈਂਦੇ ਹਾਂ, ਕੰਪੈਰੀਜ਼ਨ ਕਰਵਾ ਲੈਂਦੇ ਹਾਂ, ਇੰਨੀ ਕਿਹੜੀ ਗੱਲ ਹੈ? ਡਿਪਟੀ ਸਪੀਕਰ ਸਾਹਿਬ, ਮੈਂ ਇੱਕ ਗੱਲ ਐਫ.ਐਮ. ਸਾਹਿਬ ਨੂੰ ਕਹਿਣਾ ਚਾਹਾਂਗੀ ਕਿ ਆਪਣਾ ਹਾਲ ਇਹ ਹੈ ਕਿ ਜਿਵੇਂ ਵਿਆਹ ਦੇ ਵਿੱਚ ਪੈਸੇ ਸੁੱਟੇ ਜਾਂਦੇ ਹਨ, ਕਿਸੇ ਨੂੰ 10/- ਰੁਪਏ ਮਿਲ ਗਏ, ਕਿਸੇ ਨੂੰ 50/- ਰੁਪਏ ਮਿਲ ਗਏ, ਜੇ ਅਸੀਂ ਉਹ ਪੈਸਾ ਇੱਕ ਸੈਕਟਰ ਨੂੰ ਪ੍ਰਾਇਰਿਟੀ ਦੇ ਕੇ ਖਰਚੀਏ ਤਾਂ ਘੱਟੋ-ਘੱਟ ਸਾਡਾ ਇੱਕ ਦੁੱਖ ਤਾਂ ਦੂਰ ਹੋ ਜਾਵੇਗਾ। ਡਿਪਟੀ ਸਪੀਕਰ ਸਾਹਿਬ, ਅਸੀਂ ਹਮੇਸ਼ਾ ਸੈਂਟਰ ਤੇ ਡਿਪੈਂਡ ਹੋ ਜਾਂਦੇ ਹਾਂ। ਸੈਂਟਰ ਤਾਂ ਆਪ ਹੀ ਕਹਿ ਰਿਹਾ ਹੈ ਕਿ ਅਸੀਂ ਬਹੁਤ ਜ਼ਿਆਦਾ ਮੰਦਹਾਲੀ ਵਿੱਚੋਂ ਨਿਕਲ ਰਹੇ ਹਾਂ, ਸਾਡੇ ਕੋਲ ਤੁਹਾਨੂੰ ਦੇ ਣ ਨੂੰ ਬਹੁਤੀ ਗਰਾਂਟ ਨਹੀਂ ਹੈ। ਸਾਨੂੰ ਪੰਜਾਬ ਸਰਕਾਰ ਨੂੰ ਇਸ ਚੀਜ਼ ਵੱਲ ਧਿਆਨ ਦੇਣਾ ਪਵੇਗਾ ਕਿਉਂਕਿ ਅਸੀਂ 82% ਸੈਲਰੀਜ਼ ਤੇ ਖਰਚ ਕਰਦੇ ਹਾਂ। ਅਸੀਂ ਆਪਣੇ ਖਰਚਿਆਂ ਨੂੰ ਕਿਸ ਤਰ੍ਹਾਂ ਐਡਜਸਟ ਕਰਕੇ ਆਮਦਨ ਕਿਸ ਤਰ੍ਹਾਂ ਵਧਾਉਣੀ ਹੈ।

**ਮਾਨਯੋਗ ਡਿਪਟੀ ਸਪੀਕਰ:** ਤੁਸੀਂ ਕਨਕਲੂਡ ਕਰ ਲਓ ਜੀ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਬਿਲਕੁਲ ਸਰ। ਬਾਕੀ ਸਟੇਟਾਂ ਦੀਆਂ ਲਾਇਬਿਲਟੀਜ਼ 20% ਹਨ ਅਤੇ ਸਾਡੀਆਂ 40.6% ਹਨ। ਮੇਰੀ ਇੱਕੋ ਬੇਨਤੀ ਹੈ ਕਿ ਤਿੰਨ-ਚਾਰ ਬਜਟ ਪੇਸ਼ ਹੋ ਚੁੱਕੇ ਹਨ, ਅਸੀਂ ਉਸ ਤੇ ਬਹੁਤ ਸਾਰਾ ਕੰਮ ਕਰ ਦਿੱਤਾ ਹੈ। ਮੈਂ ਐਫ.ਐਮ. ਸਾਹਿਬ ਦਾ ਧੰਨਵਾਦ ਵੀ ਕਰਦੀ ਹਾਂ ਕਿ ਇਨ੍ਹਾਂ ਨੇ ਸਾਡੇ ਜਗਰਾਉਂ ਨੂੰ ਇੱਕ ਹਸਪਤਾਲ ਵੀ ਦਿੱਤਾ ਹੈ। ਹੁਣ ਦੇਖਣਾ ਇਹ ਹੈ ਕਿ ਉਹ ਹਸਪਤਾਲ ਬਣੇ ਅਤੇ ਅੱਗੇ ਵਧੇ। ਮੈਂ ਧੰਨਵਾਦ ਕਰਦੀ ਹਾਂ ਪਰ ਗੱਲ ਇਹ ਹੈ ਕਿ ਅਸੀਂ ਬਹੁਤ ਸਾਰੀਆਂ ਗੱਲਾਂ ਕਰ ਲਈਆਂ ਕਿ ਇੰਨਾ ਖਰਚ ਕੀਤਾ ਅਤੇ ਇੰਨੀ ਆਮਦਨ ਆਈ, ਇੱਕ ਦਿਨ ਦਾ ਬਜਟ ਸੈਸ਼ਨ ਰੱਖ ਲਓ ਕਿ ਕਿਹੜੀਆਂ-ਕਿਹੜੀਆਂ ਸਕੀਮਾਂ ਰੱਖੀਆਂ ਗਈਆਂ ਸਨ ਅਤੇ ਅਸੀਂ ਕਿਉਂ ਉਨ੍ਹਾਂ ਸਕੀਮਾਂ ਵਿੱਚ ਪੈਸਾ ਨਹੀਂ ਲਗਾ ਸਕੇ, ਉਸ ਵਿੱਚ ਅਜਿਹੀ ਕਿਹੜੀ ਪ੍ਰਾਬਲਮ ਆ ਗਈ ਸੀ? ਕਿਹੜੀ ਕੁਦਰਤੀ ਆਫਤ ਆ ਗਈ ਸੀ? ਮੇਰੀ ਦਰਖਾਸਤ ਇਹੀ ਹੈ ਕਿ ਅਸੀਂ 8ਵੀਂ ਤੋਂ 12ਵੀਂ ਤੱਕ ਦੀ ਪੜ੍ਹਾਈ ਫਰੀ ਕੀਤੀ ਹੈ, ਪਹਿਲਾਂ ਸਰਕਾਰ ਵੱਲੋਂ ਪੀ.ਐਚ.ਡੀ. ਤੱਕ ਫਰੀ ਪੜ੍ਹਾਈ ਕਰਨ ਦੀ ਗੱਲ ਆਈ ਸੀ।

**ਮਾਨਯੋਗ ਡਿਪਟੀ ਸਪੀਕਰ:** ਧੰਨਵਾਦ ਜੀ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਸਰ, ਬਸ ਕਨਕਲੂਡ ਕਰ ਰਹੀ ਹਾਂ ਜੀ। ਕਿਰਪਾ ਕਰਕੇ ਇਹ ਦੱਸਿਆ ਜਾਵੇ ਕਿ ਪੀ.ਐਚ.ਡੀ. ਤੱਕ ਦੀ ਫਰੀ ਪੜ੍ਹਾਈ ਦੀ ਗੱਲ ਲਾਗੂ ਕਰੋਗੇ ਜਾਂ ਨਹੀਂ ਕਰੋਗੇ? ਬਹੁਤ-ਬਹੁਤ ਧੰਨਵਾਦ ਜੀ।

**ਸਰਦਾਰ ਲਖਵੀਰ ਸਿੰਘ ਲੱਖਾ (ਪਾਇਲ, ਐਸ.ਸੀ.):** ਧੰਨਵਾਦ, ਡਿਪਟੀ ਸਪੀਕਰ ਸਾਹਿਬ। ਸਰ, ਮੈਂ ਤੁਹਾਡੇ ਜ਼ਰੀਏ ਵਿੱਤ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਪੰਜਾਬ ਅੰਦਰ ਨਵਾਂ ਇਤਿਹਾਸ ਪੈਦਾ ਕੀਤਾ, 500 ਕਰੋੜ ਰੁਪਿਆ ਕੱਚੇ ਮਕਾਨਾਂ ਲਈ ਲਿਆਂਦਾ ਹੈ। ਉਸ ਦੇ ਨਾਲ ਸਾਡੇ ਜਿਹੜੇ ਪੇਂਡੂ ਏਰੀਏ ਵਿੱਚ ਬਗੈਰ ਛੱਤਾਂ ਤੋਂ ਬੈਠੇ ਹਨ, ਉਨ੍ਹਾਂ ਨੂੰ ਕੁਝ ਰਾਹਤ ਮਿਲੇਗੀ, ਉਨ੍ਹਾਂ ਨੂੰ ਮੱਲ੍ਹਮ ਲਗਾਈ ਜਾਵੇਗੀ ਤਾਂ ਕਿ ਉਨ੍ਹਾਂ ਨੂੰ ਰਾਹਤ ਸਹੀ ਤਰੀਕੇ ਨਾਲ ਪਹੁੰਚ ਸਕੇ। ਪ੍ਰਧਾਨ ਮੰਤਰੀ ਯੋਜਨਾ ਰਾਹੀਂ ਕੱਚੇ ਮਕਾਨਾਂ ਦਾ ਕ੍ਰਾਈਟੇਰੀਆ ਬੜਾ ਸਖਤ ਹੈ, ਸਾਡੇ ਪੰਜਾਬ ਲਈ ਵੱਖਰਾ ਹੋਣਾ ਚਾਹੀਦਾ ਹੈ। ਸੈਂਟਰ ਸਰਕਾਰ ਨੇ ਤਾਂ ਕੀਤਾ ਨਹੀਂ ਪਰ ਪੰਜਾਬ ਸਰਕਾਰ ਨੇ ਕੈਪਟਨ ਅਮਰਿੰਦਰ ਸਿੰਘ ਜੀ ਦੀ ਅਗਵਾਈ ਵਿੱਚ 500 ਕਰੋੜ ਰੁਪਿਆ ਕੱਚੇ ਮਕਾਨਾਂ ਲਈ ਰੱਖਿਆ ਹੈ। ਮੈਂ ਉਸ ਲਈ ਵਿੱਤ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ। ਉਸ ਦੇ ਨਾਲ ਹੀ 520 ਕਰੋੜ ਰੁਪਿਆ ਲੈਂਡਲੈਸ ਐਸ.ਸੀ., ਬੀ.ਸੀ. ਲਈ ਸੁਸਾਇਟੀਆਂ ਦੇ ਕਰਜ਼ੇ ਮੁਆਫ ਕਰਨ ਦਾ ਪ੍ਰਾਵਧਾਨ ਕੀਤਾ ਹੈ, ਮੈਂ ਉਸ ਲਈ ਵੀ ਮੁੱਖ ਮੰਤਰੀ ਸਾਹਿਬ ਅਤੇ ਵਿੱਤ

[ਸਰਦਾਰ ਲਖਵੀਰ ਸਿੰਘ ਲੱਖਾ]

ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ। 12ਵੀਂ ਕਲਾਸ ਤੱਕ ਮੁਫਤ ਸਿੱਖਿਆ ਦੇਣ ਲਈ ਮੈਂ ਸਾਰੇ ਪੰਜਾਬ ਵੱਲੋਂ ਅਤੇ ਆਪਣੇ ਹਲਕੇ ਵੱਲੋਂ ਵੀ ਧੰਨਵਾਦ ਕਰਦਾ ਹਾਂ। ਇਸ ਦੇ ਨਾਲ ਹੀ ਮੈਂ ਵਿੱਤ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਜਿਹੜੇ ਸਾਡੇ ਸਟੂਡੈਂਟ ਇੰਟੈਲੀਜੈਂਟ ਹਨ ਅਤੇ ਹੋਰ ਅੱਗੇ ਵਧਣਾ ਚਾਹੁੰਦੇ ਹਨ, ਜਿਹੜੇ ਪ੍ਰਾਈਵੇਟ ਸਕੂਲ ਪੰਜਾਬ ਵਿੱਚ ਚੱਲ ਰਹੇ ਹਨ, ਉਨ੍ਹਾਂ ਵਿੱਚ ਇੰਟੈਲੀਜੈਂਟ ਵਿਦਿਆਰਥੀਆਂ ਨੂੰ ਪੜ੍ਹਨ ਦਾ ਮੌਕਾ ਦਿੱਤਾ ਜਾਵੇ ਤਾਂ ਕਿ ਉਨ੍ਹਾਂ ਨੂੰ ਆਪਣੀ ਵਿੱਦਿਆ ਵਿੱਚ ਹੋਰ ਨਿਖਾਰ ਲਿਆਉਣ ਲਈ ਮਦਦ ਹੋ ਸਕੇ। ਪ੍ਰਾਈਵੇਟ ਸਕੂਲਾਂ ਨੂੰ ਵੀ ਪੰਜਾਬ ਸਰਕਾਰ ਵੱਲੋਂ ਹਦਾਇਤ ਕੀਤੀ ਜਾਵੇ ਜਾਂ ਉਨ੍ਹਾਂ ਸਕੂਲਾਂ ਵਿੱਚ ਰਾਖਵੀਆਂ ਸੀਟਾਂ ਰੱਖੀਆਂ ਜਾਣ ਤਾਂ ਕਿ ਉਹ ਇੰਟੈਲੀਜੈਂਟ ਬੱਚੇ ਵੀ ਆਪਣੀ ਯੋਗਤਾ ਅੱਗੇ ਸਾਬਤ ਕਰ ਸਕਣ। ਬਜਟ ਸੈਸ਼ਨ 2018 ਦੌਰਾਨ ਪੰਜਾਬ ਸਰਕਾਰ ਵੱਲੋਂ, ਮਾਨਯੋਗ ਮੁੱਖ ਮੰਤਰੀ ਜੀ ਅਤੇ ਵਿੱਤ ਮੰਤਰੀ ਜੀ ਵੱਲੋਂ ਮੇਰੇ ਹਲਕੇ ਅੰਦਰ ਦੋਰਾਹਾ ਸ਼ਹਿਰ ਵਿੱਚ ਹਸਪਤਾਲ ਬਣਾਉਣ ਦਾ ਵਾਅਦਾ ਕੀਤਾ ਸੀ, ਹੁਣ ਉਸ ਦੇ 25.03.2020 ਨੂੰ ਟੈਂਡਰ ਖੁੱਲ੍ਹਣੇ ਹਨ। ਮੈਂ ਵਿੱਤ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਉਸ ਲਈ 8.5 ਕਰੋੜ ਰੁਪਿਆ ਟੈਂਡਰਾਂ ਵਿੱਚ ਰੱਖਿਆ ਗਿਆ ਹੈ ਇਸ ਕਰਕੇ ਬਜਟ ਵਿੱਚ ਵੀ 8.5 ਕਰੋੜ ਰੁਪਿਆ ਰੱਖਿਆ ਜਾਵੇ ਤਾਂ ਕਿ ਸਾਡਾ ਹਸਪਤਾਲ ਆਉਣ ਵਾਲੇ ਦਿਨਾਂ ਵਿੱਚ ਕੰਪਲੀਟ ਹੋ ਸਕੇ ਅਤੇ ਦੋਰਾਹਾ ਸ਼ਹਿਰ ਤੇ ਸਾਡੇ ਹਲਕੇ ਨੂੰ ਉਸ ਦੀ ਸਹੂਲਤ ਮਿਲ ਸਕੇ। ਮੇਰੇ ਵੀਰ ਜਿਹੜੇ ਸੱਜੇ ਹੱਥ ਬੈਠੇ ਹਨ, ਉਹ ਕਿਸਾਨੀ ਕਰਜ਼ੇ ਦੀ ਗੱਲ ਕਰਦੇ ਹਨ। ਪਹਿਲੇ ਬਜਟ ਸੈਸ਼ਨ ਵਿੱਚ ਪੰਜਾਬ ਸਰਕਾਰ ਨੇ ਜਿਹੜਾ ਕਰਜ਼ਾ ਮੁਆਫ ਕੀਤਾ ਸੀ, ਉਸ ਵਿੱਚ ਮੇਰੇ ਪਾਇਲ ਹਲਕੇ ਦਾ 40 ਕਰੋੜ 58 ਲੱਖ ਰੁਪਿਆ ਮੁਆਫ ਹੋਇਆ ਸੀ। ਉਸ ਵਿੱਚ 6562 ਲਾਭਪਾਤਰੀਆਂ ਨੂੰ ਲਾਭ ਮਿਲਿਆ ਸੀ, ਇਹ ਵੀ ਪੰਜਾਬ ਸਰਕਾਰ ਅਤੇ ਕੈਪਟਨ ਅਮਰਿੰਦਰ ਸਿੰਘ ਜੀ ਦੀ ਬਹੁਤ ਵੱਡੀ ਉਪਲਬਧੀ ਸੀ। (ਥੰਪਿੰਗ) ਦੂਸਰਾ, ਜਿਹੜੇ ਪੰਜਾਬ ਦੇ ਮਜ਼ਦੂਰ ਹਨ, ਉਹ ਚਾਹੇ ਕਾਰਖਾਨੇਦਾਰ ਹੋਣ, ਭੱਠੇ ਵਾਲੇ ਮਜ਼ਦੂਰ ਹੋਣ, ਖੇਤੀਬਾੜੀ ਵਾਲੇ ਮਜ਼ਦੂਰ ਹੋਣ ਜਾਂ ਹੋਰ ਕਿਸੇ-ਕਿਸਮ ਦੇ ਮਜ਼ਦੂਰ ਹੋਣ, ਉਨ੍ਹਾਂ ਨੂੰ ਦਿਹਾੜੀ ਬਹੁਤ ਘੱਟ ਮਿਲਦੀ ਹੈ। ਉਨ੍ਹਾਂ ਦੀ ਦਿਹਾੜੀ ਵਿੱਚ ਵੀ ਇਜ਼ਾਫਾ ਕੀਤਾ ਜਾਵੇ ਤਾਂ ਕਿ ਸਾਡੇ ਮਜ਼ਦੂਰ ਉਸ ਦਾ ਲਾਭ ਉਠਾ ਸਕਣ। ਮੇਰੇ ਪਾਇਲ ਹਲਕੇ ਅੰਦਰ ਦੇਸ਼ ਦੇ ਪਹਿਲੇ ਸ਼ਹੀਦ ਸੰਤ ਮਹਾਰਾਜ ਜੀ, ਜਿਨ੍ਹਾਂ ਦੀ ਸਲਾਨਾ ਬਰਸੀ 5 ਜੁਲਾਈ ਨੂੰ ਹੁੰਦੀ ਹੈ ਅਤੇ ਉਨ੍ਹਾਂ ਦੇ ਨਾਂ ਤੇ ਪਾਇਲ ਤੋਂ ਕੂਪ ਰੋਡ ਤੱਕ ਮਾਰਗ ਬਣਿਆ ਹੋਇਆ ਹੈ, ਜਿਸ ਦਾ 27 ਮਾਰਚ ਨੂੰ ਟੈਂਡਰ ਲੱਗਣਾ ਹੈ, ਉਸ ਦਾ ਤਕਰੀਬਨ 8 ਕਰੋੜ ਰੁਪਿਆ ਬਣਦਾ ਹੈ, ਉਸ ਲਈ ਵੀ ਮੈਂ ਵਿੱਤ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਉਹ 8 ਕਰੋੜ ਰੁਪਿਆ ਵੀ ਇਸ ਬਜਟ ਵਿੱਚ ਰੱਖਿਆ ਜਾਵੇ ਤਾਂ ਕਿ ਪੰਜਾਬ ਦੇ, ਦੇਸ਼ ਦੇ ਪਹਿਲੇ ਸ਼ਹੀਦ ਸੰਤ ਮਹਾਰਾਜ

ਜੀ ਦੇ ਨਾਂ ਤੇ ਜੋ ਮਾਰਗ ਹੈ, ਉਸ ਦਾ ਨਵੀਨੀਕਰਨ ਕੀਤਾ ਜਾਵੇ। ਇਸੇ ਤਰ੍ਹਾਂ ਸਾਡੇ ਪਾਇਲ ਹਲਕੇ ਅੰਦਰ ਸੰਤ ਈਸ਼ਰ ਸਿੰਘ ਜੀ, ਜਿਨ੍ਹਾਂ ਨੇ ਬਹੁਤ ਭਗਤੀ ਕੀਤੀ ਹੈ, ਜਿਨ੍ਹਾਂ ਦਾ ਪੰਜਾਬ ਅਤੇ ਦੁਨੀਆਂ ਵਿੱਚ ਬਹੁਤ ਨਾਂ ਹੈ, ਉਨ੍ਹਾਂ ਦੇ ਨਾਂ ਤੇ ਬਣੀ ਸੜਕ ਦੀ ਬਹੁਤ ਮਾੜੀ ਹਾਲਤ ਹੈ ਅਤੇ 27 ਮਾਰਚ ਨੂੰ ਇਸ ਦੇ ਵੀ ਟੈਂਡਰ ਲੱਗੇ ਹੋਏ ਹਨ। ਸੋ, ਮੈਂ ਵਿੱਤ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਉਹ 6 ਕਰੋੜ ਰੁਪਿਆ ਵੀ ਇਸ ਬਜਟ ਵਿੱਚ ਰੱਖਿਆ ਜਾਵੇ ਤਾਂ ਕਿ ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦੀ ਬਰਸੀ, ਜੋ ਕਿ 26 ਅਗਸਤ ਨੂੰ ਹੁੰਦੀ ਹੈ ਉਸ ਬਰਸੀ ਤੋਂ ਪਹਿਲਾਂ-ਪਹਿਲਾਂ ਉਸ ਸੜਕ ਨੂੰ ਬਣਾਇਆ ਜਾਵੇ। ਵਿੱਤ ਮੰਤਰੀ ਜੀ ਨੇ ਆਸ਼ਵਾਸਨ ਦਿੱਤਾ ਸੀ ਕਿ ਆਉਣ ਵਾਲੇ ਦਿਨਾਂ ਵਿੱਚ ਅਸੀਂ ਦੋ ਹਜ਼ਾਰ ਰੁਪਏ ਪੈਨਸ਼ਨ ਕਰ ਦੇਵਾਂਗੇ, ਇਸ ਸਾਲ ਵੀ ਜਿਹੜੀ ਬੁਢਾਪਾ/ ਵਿਧਵਾ/ ਅੰਗਹੀਣ ਪੈਨਸ਼ਨ ਹੈ, ਉਸ ਦਾ ਵੀ 250/-ਰੁਪਿਆ ਵਧਾਇਆ ਜਾਵੇ ਤਾਂ ਕਿ ਜਿਹੜੇ ਸਾਡੇ ਗਰੀਬ ਪਰਿਵਾਰ ਹਨ, ਉਨ੍ਹਾਂ ਨੂੰ ਰਾਹਤ ਮਿਲ ਸਕੇ। (ਥੰਪਿੰਗ) ਜਿਹੜੀਆਂ ਐਸ.ਸੀ. ਅਤੇ ਬੀ.ਸੀ. ਕਾਰਪੋਰੇਸ਼ਨਾਂ ਹੁੰਦੀਆਂ ਸਨ, ਉਨ੍ਹਾਂ ਵਿੱਚ ਸਵਰਗੀ ਗਿਆਨੀ ਜ਼ੈਲ ਸਿੰਘ ਜੀ ਅਤੇ ਸਵਰਗੀ ਸਰਦਾਰ ਬੇਅੰਤ ਸਿੰਘ ਜੀ ਨੇ ਐਸ.ਸੀਜ਼/ ਬੀ.ਸੀਜ਼. ਲਈ ਲੋਨ ਦਾ ਪ੍ਰਾਵਧਾਨ ਕੀਤਾ ਸੀ, ਜਦੋਂ ਕਿਸੇ ਗਰੀਬ-ਗੁਰਬੇ ਨੂੰ ਲੋੜ ਹੁੰਦੀ ਸੀ ਤਾਂ ਉਹ ਕਾਰਪੋਰੇਸ਼ਨਾਂ ਵਿੱਚੋਂ ਲੋਨ ਲੈ ਲੈਂਦੇ ਸਨ। ਉਸ ਕਾਰਪੋਰੇਸ਼ਨ ਵਿੱਚ 50 ਹਜ਼ਾਰ ਦਾ ਲੋਨ, ਇੱਕ ਲੱਖ ਤੱਕ ਦਾ ਲੋਨ ਜਾਂ ਦੋ ਲੱਖ ਤੱਕ ਦੇ ਲੋਨ ਦਾ ਪ੍ਰਾਵਧਾਨ ਇਸ ਬਜਟ ਵਿੱਚ ਕੀਤਾ ਜਾਵੇ ਤਾਂ ਕਿ ਗਰੀਬ ਪਰਿਵਾਰਾਂ ਨੂੰ ਉਸ ਵਿੱਚੋਂ ਲੋਨ ਮਿਲ ਸਕੇ। ਜਿਹੜੇ ਐਸ.ਸੀ. ਕਾਰਪੋਰੇਸ਼ਨਾਂ ਦੇ ਪਿਛਲੇ ਸਮਿਆਂ ਵਿੱਚ ਕਰਜ਼ੇ ਮੁਆਫ ਹੋਏ ਸਨ, ਉਸ ਵਿੱਚ ਮੇਰੇ ਹਲਕੇ ਦੇ 70 ਕੇਸਾਂ ਵਿੱਚ 23,64,466 ਲੱਖ ਰੁਪਿਆ ਕਰਜ਼ਾ ਮੁਆਫ ਹੋਇਆ ਸੀ, ਇਸ ਲਈ ਵੀ ਮੈਂ ਕੈਪਟਨ ਅਮਰਿੰਦਰ ਸਿੰਘ ਜੀ ਅਤੇ ਵਿੱਤ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ। ਇਸ ਤੋਂ ਇਲਾਵਾ ਮੈਂ ਇੱਕ ਹੋਰ ਬੇਨਤੀ ਕਰਦਾ ਹਾਂ ਕਿ ਜਿਹੜੀਆਂ ਪਿੰਡਾਂ ਦੇ ਅੰਦਰ ਕਾਰਪੋਰੇਸ਼ਨ ਸੁਸਾਇਟੀਆਂ/ ਬੈਂਕ ਹਨ, ਉਨ੍ਹਾਂ ਵਿੱਚ ਐਸ.ਸੀ. ਜਾਂ ਬੀ.ਸੀ. ਭਰਾਵਾਂ ਨੂੰ ਲੋਨ ਲੈਣ ਵੇਲੇ ਗਵਾਹੀ ਦੀ ਲੋੜ ਹੁੰਦੀ ਹੈ। ਸਾਡੇ ਗਰੀਬ ਪਰਿਵਾਰਾਂ ਦੀ ਕੋਈ ਗਵਾਹੀ ਨਹੀਂ ਪਾਉਂਦਾ ਅਤੇ ਹਰ ਕੋਈ ਉਨ੍ਹਾਂ ਦੀ ਗਵਾਹੀ ਪਾਉਣ ਤੋਂ ਭੱਜਦਾ ਹੈ। ਮੈਂ ਇਸ ਲਈ ਵਿੱਤ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਬਜਟ ਵਿੱਚ ਇਸ ਦਾ ਵੀ ਪ੍ਰਾਵਧਾਨ ਕੀਤਾ ਜਾਵੇ। ਉਨ੍ਹਾਂ ਨੂੰ ਬਿਨਾਂ ਗਵਾਹੀ ਤੋਂ 10- 20 ਹਜ਼ਾਰ ਰੁਪਏ ਤੱਕ ਦਾ ਕਰਜ਼ਾ ਦਿੱਤਾ ਜਾਵੇ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਮੌਕਾ ਦਿੱਤਾ। ਜਿਹੜਾ ਇਸ ਵਾਰ ਵਿੱਤ ਮੰਤਰੀ ਜੀ ਨੇ ਬਜਟ ਪੇਸ਼ ਕੀਤਾ ਹੈ, ਉਹ ਬਹੁਤ ਵਧੀਆ ਅਤੇ ਪੰਜਾਬ ਨੂੰ ਅੱਗੇ ਲੈ ਕੇ ਜਾਣ ਵਾਲਾ ਹੈ। ਇਸ ਤੋਂ

[ਸਰਦਾਰ ਲਖਵੀਰ ਸਿੰਘ ਲੱਖਾ]

ਇਲਾਵਾ ਜਿਹੜੀ ਸਾਡੇ ਗਰੀਬਾਂ ਦੀ ਬਾਂਹ ਫੜੀ ਹੈ, ਉਸ ਲਈ ਮੈਂ ਵਿੱਤ ਮੰਤਰੀ ਜੀ ਦਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ। ਧੰਨਵਾਦ ਜੀ।

**Mr. Deputy Speaker:** Thank you, thank you. ਹਾਂ ਜੀ, ਸ਼੍ਰੀ ਦਲਵੀਰ ਸਿੰਘ ਗੋਲਡੀ ਜੀ।

**ਸ਼੍ਰੀ ਦਲਵੀਰ ਸਿੰਘ ਗੋਲਡੀ :** ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਮੈਂ ਬੜੇ ਵਧੀਆ ਤਰੀਕੇ ਨਾਲ ਤਿਆਰੀ ਕਰਕੇ ਆਇਆ ਹਾਂ। ਇਸ ਲਈ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮੈਨੂੰ ਕੱਲ੍ਹ ਬੋਲਣ ਦਿੱਤਾ ਜਾਵੇ ਕਿਉਂਕਿ ਮੈਨੂੰ ਹੁਣ ਜ਼ਿਆਦਾ ਸਮਾਂ ਨਹੀਂ ਮਿਲਣਾ।

**ਮਾਨਯੋਗ ਡਿਪਟੀ ਸਪੀਕਰ:** ਠੀਕ ਹੈ ਜੀ। ਹਾਂ ਜੀ, ਸਰਦਾਰ ਸੁਰਜੀਤ ਸਿੰਘ ਧੀਮਾਨ ਜੀ।

**ਸਰਦਾਰ ਸੁਰਜੀਤ ਸਿੰਘ ਧੀਮਾਨ (ਅਮਰਗੜ੍ਹ):** ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦਾ ਬਹੁਤ-ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਸਾਲ 2020-21 ਦੇ ਬਜਟ ਉੱਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਸਤਿਕਾਰਯੋਗ ਮੁੱਖ ਮੰਤਰੀ ਸਾਹਿਬ ਦਾ ਧੰਨਵਾਦੀ ਹਾਂ ਜਿਨ੍ਹਾਂ ਦੀ ਯੋਗ ਅਗਵਾਈ ਅਤੇ ਅਗਾਂਹਵਧੂ ਰਹਿਨੁਮਾਈ ਹੇਠ ਮਾਨਯੋਗ ਵਿੱਤ ਮੰਤਰੀ ਜੀ ਨੇ ਸਾਲ 2020-21 ਦਾ ਬਹੁਤ ਹੀ ਵਧੀਆ ਬਜਟ ਪੇਸ਼ ਕੀਤਾ ਹੈ ਔਰ ਪੰਜਾਬ ਦੇ ਹਰੇਕ ਵਰਗ ਦਾ ਧਿਆਨ ਰੱਖਿਆ ਹੈ। ਮੈਂ ਇਸ ਲਈ ਵੀ ਵਿੱਤ ਮੰਤਰੀ ਜੀ ਦਾ ਬਹੁਤ-ਬਹੁਤ ਧੰਨਵਾਦੀ ਹਾਂ। ਡਿਪਟੀ ਸਪੀਕਰ ਸਾਹਿਬ, ਵਿਰਸੇ ਵਿੱਚ ਮੇਰੇ ਪੰਜਾਬ ਦੀ ਬਹੁਤ ਹੀ ਖਸਤਾ ਵਿੱਤੀ ਹਾਲਤ ਤੇ ਚੱਲਦਿਆਂ ਲਗਾਤਾਰ ਪਿਛਲੇ ਤਿੰਨ ਸਾਲ ਕੋਸ਼ਿਸ਼ਾਂ, ਉੱਦਮਾਂ ਤੋਂ ਬਾਅਦ ਇਹ ਬਜਟ ਬਹੁਤ ਹੀ ਸਰਾਹੁਣਾਯੋਗ ਹੈ। ਮੈਂ ਮਾਨਯੋਗ ਵਿੱਤ ਮੰਤਰੀ ਜੀ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਪੰਜਾਬ ਦੇ ਵਸਨੀਕਾਂ ਲਈ ਸਿੱਖਿਆ ਦੀ ਮਹੱਤਤਾ ਨੂੰ ਵਧਾਉਣ ਨੂੰ ਮੱਦੇਨਜ਼ਰ ਰੱਖਦਿਆਂ ਹੋਇਆਂ ਦਸਵੀਂ ਤੋਂ ਬਾਰ੍ਹਵੀਂ ਤੱਕ ਦੀ ਸਿੱਖਿਆ ਬਿਲਕੁਲ ਮੁਫਤ ਦੇਣ ਦੀ ਸੁਵਿਧਾ ਪ੍ਰਦਾਨ ਕੀਤੀ ਹੈ ਅਤੇ ਇਸ ਦੇ ਨਾਲ ਹੀ ਸਕੂਲਾਂ ਦੇ ਕਲਾਸ ਰੂਮ ਅਤੇ ਹੋਰ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਦਾ ਬਹੁਤ ਵੱਡਾ ਉਪਰਾਲਾ ਕੀਤਾ ਹੈ। ਇਸ ਲਈ ਮੈਂ ਵਿੱਤ ਮੰਤਰੀ ਜੀ ਦਾ ਬਹੁਤ ਧੰਨਵਾਦ ਕਰਦਾ ਹਾਂ। ਇਸ ਦੇ ਨਾਲ ਹੀ ਪੰਜਾਬ ਦੇ ਸਮੂਹ ਕਰਮਚਾਰੀਆਂ ਨੂੰ 6 % ਮਹਿੰਗਾਈ ਭੱਤੇ ਦੀ ਕਿਸ਼ਤ ਦੇਣ ਦਾ ਵਾਅਦਾ ਕੀਤਾ ਹੈ, ਮੈਂ ਉਸ ਲਈ ਵੀ ਧੰਨਵਾਦ ਕਰਦਾ ਹਾਂ। ਇੱਕ ਹੋਰ ਸਾਰਥਕ ਉੱਦਮ ਸਰਕਾਰ ਨੇ ਕੀਤਾ ਹੈ ਕਿ ਰਿਟਾਇਰਮੈਂਟ ਉਪਰੰਤ ਦੋ ਸਾਲ ਦੇ ਵਾਧੇ ਨੂੰ ਰੱਦ ਕਰਕੇ ਰਿਟਾਇਰਮੈਂਟ ਦੀ ਉਮਰ 58 ਸਾਲ ਕਰ ਦਿੱਤੀ ਹੈ, ਮੈਂ ਇਸ ਲਈ ਵੀ ਵਧਾਈ ਦਿੰਦਾ ਹਾਂ। ਇਸ ਨਾਲ ਰਿਟਾਇਰ ਹੋਣ ਵਾਲੇ ਕਰਮਚਾਰੀਆਂ ਦੀ ਥਾਂ ਤੇ ਪੰਜਾਬ ਦੇ ਨੌਜਵਾਨਾਂ ਦੀਆਂ ਸਰਕਾਰੀ ਨੌਕਰੀਆਂ ਵਿੱਚ ਭਰਤੀ ਦਾ ਰਾਹ ਖੁੱਲ੍ਹੇਗਾ। ਮੈਂ ਇਸ ਦੇ ਲਈ ਵੀ ਬਹੁਤ-ਬਹੁਤ ਧੰਨਵਾਦੀ ਹਾਂ। ਸਰਕਾਰੀ

ਕਰਮਚਾਰੀਆਂ ਦੀ ਪੇਅ ਕਮਿਸ਼ਨ ਦੀ ਪ੍ਰਵਾਨਗੀ ਵੀ ਇੱਕ ਸ਼ਲਾਘਾਯੋਗ ਕਦਮ ਹੈ। ਪ੍ਰਾਇਮਰੀ ਤੱਕ ਸਕੂਲੀ ਬੱਚਿਆਂ ਦੀ ਮੁਫਤ ਬੱਸ ਸੇਵਾ, ਬਚਪਨ ਵਿੱਚ ਸਿਖਲਾਈ ਸਕੀਮ ਵੀ ਬਹੁਤ ਸ਼ਲਾਘਾਯੋਗ ਕਦਮ ਹੈ। ਇਸ ਦੇ ਲਈ ਮੈਂ ਬਹੁਤ-ਬਹੁਤ ਧੰਨਵਾਦੀ ਹਾਂ। ਇਸ ਦੇ ਨਾਲ ਕਿਸਾਨਾਂ ਅਤੇ ਬੇਜ਼ਮੀਨੇ ਮਜ਼ਦੂਰਾਂ ਦੇ ਕਰਜ਼ਿਆਂ ਦੀ ਮੁਆਫੀ ਲਈ ਕ੍ਰਮਵਾਰ 1480 ਕਰੋੜ ਰੁਪਏ ਅਤੇ 572 ਕਰੋੜ ਰੁਪਏ ਦਾ ਬਜਟ ਵਿੱਚ ਉਪਬੰਧ ਕੀਤਾ ਗਿਆ ਹੈ। ਮੈਂ ਇਸ ਲਈ ਵੀ ਖਜ਼ਾਨਾ ਮੰਤਰੀ ਸਾਹਿਬ ਦਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ ਜੀ। ਪ੍ਰਧਾਨ ਮੰਤਰੀ ਆਵਾਸ ਯੋਜਨਾ ਦੀ ਤਰਜ਼ ਤੇ ਪੰਜਾਬ ਪੇਂਡੂ ਆਵਾਸ ਯੋਜਨਾ ਲਾਗੂ ਕਰਨ ਦੀ ਤਜਵੀਜ਼ ਵੀ ਬਹੁਤ ਹੀ ਸ਼ਲਾਘਾਯੋਗ ਹੈ ਜਿਸ ਦੇ ਅਧੀਨ 10 ਹਜ਼ਾਰ ਕੱਚੇ, ਅੱਧ-ਕੱਚੇ ਮਕਾਨਾਂ ਵਾਲੇ ਸਿਆਸੀ ਵਿਤਕਰੇ ਤੋਂ ਪੀੜਤ ਲੋਕਾਂ ਨੂੰ ਲਾਭ ਮਿਲੇਗਾ ਅਤੇ ਉਨ੍ਹਾਂ ਦੇ ਮਕਾਨ ਵੀ ਪੱਕੇ ਹੋ ਸਕਣਗੇ। ਇਹ ਵੀ ਬਹੁਤ ਸ਼ਲਾਘਾਯੋਗ ਕਦਮ ਹੈ। ਮੈਂ ਖਜ਼ਾਨਾ ਮੰਤਰੀ ਸਾਹਿਬ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਸਾਲ 2017 ਦੇ ਵਿੱਚ ਸਰਕਾਰ ਬਣਨ ਤੋਂ ਪਹਿਲਾਂ ਗਰੀਬ ਲੋਕਾਂ ਦੇ ਨਾਲ ਇੱਕ ਬਹੁਤ ਵੱਡਾ ਵਾਅਦਾ ਕੀਤਾ ਸੀ। ਮੈਂ ਸਮਝਦਾ ਹਾਂ ਕਿ ਬੇਸ਼ੱਕ ਅਸੀਂ ਇੱਕ ਕਦਮ ਉਸ ਦਾ ਪੁੱਟਿਆ ਹੈ। ਅਸੀਂ ਗਰੀਬ ਲੋਕਾਂ ਵਾਸਤੇ 2000/- ਰੁਪਏ ਪੈਨਸ਼ਨ ਦੇਣ ਦਾ ਵਾਅਦਾ ਕੀਤਾ ਹੈ। ਇਸ ਦੇ ਨਾਲ ਹੀ ਗਰੀਬ ਲੋਕਾਂ ਦੀਆਂ ਲੜਕੀਆਂ ਨੂੰ ਸ਼ਗਨ ਸਕੀਮ ਵਾਸਤੇ 51,000 ਰੁਪਏ ਦੇਣ ਦਾ ਵਾਅਦਾ ਕੀਤਾ ਹੈ। ਇਹ ਪਹਿਲੀ ਵਾਰੀ ਹੋਇਆ ਹੈ ਕਿ ਪੰਜਾਬ ਸਰਕਾਰ ਨੇ ਪਹਿਲੇ ਸਾਲ ਦੇ ਵਿੱਚ 250/- ਰੁਪਏ ਦਾ ਵਾਧਾ ਕਰ ਦਿੱਤਾ ਹੈ ਅਤੇ ਨਾਲ ਦੀ ਨਾਲ 5000/- ਰੁਪਏ ਦਾ ਵਾਧਾ ਵੀ ਸ਼ਗਨ ਸਕੀਮ ਵਿੱਚ ਕੀਤਾ ਹੈ। ਮੈਂ ਆਸ ਕਰਦਾ ਹਾਂ ਕਿ ਮਾਰਚ ਦੇ ਮਹੀਨੇ ਵਿੱਚ 250/- ਰੁਪਏ ਵਧਾ ਕੇ 1000/- ਰੁਪਏ ਪੈਨਸ਼ਨ ਕੀਤੀ ਜਾਵੇਗੀ ਅਤੇ 5000/- ਰੁਪਏ ਦਾ ਵਾਧਾ ਕਰਕੇ 25,000/- ਰੁਪਏ ਸ਼ਗਨ ਸਕੀਮ ਦਾ ਕੀਤਾ ਜਾਵੇ ਤਾਂ ਕਿ ਗਰੀਬ ਲੋਕਾਂ ਨੂੰ ਰਾਹਤ ਮਿਲ ਸਕੇ। ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦਾ ਧਿਆਨ ਹਲਕਾ ਅਮਰਗੜ੍ਹ ਦੇ ਕੁਝ ਕੰਮਾਂ ਵੱਲ ਦਿਵਾਉਣਾ ਚਾਹੁੰਦਾ ਹਾਂ। ਅਹਿਮਦਗੜ੍ਹ ਮੰਡੀ ਦੀ ਸਬ-ਡਵੀਜ਼ਨ ਨੂੰ ਸਾਲ 2016 ਵਿੱਚ ਦਰਜਾ ਮਿਲਿਆ। ਇਸ ਸਬ ਡਵੀਜ਼ਨ ਦੇ ਵਿੱਚ 53 ਪਿੰਡ ਪੈਂਦੇ ਹਨ। ਮੈਨੂੰ ਅੱਜ ਬਹੁਤ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਮੈਂ 3 ਸਾਲ ਤੋਂ ਜੱਦੋ-ਜਹਿਦ ਕਰਦਾ ਆ ਰਿਹਾ ਹਾਂ। ਮੇਰੇ ਸਵਾਲ ਦਾ ਜਵਾਬ ਬਹੁਤ ਹੀ ਸਤਿਕਾਰਯੋਗ ਮੁੱਖ ਮੰਤਰੀ ਸਾਹਿਬ ਨੇ ਮੈਨੂੰ ਦਿੱਤਾ ਸੀ ਕਿ ਇੱਕ ਸਾਲ ਦੇ ਵਿੱਚ-ਵਿੱਚ ਅਹਿਮਦਗੜ੍ਹ ਦੀ ਸਬ-ਡਵੀਜ਼ਨ ਤਿਆਰ ਕਰਕੇ ਦਿੱਤੀ ਜਾਵੇਗੀ ਪਰ ਮੈਨੂੰ ਉਸ ਦਾ ਕੋਈ ਰਿਜ਼ਲਟ ਨਹੀਂ ਮਿਲ ਸਕਿਆ। ਦੂਜੀ ਵਾਰੀ ਫਿਰ ਇਹੀ ਸਵਾਲ ਇਸ ਵਿਧਾਨ ਸਭਾ ਵਿੱਚ ਆਇਆ ਅਤੇ ਉਦੋਂ ਸਤਿਕਾਰਯੋਗ ਸੁੱਖ ਸਰਕਾਰੀਆ ਜੀ ਨੇ ਜਵਾਬ ਦਿੰਦਿਆਂ ਇਹ ਗੱਲ ਆਖੀ ਕਿ ਜਦੋਂ ਵੀ ਮਹਿਕਮੇ ਵੱਲੋਂ NOC ਮਿਲ ਗਿਆ ਤਾਂ ਅਸੀਂ ਸਬ-ਡਵੀਜ਼ਨ ਬਣਾ ਦੇਵਾਂਗੇ ਪਰ ਅੱਜ

[ਸਰਦਾਰ ਸੁਰਜੀਤ ਸਿੰਘ ਧੀਮਾਨ]

ਤੱਕ ਉਸ ਤੇ ਕੋਈ ਕਾਰਵਾਈ ਨਹੀਂ ਹੋਈ। ਇਸ ਵਾਰ ਫਿਰ ਵਿਧਾਨ ਸਭਾ ਦੇ ਵਿੱਚ ਮੇਰਾ ਸਵਾਲ ਆਇਆ ਹੈ। ਮੈਨੂੰ ਫਿਰ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਉਸ ਦਾ ਸਾਡੇ ਬਹੁਤ ਹੀ ਸਤਿਕਾਰਯੋਗ ਗੁਰਪ੍ਰੀਤ ਕਾਂਗੜ ਜੀ ਨੇ ਇਹ ਜਵਾਬ ਦਿੱਤਾ ਕਿ ਜਦੋਂ ਕੋਈ NOC ਮਿਲ ਗਈ ਫਿਰ ਅਸੀਂ ਉਸ ਨੂੰ ਬਣਾ ਸਕਦੇ ਹਾਂ ਪਰ ਡਿਪਟੀ ਸਪੀਕਰ ਸਾਹਿਬ, ਜੇਕਰ ਸਰਕਾਰ ਨੂੰ NOC ਨਹੀਂ ਮਿਲਦੀ ਤਾਂ ਆਮ ਲੋਕ NOC ਕਿਵੇਂ ਲੈ ਸਕਣਗੇ? ਮੈਂ ਇਸ ਕਰਕੇ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਤੇ ਗੌਰ ਕੀਤੀ ਜਾਵੇ ਕਿਉਂਕਿ 53 ਪਿੰਡ ਪੈਂਦੇ ਹਨ। ਲੋਕਾਂ ਨੂੰ ਬਹੁਤ ਹੀ ਖੱਜਲ-ਖੁਆਰੀ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿੰਨਾ ਚਿਰ ਤੱਕ ਸਬ-ਡਵੀਜ਼ਨ ਵਿੱਚ ਸਰਕਾਰੀ ਦਫਤਰ ਨਹੀਂ ਬਣਦੇ ਓਨਾ ਚਿਰ ਤੱਕ ਕੰਮਾਂ ਦੀ ਰਫਤਾਰ ਤੇਜ਼ ਨਹੀਂ ਹੋ ਸਕਦੀ। ਸੋ, ਮੈਂ ਮੁੱਖ ਮੰਤਰੀ ਸਾਹਿਬ ਅਤੇ ਖਜ਼ਾਨਾ ਮੰਤਰੀ ਸਾਹਿਬ ਤੋਂ ਆਸ ਕਰਦਾ ਹਾਂ ਕਿ ਇਸ ਤੇ ਗੌਰ ਕਰਕੇ ਛੇਤੀ ਤੋਂ ਛੇਤੀ ਸਬ-ਡਵੀਜ਼ਨ ਦਾ ਕੰਪਲੈਕਸ ਤਿਆਰ ਕਰਕੇ ਦਿੱਤਾ ਜਾਵੇ। ਡਿਪਟੀ ਸਪੀਕਰ ਸਾਹਿਬ, ਇਸੇ ਤਰ੍ਹਾਂ ਪਿਛਲੇ ਬਜਟ ਵਿੱਚ ਉਦਯੋਗਿਕ ਸਿਖਲਾਈ ਸੰਸਥਾਵਾਂ ਸਥਾਪਿਤ ਕਰਨ ਦੀ ਗੱਲ ਹੋਈ ਸੀ। ਮੈਂ ਸਮਝਦਾ ਹਾਂ ਕਿ ਇਸ ਬਜਟ ਵਿੱਚ ਉਦਯੋਗਿਕ ਸਿਖਲਾਈ ਸੰਸਥਾਵਾਂ ਦਾ ਕੋਈ ਜ਼ਿਕਰ ਨਹੀਂ ਆਇਆ। ਮੈਨੂੰ ਇਹ ਦੱਸਿਆ ਜਾਵੇ ਕਿ ਇਹ ਉਦਯੋਗਿਕ ਸਿਖਲਾਈ ਸੰਸਥਾਵਾਂ ਚਾਲੂ ਹੋਣਗੀਆਂ ਜਾਂ ਨਹੀਂ ਹੋਣਗੀਆਂ? ਜੇਕਰ ਚਾਲੂ ਹੋਣਗੀਆਂ ਤਾਂ ਕਦੋਂ ਤੱਕ ਹੋਣਗੀਆਂ? ਮੈਂ ਖਜ਼ਾਨਾ ਮੰਤਰੀ ਸਾਹਿਬ ਨੂੰ ਵਿਸ਼ੇਸ਼ ਤੌਰ ਤੇ ਬੇਨਤੀ ਕਰਦਾ ਹਾਂ ਕਿ ਇਸ ਲਈ ਫੰਡ ਵਾਸਤੇ ਜ਼ਰੂਰ ਇੰਤਜ਼ਾਮ ਕੀਤਾ ਜਾਵੇ ਕਿਉਂਕਿ ਇਹ ਪੇਂਡੂ ਏਰੀਆ ਹੈ। ਜੇਕਰ ਸਾਡੇ ਪੜ੍ਹੇ ਲਿਖੇ ਨੌਜਵਾਨ ਪ੍ਰੈਕਟੀਕਲ ਤੌਰ ਉੱਤੇ ਸਿਖਲਾਈ ਵਿੱਚ ਰਹਿਣਗੇ ਤਾਂ ਹੀ ਉਹ ਆਪਣੇ ਪੈਰਾਂ ਤੇ ਖੜ੍ਹੇ ਹੋ ਸਕਣਗੇ ਕਿਉਂਕਿ ਸੰਗਰੂਰ ਜ਼ਿਲ੍ਹੇ ਵਿੱਚ ਐਗਰੀਕਲਚਰਲ ਇੰਪਲੀਮੈਂਟਸ ਦੀ ਇੰਡਸਟਰੀ ਬਹੁਤ ਜ਼ਿਆਦਾ ਹੈ ਅਤੇ ਉੱਥੋਂ ਜਦੋਂ ਬੇਰੁਜ਼ਗਾਰ ਲੋਕ ਟ੍ਰੇਨਿੰਗ ਲੈ ਲੈਣਗੇ ਤਾਂ ਉਨ੍ਹਾਂ ਨੂੰ ਰੁਜ਼ਗਾਰ ਜ਼ਰੂਰ ਮਿਲੇਗਾ।

ਇਸੇ ਤਰ੍ਹਾਂ ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਇੱਕ ਬਹੁਤ ਹੀ ਅਹਿਮ ਕੰਮ ਬਾਰੇ ਗੱਲ ਕਰਨੀ ਚਾਹੁੰਦਾ ਹਾਂ ਕਿ ਅਮਰਗੜ੍ਹ ਦਾ ਬਾਈਪਾਸ ਬਣਨਾ ਹੈ ਅਤੇ ਅਮਰਗੜ੍ਹ ਕਸਬੇ ਦਾ ਰਸਤਾ ਬਹੁਤ ਹੀ ਤੰਗ ਹੈ। ਟ੍ਰੈਫਿਕ ਦੀ ਬਹੁਤ ਹੀ ਜ਼ਿਆਦਾ ਸਮੱਸਿਆ ਆਉਂਦੀ ਹੈ। ਕਿਤੇ ਨਾ ਕਿਤੇ ਕੋਈ ਐਮਰਜੈਂਸੀ ਆ ਜਾਵੇ ਤਾਂ ਇਸ ਕਾਰਨ ਬਹੁਤ ਨੁਕਸਾਨ ਹੁੰਦਾ ਹੈ। ਮੈਂ ਪਹਿਲਾਂ ਵੀ ਇਸ ਸਬੰਧੀ ਮਾਨਯੋਗ ਮੁੱਖ ਮੰਤਰੀ ਸਾਹਿਬ ਨੂੰ ਮਿਲ ਕੇ ਬੇਨਤੀ ਕਰ ਚੁੱਕਿਆ ਹਾਂ, ਉਨ੍ਹਾਂ ਨੇ ਮੈਨੂੰ ਭਰੋਸਾ ਵੀ ਦਿੱਤਾ ਹੈ ਪਰ ਮੈਨੂੰ ਅਫਸੋਸ ਇਸ ਗੱਲ ਦਾ ਹੈ ਕਿ ਭਰੋਸੇ ਦੇ ਬਾਵਜੂਦ ਵੀ, ਉਨ੍ਹਾਂ ਨੇ ਮਾਨਯੋਗ ਮੰਤਰੀ ਸ਼੍ਰੀ ਵਿਜੈ ਇੰਦਰ ਸਿੰਗਲਾ ਜੀ ਨੂੰ ਆਪਣੇ ਕੋਲ ਬੁਲਾ ਕੇ ਬਾਈਪਾਸ ਸਬੰਧੀ ਕਿਹਾ ਸੀ ਕਿ ਇਸ ਸੈਸ਼ਨ ਦੇ ਵਿੱਚ ਪਾਇਆ ਜਾਵੇ ਪਰ ਜਿਹੜਾ ਪ੍ਰਸ਼ਨ ਮੈਂ

ਲਗਾਇਆ ਸੀ, ਉਸ ਦਾ ਜਵਾਬ 'ਨਾਂਹ' ਦੇ ਵਿੱਚ ਆਇਆ ਹੈ। ਸੋ, ਮੈਂ ਆਪ ਜੀ ਰਾਹੀਂ ਮੁੱਖ ਮੰਤਰੀ ਸਾਹਿਬ ਅਤੇ ਫਾਈਨਾਂਸ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਜਿਹੜਾ ਜਵਾਬ 'ਨਾਂਹ' ਦੇ ਵਿੱਚ ਆਇਆ ਹੈ, ਇਸ ਨੂੰ 'ਹਾਂ' ਦੇ ਵਿੱਚ ਬਦਲ ਕੇ ਬਾਈਪਾਸ ਨੂੰ ਬਣਾਇਆ ਜਾਵੇ। ਇਸ ਤੋਂ ਬਾਅਦ ਮੈਂ ਗੱਲ ਕਰਾਂਗਾ ਕਿ ਅਮਰਗੜ੍ਹ ਵਿਖੇ ਇੱਕ ਸੀਨੀਅਰ ਸੈਕੰਡਰੀ ਸਕੂਲ ਹੈ, ਉੱਥੇ ਇੱਕ ਇਨਡੋਰ ਸਟੇਡੀਅਮ ਬਣਨ ਵਾਲਾ ਹੈ। ਇਸ ਸਕੂਲ ਦੇ ਗਰਾਊਂਡ ਨੇ ਬਹੁਤ ਵਧੀਆ ਖਿਡਾਰੀ ਪੈਦਾ ਕੀਤੇ ਹਨ ਜਿਨ੍ਹਾਂ ਨੇ ਬਹੁਤ ਮੱਲ੍ਹਾਂ ਮਾਰੀਆਂ ਹਨ। ਅੱਜ ਉਹ ਬੱਚੇ ਬਹੁਤ ਵੱਡੇ-ਵੱਡੇ ਰੁਤਬਿਆਂ ਉੱਤੇ ਬਿਰਾਜਮਾਨ ਹਨ। ਮੈਂ ਚਾਹੁੰਦਾ ਹਾਂ ਕਿ ਖਜ਼ਾਨਾ ਮੰਤਰੀ ਜੀ ਇਸ ਸਬੰਧੀ ਬਜਟ ਵਿੱਚ ਕੁਝ ਨਾ ਕੁਝ ਪੈਸੇ ਰੱਖ ਦੇਣ ਤਾਂ ਜੋ ਸਾਡਾ ਸਟੇਡੀਅਮ ਬਣ ਸਕੇ। ਇਸ ਦੇ ਨਾਲ ਹੀ ਮੈਂ ਇੱਕ ਹੋਰ ਗੱਲ ਕਹਿਣੀ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿੱਚ ਕੁਝ ਸੜਕਾਂ 10 ਫੁੱਟ ਤੋਂ 18 ਫੁੱਟ ਹੋਣ ਵਾਲੀਆਂ ਹਨ। ਇਹ ਸੜਕਾਂ ਚੌੜੀਆਂ ਹੋਣ ਨਾਲ ਟਰੈਫਿਕ ਦੀ ਸਮੱਸਿਆ ਲਗਭਗ ਹੱਲ ਹੋ ਸਕਦੀ ਹੈ। ਜਿਹੜੀ ਮੇਰੀ ਪਹਿਲੀ ਸੜਕ ਹੈ, ਉਹ ਖੰਨਾ ਰੋਡ ਤੋਂ ਰੁੜਕੀ ਕਲਾਂ ਵਾਇਆ ਮੰਨਵੀ ਚੌਂਦਾ ਹੈ, ਇਸ ਦੀ ਲੰਬਾਈ ਲਗਭਗ ਸਾਢੇ ਸੱਤ ਕਿਲੋਮੀਟਰ ਹੈ, ਇਸ ਨੂੰ ਚੌੜਾ ਕੀਤਾ ਜਾਵੇ। ਇਹ ਮੰਡੀ ਬੋਰਡ ਦੀ ਸੜਕ ਹੈ ਜੀ। ਦੂਸਰੀ ਰੋਡ ਜਿਹੜੀ ਖੰਨਾ ਰੋਡ ਤੋਂ ਖਾਨਪੁਰ ਸਰੌਂਦ ਬਾਲੇਵਾਲ ਹੈ, ਇਹ ਮਲੇਰਕੋਟਲਾ-ਲੁਧਿਆਣਾ ਰੋਡ ਨੂੰ ਜੋੜਦੀ ਹੈ, ਇਸ ਦੀ ਲੰਬਾਈ ਲਗਭਗ 10.5 ਕਿਲੋਮੀਟਰ ਹੈ, ਇਹ ਸੜਕ ਚੌੜੀ ਹੋਣ ਨਾਲ ਟਰੈਫਿਕ ਤੋਂ ਨਿਜਾਤ ਮਿਲੇਗਾ ਅਤੇ ਬਹੁਤ ਸਾਰੇ ਲੋਕਾਂ ਨੂੰ ਬਹੁਤ ਵੱਡਾ ਫਾਇਦਾ ਮਿਲੇਗਾ ਅਤੇ ਤੀਸਰੀ ਗੱਲ ਮੈਂ ਕਹਿ ਰਿਹਾ ਹਾਂ ਕਿ ਧੂਰੀ-ਮਲੇਰਕੋਟਲਾ ਤੋਂ ਚੱਲ ਕੇ ਸੰਗਾਲੀ, ਮਾਣਕ ਮਾਜਰਾ, ਉਪੋਕੇ, ਨਾਰੀਕੇ, ਬੁਲਾਪੁਰ, ਮੰਨਵੀ, ਭੁੜਥਲਾ ਮੰਡੇਰ ਇਹ ਜੌੜੇ ਪੁਲਾਂ ਨੂੰ ਜੋੜਦੀ ਹੈ।

**ਮਾਨਯੋਗ ਡਿਪਟੀ ਸਪੀਕਰ:** ਧੀਮਾਨ ਜੀ, ਹੁਣ ਤੁਸੀਂ ਕਨਕਲੂਡ ਕਰੋ।

**ਸਰਦਾਰ ਸੁਰਜੀਤ ਸਿੰਘ ਧੀਮਾਨ:** ਇਸ ਦੀ ਲੰਬਾਈ ਲਗਭਗ 21.5 ਕਿਲੋਮੀਟਰ ਹੈ। ਇਸ ਨੂੰ ਵੀ ਚੌੜਾ ਕੀਤਾ ਜਾਵੇ।

**ਮਾਨਯੋਗ ਡਿਪਟੀ ਸਪੀਕਰ:** ਕਨਕਲੂਡ ਕਰੋ ਜੀ।

**ਸਰਦਾਰ ਸੁਰਜੀਤ ਸਿੰਘ ਧੀਮਾਨ :** ਡਿਪਟੀ ਸਪੀਕਰ ਸਾਹਿਬ, ਦੋ ਕੁ ਮਿੰਟ ਦੀ ਗੱਲ ਰਹਿ ਗਈ ਹੈ ਜੀ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅਹਿਮਦਗੜ੍ਹ ਸ਼ਹਿਰ ਵਿੱਚ ਸੀਵਰੇਜ ਦਾ ਪ੍ਰਾਜੈਕਟ ਪੰਜ ਕਰੋੜ ਰੁਪਏ ਦਾ ਅਧੂਰਾ ਪਿਆ ਹੈ, ਮੈਂ ਬੇਨਤੀ ਕਰਦਾ ਹਾਂ ਕਿ 5 ਕਰੋੜ ਰੁਪਿਆ ਰਿਲੀਜ਼ ਕੀਤਾ ਜਾਵੇ ਤਾਂ ਜੋ ਉਥੇ ਕੰਮ ਚਾਲੂ ਹੋ ਸਕਣ। ਇਸ ਦੇ ਨਾਲ-ਨਾਲ 8 ਕਰੋੜ ਰੁਪਿਆ ਅਹਿਮਦਗੜ੍ਹ ਸ਼ਹਿਰ ਵਾਸਤੇ ਵੀ ਚਾਹੀਦਾ ਹੈ, ਉਸ ਲਈ ਮੈਂ ਮਨਿਸਟਰ ਸਾਹਿਬ ਤੋਂ ਮੰਗ ਕਰਦਾ ਹਾਂ। ਇਸ ਦੇ ਨਾਲ ਹੀ ਇੱਕ

[ਸਰਦਾਰ ਸੁਰਜੀਤ ਸਿੰਘ ਧੀਮਾਨ]

12 ਕਰੋੜ ਜਾਂ ਸਾਢੇ 12 ਕਰੋੜ ਰੁਪਏ ਦਾ ਸੀਵਰੇਜ ਦਾ ਪ੍ਰਾਜੈਕਟ ਅਮਰਗੜ੍ਹ ਵਾਸਤੇ ਦਿੱਤਾ ਹੈ, ਜੇਕਰ 12 ਕਰੋੜ ਰੁਪਿਆ ਰਿਲੀਜ਼ ਕੀਤਾ ਜਾਵੇ ਤਾਂ ਅਮਰਗੜ੍ਹ ਵਿੱਚ ਸੀਵਰੇਜ ਦਾ ਕੰਮ ਸ਼ੁਰੂ ਹੋ ਸਕਦਾ ਹੈ ਔਰ ਇਸੇ ਤਰ੍ਹਾਂ ਹੀ ਮੇਰੇ ਹਲਕੇ ਦੇ ਲਈ 60 ਕਿਲੋਮੀਟਰ ਨਵੀਆਂ ਸੜਕਾਂ ਦੀ ਲੋੜ ਹੈ। ਮੈਂ ਆਸ ਕਰਦਾ ਹਾਂ ਕਿ ਮੇਰੀਆਂ ਇਨ੍ਹਾਂ ਗੱਲਾਂ ਦੇ ਉਤੇ ਜ਼ਰੂਰ ਗੌਰ ਹੋਵੇ ਤਾਂ ਜੋ ਅਮਰਗੜ੍ਹ ਹਲਕੇ ਦਾ ਵਿਕਾਸ ਹੋ ਸਕੇ। ਡਿਪਟੀ ਸਪੀਕਰ ਸਾਹਿਬ, ਇੱਕ ਗੱਲ ਕਹਿ ਕੇ ਮੈਂ ਸਰਕਾਰ ਅਤੇ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ। ਅਹਿਮਦਗੜ੍ਹ ਸ਼ਹਿਰ ਦੇ ਲੋਕਾਂ ਦੀ ਬਹੁਤ ਚਿਰ ਦੀ ਭੱਖਦੀ ਮੰਗ ਸੀ, ਜੋ ਅੱਜ ਤੱਕ ਕਿਸੇ ਸਰਕਾਰ ਨੇ ਨਹੀਂ ਸੁਣੀ ਸੀ। ਉਥੇ ਇੱਕ ਰੇਲਵੇ ਓਵਰ ਬਰਿੱਜ ਬਣਨਾ ਸੀ, ਉਸ ਦਾ 32 ਕਰੋੜ ਰੁਪਏ ਦੀ ਲਾਗਤ ਨਾਲ ਟੈਂਡਰ ਹੋ ਚੁੱਕਾ ਹੈ, ਮੇਰਾ ਖਿਆਲ ਹੈ ਕਿ ਉਹ ਮਾਰਚ ਮਹੀਨੇ ਤੱਕ ਸ਼ੁਰੂ ਹੋ ਜਾਣਾ ਹੈ। ਇਸ ਲਈ ਮੈਂ ਸਰਕਾਰ ਦਾ ਬਹੁਤ ਬਹੁਤ ਧੰਨਵਾਦੀ ਹਾਂ । ਦੂਸਰਾ 7.5 ਕਰੋੜ ਰੁਪਏ ਦੀ ਲਾਗਤ ਨਾਲ ਬਿਜਲੀ ਬੋਰਡ ਦੁਆਰਾ ਮੈਂਟੇਨੈਂਸ ਦਾ ਕੰਮ ਹੋ ਰਿਹਾ ਹੈ, ਉਹ ਭਾਵੇਂ ਟਰਾਂਸਫਾਰਮਰਾਂ ਦਾ ਕੰਮ ਹੈ, ਭਾਵੇਂ ਨਵੇਂ ਖੰਬੇ ਲੱਗਣੇ ਹਨ, ਭਾਵੇਂ ਕੋਈ ਨਵੇਂ ਫੀਡਰ ਲੱਗਣੇ ਹਨ, ਉਨ੍ਹਾਂ ਦਾ ਕੰਮ ਹੋ ਰਿਹਾ ਹੈ, ਉਸ ਲਈ ਮੈਂ ਮੁੱਖ ਮੰਤਰੀ ਸਾਹਿਬ ਜੀ ਦਾ ਧੰਨਵਾਦ ਕਰਦਾ ਹਾਂ। ਡਿਪਟੀ ਸਪੀਕਰ ਸਾਹਿਬ, ਮੈਂ ਇੱਕ ਗੱਲ ਸਾਡੇ ਸਤਿਕਾਰਯੋਗ ਫਾਈਨਾਂਸ ਮਨਿਸਟਰ ਸਾਹਿਬ ਨੂੰ ਕਹਿਣੀ ਚਾਹੁੰਦਾ ਹਾਂ ਕਿ ਦੋ ਕਰੋੜ ਰੁਪਿਆ ਸੀਨੀਅਰ ਸੈਕੰਡਰੀ ਸਕੂਲ ਵਾਸਤੇ ਮਨਜ਼ੂਰ ਹੋਇਆ ਸੀ ਜਿਸ ਵਿਚੋਂ ਸਾਨੂੰ ਅੱਜ ਤੱਕ 80 ਲੱਖ ਰੁਪਿਆ ਮਿਲ ਚੁੱਕਿਆ ਹੈ, ਉਸ ਦਾ ਕੰਮ ਅਧੂਰਾ ਪਿਆ ਹੈ। ਉਸ ਲਈ ਇੱਕ ਕਰੋੜ 20 ਲੱਖ ਰੁਪਿਆ ਹੋਰ ਰਿਲੀਜ਼ ਕੀਤਾ ਜਾਵੇ ਤਾਂ ਜੋ ਸਕੂਲ ਦਾ ਕੰਮ ਚੱਲ ਸਕੇ।

ਮੈਂ ਮੁੱਖ ਮੰਤਰੀ ਸਾਹਿਬ ਜੀ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਅਹਿਮਦਗੜ੍ਹ ਦੀ ਨਵੀਂ ਅਨਾਜ ਮੰਡੀ ਲਈ 18 ਕਰੋੜ ਰੁਪਿਆ ਦੇ ਕੇ ਉਸ ਦੇ ਕੰਮਾਂ ਵਿਚ ਤੇਜ਼ੀ ਲਿਆਂਦੀ ਹੈ। ਮੈਂ ਇੱਕ ਗੱਲ ਹੋਰ ਕਹਿਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿੱਚ 4508 ਦੇ ਆਸਪਾਸ ਕਿਸਾਨਾਂ ਦਾ ਕਰਜ਼ਾ ਮੁਆਫ ਕੀਤਾ ਹੈ। ਧੰਨਵਾਦ

**ਮਾਨਯੋਗ ਡਿਪਟੀ ਸਪੀਕਰ:** ਧੰਨਵਾਦ ਜੀ। ਸਦਨ ਮੰਗਲਵਾਰ, ਮਿਤੀ 3 ਮਾਰਚ, 2020 ਦੇ 10.00 ਵਜੇ ਸਵੇਰ ਤੱਕ ਸਥੱਗਿਤ ਹੁੰਦਾ ਹੈ।ਧੰਨਵਾਦ

*6.30 ਵਜੇ ਸ਼ਾਮ ) (ਇਸ *ਸਮੇਂ ਸਦਨ ਮੰਗਲਵਾਰ, ਮਿਤੀ 3 ਮਾਰਚ, 2020 ਦੇ 10.00 ਵਜੇ ਸਵੇਰ ਤੱਕ ਸਥੱਗਿਤ ਹੋ ਗਿਆ। )

-----

© 2020

ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਅਤੇ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ਰਾਹੀਂ ਸਰਕਾਰੀ ਪ੍ਰੈਸ, ਐਸ.ਏ.ਐਸ. ਨਗਰ (ਮੋਹਾਲੀ) ਵਿਖੇ ਟਾਈਪਸੈਟ ਕਰਵਾ ਕੇ ਛਾਪੀ ਗਈ।

10293/7-2020/230 ਕਾਪੀਆਂ ਪੰਜਾਬ ਸਰਕਾਰ ਪ੍ਰੈਸ, ਐਸ.ਏ.ਐਸ ਨਗਰ